I N T E R N A T I O N A L

# ਪੰਜਾਬੀ ਟ੍ਰਿਬਿਊਨ

Funded by the Government of Canada | Financé par le gouvernement du Canada | Canada

BILINGUAL NEWSPAPER : ENGLISH AND PUNJABI

EXECUTIVE EDITOR : RACHHPAL SINGH GILL

Ph. : 604-616-2171 E-mail: iptribune@gmail.com www.punjabitribune.ca

Vol.31 / No.02

10 January, 2025

੨੭ ਪੋਹ ਨਾਨਕਸ਼ਾਹੀ ਸੰਮਤ ੫੫੬

## ਕੈਨੇਡਾ 'ਚ ਨਸਲਵਾਦ ਦੇ ਖ਼ਾਤਮੇ ਦੇ ਪ੍ਰਸੰਗ 'ਚ ਭਾਈ ਮੇਵਾ ਸਿੰਘ ਲੋਪੋਕੇ ਦੀ ਸ਼ਹਾਦਤ



ਸ਼ਹੀਦ
ਭਾਈ ਮੇਵਾ ਸਿੰਘ ਲੋਪੋਕੇ

ਇਹ ਇਤਿਹਾਸਕ ਸੱਚਾਈ ਹੈ ਕਿ ਕੈਨੇਡਾ ਦੀ ਧਰਤੀ 'ਤੇ ਕਿਸੇ ਸਮੇਂ ਚਿੱਟੇ ਨਸਲਵਾਦ ਦਾ ਖੁੱਲ੍ਹੇਆਮ ਬੋਲਬਾਲਾ ਸੀ, ਭਾਵੇਂ ਅੱਜ ਵੀ ਇਹ ਲੁਕਵੇਂ ਰੂਪ ਵਿੱਚ ਕਿਤੇ ਨਾ ਕਿਤੇ ਮੌਜੂਦ ਹੈ। ਮਹਾਨ ਯੋਧੇ ਭਾਈ ਮੇਵਾ ਸਿੰਘ ਲੋਪੋਕੇ ਨੇ ਕੈਨੇਡਾ ਨੂੰ 'ਚਿੱਟੀ ਚਮੜੀ ਵਾਲਿਆਂ ਦਾ ਦੇਸ਼' ਸਾਬਤ ਕਰਨ ਦੀ ਕੋਸ਼ਿਸ਼ 'ਚ ਲੱਗੇ ਵਿਲੀਅਮ ਚਾਰਲਸ ਹਾਪਕਿਨਸਨ ਨੂੰ ਸਬਕ ਸਿਖਾਇਆ ਸੀ। ਭਾਈ ਮੇਵਾ ਸਿੰਘ ਵਲੋਂ ਚੁੱਕੇ ਇਨਕਲਾਬੀ ਕਦਮ ਤੋਂ ਬਾਅਦ ਸਹੀ ਅਰਥਾਂ ਵਿੱਚ ਕੈਨੇਡਾ ਦੇ ਬਹੁ-ਸੱਭਿਆਚਾਰਕ ਢਾਂਚੇ ਦਾ ਪਹਿਲਾ ਅਧਿਆਇ ਲਿਖਿਆ ਗਿਆ ਸੀ। ਦੁੱਖ ਇਸ ਗੱਲ ਦਾ ਹੈ ਕਿ ਸ਼ਹੀਦ ਭਾਈ ਮੇਵਾ ਸਿੰਘ ਦੀ ਮਹਾਨ ਕੁਰਬਾਨੀ ਦਾ, ਭਾਰਤ ਦੀ ਆਜ਼ਾਦੀ ਦੇ ਸੰਘਰਸ਼ 'ਚ ਜ਼ਿਕਰ ਨਾਮਾਤਰ ਹੀ ਮਿਲਦਾ ਹੈ। ਕੈਨੇਡਾ ਦੀ ਮੋਢੀ ਜੁਝਾਰੂ ਸਿੱਖਾਂ 'ਚ ਗਿਣੇ ਜਾਂਦੇ ਭਾਈ ਮੇਵਾ ਸਿੰਘ ਕੈਨੇਡਾ 'ਚ ਫਾਂਸੀ ਦਾ ਰੱਸਾ ਚੁੰਮਣ ਵਾਲੇ ਪਹਿਲੇ ਸ਼ਹੀਦ ਸਨ। ਭਾਈ ਮੇਵਾ ਸਿੰਘ ਦਾ ਇਤਿਹਾਸ ਜਾਨਣਾ ਇਸ ਕਰਕੇ ਵੀ ਜ਼ਰੂਰੀ ਹੈ, ਕਿਉਂਕਿ ਇਹਨਾਂ ਦੀ ਕੁਰਬਾਨੀ ਹੀ ਅੱਗਿਓ ਅਨੇਕਾਂ ਗਦਰੀ ਯੋਧਿਆਂ ਤੇ ਆਜ਼ਾਦੀ ਘੁਲਾਟੀਆਂ ਲਈ ਪ੍ਰੇਰਨਾ ਦਾ ਕਾਰਨ ਬਣੀ।

ਸ਼ਹੀਦ ਭਾਈ ਮੇਵਾ ਸਿੰਘ ਦਾ ਜਨਮ ਪੰਜਾਬ ਦੇ ਅੰਮ੍ਰਿਤਸਰ ਜਿਲ੍ਹੇ 'ਚ ਪੈਂਦੇ ਪਿੰਡ ਲੋਪੋਕੇ, ਤਹਿਸੀਲ ਅਜਨਾਲਾ ਅਜਨਾਲਾ ਵਿਖੇ ਸੰਨ 1880 ਨੂੰ ਸ. ਨੰਦ ਸਿੰਘ ਔਲਖ ਦੇ ਘਰ ਹੋਇਆ। ਪਰਿਵਾਰ ਵਿੱਚ ਭਾਈ ਮੇਵਾ ਸਿੰਘ ਅਤੇ ਦੇਵਾ ਸਿੰਘ ਦੋ ਭਰਾ ਸਨ। ਸਿੱਖੀ ਪਿਛੋਕੜ ਨਾਲ ਸਬੰਧਤ ਪਰਿਵਾਰ ਵਾਲੇ ਮੇਵਾ ਸਿੰਘ ਨੇ 20ਵੀਂ ਸਦੀ ਦੇ ਸ਼ੁਰੂ 'ਚ ਹੋਰਨਾਂ ਪੰਜਾਬੀਆਂ ਵਾਂਗ ਸੁਨਹਿਰੀ ਭਵਿੱਖ ਸਿਰਜਣ ਲਈ ਕਨੇਡਾ ਆਉਣ ਦਾ ਫੈਸਲਾ ਕੀਤਾ। ਉਹਨਾਂ ਵੇਲਿਆਂ 'ਚ ਪਾਸਪੋਰਟ ਨਹੀਂ ਸਨ

◆ ਬਾਕੀ ਸਫ਼ਾ 8 'ਤੇ

## ਸਰੀ 'ਚ ਪੰਜਾਬੀ ਨੌਜਵਾਨ ਦੀ ਅਚਨਚੇਤ ਮੌਤ ਅਤੇ ਇੱਕ ਨੌਜਵਾਨ ਲਾਪਤਾ





ਸਰੀ : ਸਰੀ ਵਿੱਚ ਇੱਕ ਦਰਦਨਾਕ ਘਟਨਾ ਸਾਹਮਣੇ ਆਈ ਹੈ, ਜਿੱਥੇ ਅਰਵਿੰਦ ਸਿੰਘ ਸੰਧੂ ਦੀ ਅਚਨਚੇਤ ਮੌਤ ਹੋਣ ਦੀ ਰਿਪੋਰਟ ਮਿਲੀ ਹੈ। ਦੂਜੇ ਪਾਸੇ, ਰਿਚਮੰਡ ਤੋਂ ਸਤਵੀਰ ਸੀਹਰਾ ਦੋ ਦਿਨਾਂ ਤੋਂ ਲਾਪਤਾ ਹੈ। ਇਸੇ ਦੌਰਾਨ, ਐਬਸਫੋਰਡ ਦੇ ਇੱਕ ਪਾਰਕ ਵਿਚੋਂ ਇੱਕ ਸੜੀ ਹੋਈ ਐਸ.ਯੂ.ਵੀ. ਵਿੱਚੋਂ ਦੋ ਲਾਸ਼ਾਂ ਬਰਾਮਦ ਹੋਈਆਂ ਹਨ, ਜਿਸ ਨਾਲ ਸਥਾਨਕ ਲੋਕਾਂ ਵਿੱਚ ਚਿੰਤਾ ਵਧ ਗਈ ਹੈ। ਅਰਵਿੰਦ ਸਿੰਘ ਸੰਧੂ, ਜੋ ਸੋਨੂ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਸੀ, ਅਪ੍ਰੈਲ 2024 ਵਿੱਚ ਆਪਣੇ ਪਰਿਵਾਰ ਦੇ ਸੁਪਨੇ ਪੂਰੇ ਕਰਨ ਦੀ ਉਮੀਦ ਨਾਲ ਕੈਨੇਡਾ ਆਇਆ ਸੀ। ਉਹ ਟੋਰਾਂਟੋ ਦੇ ਐਗਲਿੰਟਨ-ਲੌਰੈਂਸ ਹਲਕੇ ਦੇ ਨਿਵਾਸੀ ਸੀ। ਬੇਹੱਦ ਛੋਟੀ ਉਮਰ ਵਿੱਚ, ਆਪਣੇ ਪਿਤਾ ਦੇ ਗੁਜਰ ਜਾਣ ਤੋਂ ਬਾਅਦ, ਪਰਿਵਾਰ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਦੀ

◆ ਬਾਕੀ ਸਫ਼ਾ 6 'ਤੇ

Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W

ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

idea immigration
SUPER VISAS
PNPs
EXPRESS ENTRY
ਕੈਨੇਡਾ ਪਹੁੰਚਣ ਦਾ ਸੁਨਹਿਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਬੁਲਾਓ।
- ਵਰਕ ਪਰਮਿਟ 'ਤੇ ਫੈਮਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928 128St. Surrey BC V3W 4E8

Sarup Singh Chandi
Ph: 604-572-5050
Residential, Commercial & Private Mortgage
BEST POSSIBLE RATE AVAILABLE
Sarup Singh Chandi
All types of life Insurance, Critical illness, Disability Insurance, Mortgage Protection
7092-125 St. Surrey

ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
AG Aanchal Ghai Notary Corporation
OUR SERVICES
- Notarizations
- Real Estate Conveyancing
- Wills & Powers of Attorney
Payal Business Centre
80 ਐਵਨਿਊ ਵਾਲੇ ਪਾਸੇ
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

A-CLASS FOREIGN EXCHANGE
ਸਿਰਫ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡਿਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ ਲੈਣ ਲਈ ਸੰਪਰਕ ਕਰੋ
ZIRA CURRENCY EXCHANGER LTD.
ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ਬਖ਼ਸ਼ੀਸ਼ ਸਿੰਘ ਜ਼ੀਰਾ, 604-562-7000, 604-314-0000 #397-8148-128 ST. (PAYAL BUSINESS CENTRE) SURREY

So Easy
A TO Z DRIVING SCHOOL
So Easy ਲਰਨਿੰਗ ਲਾਇਸੈਂਸ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਈਕਲ ਜਾਂ ਏਅਰ ਬ੍ਰੇਕ ਦਾ ਨੌਲਿਜ ਟੈਸਟ
Lucky Sekhon, 604-614-5365
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ਼ ਬੈਂਕਿਊਟ ਹਾਲ ਦੇ ਹੇਠਾਂ

ਪੰਜਾਬ ਸਵੀਟ ਹਾਊਸ
ਦੋਵੇਂ ਜਗ੍ਹਾਂ 'ਤੇ ਮਿਕਸ ਮਠਿਆਈ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ 'ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੈਟਰਿੰਗ ਲਈ ਖਾਸ ਇੰਤਜ਼ਾਮ ਤੇ ਸ਼ਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

ROHITA PANNU LAW CORPORATION
Barrister & Solicitor
- ਨੋਟਰੀ ਸੇਵਾਵਾਂ - ਵਸੀਅਤਨਾਮਾ - ਤਲਾਕ ਦੇ ਮਾਮਲੇ - ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ - ਹਲਫੀਆ ਬਿਆਨ - ਘਰਾਂ ਦੀ ਖਰੀਦੋ-ਫਰੋਖਤ
#102-9278, 120th Street Surrey, BC V3V 4E8
Ph.: 604-589-1399
Fax : 604-589-1556
www.rohitapannulaw.com

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

## 8115, 132 ਸਟਰੀਟ, ਸਰੀ, ਬੀ.ਸੀ. V3W 4N5



### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

#### ਸਵੇਰੇ

ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ

| | |
|---|---|
| ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 – 6.00 ਵਜੇ |
| ਆਸਾ ਕੀ ਵਾਰ | : 6.00 –7.45 ਵਜੇ |
| ਅਰਦਾਸ / ਹੁਕਮਨਾਮਾ | : 7.45 – 8.00 ਵਜੇ |
| ਕਥਾ / ਹੁਕਮਨਾਮਾ | : 8.00 – 8.30 ਵਜੇ |
| ਕੀਰਤਨ | : 8.30 – 9.40 ਵਜੇ |
| ਕਥਾ | : 9.40 – 10.30 ਵਜੇ |
| ਢਾਡੀ | : 10.30 – 11.30 |
| **ਸਮਾਪਤੀ** | : 8:00 ਵਜੇ |

#### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30–5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30–6:40 ਵਜੇ |
| ਕਥਾ | : 6:40–7:15 ਵਜੇ |
| ਢਾਡੀ | : 7:15 –8:00 ਵਜੇ |
| ਸਮਾਪਤੀ | : 8:00 ਵਜੇ |

#### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ ਤੱਕ
ਕੀਤਾ ਜਾਂਦਾ ਹੈ।

- ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦੀ ਦਿਹਾੜਾ ਭਾਈ ਕੇਹਰ ਸਿੰਘ ਅਤੇ ਭਾਈ ਸਤਵੰਤ ਸਿੰਘ, ਭਾਈ ਮੇਵਾ ਸਿੰਘ ਲੋਪੋਕੇ ਦਾ ਮਨਾਇਆ ਜਾਵੇਗਾ। ਇੱਕ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ। ਇਹ ਅਖੰਡਪਾਠ ਸਾਹਿਬ ਸਵ: ਬਿਲ ਪਰਮਾਰ ਦੀ ਸਲਾਨਾ ਯਾਦ ਵਿੱਚ ਹੋਵੇਗਾ। 9:30 ਵਜੇ 10 ਜਨਵਰੀ ਦਿਨ ਸ਼ੁੱਕਰਵਾਰ ਨੂੰ ਪਾਠ ਆਰੰਭ ਹੋਣਗੇ ਅਤੇ ਭੋਗ 12 ਜਨਵਰੀ ਦਿਨ ਐਤਵਾਰ ਨੂੰ 9:30 ਵਜੇ ਪਾਏ ਜਾਣਗੇ ਉਪਰੰਤ ਖੁੱਲ੍ਹੇ ਦੀਵਾਨ ਸਜਣਗੇ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
- ਸ਼ੁੱਕਰਵਾਰ 10 ਜਨਵਰੀ ਨੂੰ 9:00 ਵਜੇ ਅਖੰਡਪਾਠ ਸਾਹਿਬ ਦੇ ਭੋਗ ਭਾਈ ਵਰਿੰਦਰ ਸਿੰਘ ਪਰਿਵਾਰ ਵਲੋਂ ਪਾਏ ਜਾਣਗੇ ਉਪਰੰਤ ਕੀਰਤਨ ਅਤੇ ਲੰਗਰ ਦੀ ਸੇਵਾ ਹੋਵੇਗੀ।
- ਸ਼ਨਿੱਚਰਵਾਰ 11 ਜਨਵਰੀ 12:30 ਵਜੇ ਸਵ: ਬੀਬੀ ਮਨਜੀਤ ਕੌਰ ਲੇਹਲ ਦਾ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ ਉਪਰੰਤ ਭੋਗ 2:00 ਵਜੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
- ਸ਼ਾਮ ਨੂੰ ਤਿੰਨ ਪਰਿਵਾਰਾਂ ਵਲੋਂ ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ
  1. ਭਾਈ ਗੁਰਦਾਵਰ ਸਿੰਘ ਪਰਿਵਾਰ ਵਲੋਂ ਬੇਟਾ ਗੁਰਵਾਰਸ ਸਿੰਘ, ਬੇਟੀ ਗੁਰਸਾਂਝ ਕੌਰ ਦੇ ਜਨਮ ਦੀ ਖੁਸ਼ੀ ਵਿੱਚ
  2. ਭਾਈ ਸੁਖਮਿੰਦਰ ਸਿੰਘ ਪਰਿਵਾਰ ਵਲੋਂ
  3. ਭਾਈ ਅਰਸ਼ਦੀਪ ਸਿੰਘ ਪਰਿਵਾਰ ਵਲੋਂ
- ਐਤਵਾਰ ਜਨਵਰੀ 12 ਨੂੰ ਸਵ: ਬੀਬੀ ਕੁਲਵੰਤ ਕੌਰ ਧਾਲੀਵਾਲ ਦੀ ਸਲਾਨਾ ਯਾਦ ਵਿੱਚ 9:00 ਵਜੇ ਸਹਿਜਪਾਠ ਦੇ ਭੋਗ ਅਤੇ ਲੰਗਰਾਂ ਦੀ ਸੇਵਾ ਭਾਈ ਜਸਵੰਤ ਸਿੰਘ ਪਰਿਵਾਰ ਵਲੋਂ ਹੋਵੇਗੀ।
- 9:30 ਵਜੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਸਤਨਾਮ ਸਿੰਘ ਜੌਹਲ ਪਰਿਵਾਰ ਵਲੋਂ ਹੋਵੇਗੀ।
- ਅੰਤਮ ਸੰਸਕਾਰ 10:00 ਵਜੇ ਵੈਲੀ ਵਿਊ ਤੇ ਸਵ: ਬੀਬੀ ਪਰਮਜੀਤ ਕੌਰ ਹੀਰ ਦਾ ਹੋਵੇਗਾ। ਉਪਰੰਤ ਭੋਗ 12:00 ਵਜੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
- ਸ਼ਾਮ ਦੇ ਕੀਰਤਨ ਅਤੇ ਲੰਗਰ ਦੀ ਸੇਵਾ ਤਿੰਨ ਪਰਿਵਾਰਾ ਵਲੋਂ ਹੋਵੇਗੀ।
  1. ਭਾਈ ਜਗਰੂਪ ਸਿੰਘ ਸੇਖੋਂ ਪਰਿਵਾਰ ਵਲੋਂ ਆਪਣੇ ਬੇਟੇ ਅਤੇ ਬੇਟੀ ਦੇ 5ਵੇਂ ਜਨਮ ਦਿਨ ਦੀ ਖੁਸ਼ੀ ਵਿੱਚ
  2. ਭਾਈ ਕਰਮਜੀਤ ਸਿੰਘ ਵਿਰਕ ਪਰਿਵਾਰ ਵਲੋਂ ਕਾਕਾ ਵਡਭਾਗ ਦੇ ਜਨਮ ਦੀ ਖੁਸ਼ੀ ਵਿੱਚ
  3. ਭਾਈ ਗੁਰਮੇਜ ਸਿੰਘ ਪਰਿਵਾਰ ਵਲੋਂ ਆਪਣੀ ਪੋਤਰੀ ਰਹਿਮਤ ਕੌਰ ਦੇ ਜਨਮ ਦਿਨ ਦੀ ਖੁਸ਼ੀ ਵਿੱਚ
- ਸੋਮਵਾਰ 13 ਜਨਵਰੀ ਨੂੰ 2:30 ਵਜੇ ਸਵ: ਸਰਤਾਰਾ ਸਿੰਘ ਦਾ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ ਉਪਰੰਤ ਭੋਗ ਸ੍ਰੀ ਗੁਰੂ ਸਿੰਘ ਸਭਾ ਵਿਖੇ 3:30 ਵਜੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
- ਸ਼ਾਮ ਦੇ ਕੀਰਤਨ ਅਤੇ ਲੰਗਰ ਦੀ ਸੇਵਾ ਭਾਈ ਜਸਵਿੰਦਰ ਸਿੰਘ ਪਰਿਵਾਰ ਵਲੋਂ ਹੋਵੇਗੀ।

**ਰਾਗੀ ਜੱਥਾ :** ਰਾਗੀ ਜਥੇ ਭਾਈ ਅਸ਼ੋਕ ਸਿੰਘ ਦਿੱਲੀ ਵਾਲੇ
ਭਾਈ ਜਸਵੰਤ ਸਿੰਘ ਅੰਮ੍ਰਿਤਸਰ ਵਾਲੇ

**ਕਥਾਵਾਚਕ :** ਭਾਈ ਗੁਰਬਚਨ ਸਿੰਘ ਪੰਨਵਾਂ

**ਢਾਡੀ ਜਥਾ :** ਭਾਈ ਜਗਜੀਵਨ ਸਿੰਘ ਅਰਜਨਵਾਲ

**ਵਿਸ਼ੇਸ਼ ਨੋਟ : ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ ਲੱਗਦੀਆਂ ਹਨ।**

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604-590-3232, 604-590-3224**

# ਜਸਟਿਨ ਟਰੂਡੋ ਵੱਲੋਂ ਅਸਤੀਫੇ ਦਾ ਐਲਾਨ: ਲਿਬਰਲ ਪਾਰਟੀ ਦੇ ਮੁੱਖੀ ਲਈ ਨਵੇਂ ਚਿਹਰੇ ਦੀ ਭਾਲ ਸ਼ੁਰੂ

ਔਟਾਵਾ (ਏਕਜੋਤ ਸਿੰਘ): ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੋਮਵਾਰ ਨੂੰ ਅਸਤੀਫੇ ਦਾ ਐਲਾਨ ਕਰ ਦਿੱਤਾ ਹੈ। ਟਰੂਡੋ ਨੇ ਕਿਹਾ ਕਿ ਉਹ ਤਦ ਤੱਕ ਅਹੁਦੇ 'ਤੇ ਬਣੇ ਰਹਿਣਗੇ ਜਦੋਂ ਤੱਕ ਲਿਬਰਲ ਪਾਰਟੀ ਨਵਾਂ ਆਗੂ ਨਹੀਂ ਚੁਣ ਲੈਂਦੀ। ਇਸ ਐਲਾਨ ਨਾਲ ਟਰੂਡੋ ਦੇ ਇੱਕ ਦਹਾਕੇ ਤੋਂ ਵੱਧ ਦੇ ਸਿਆਸੀ ਦੌਰ ਦਾ ਅੰਤ ਹੋਵੇਗਾ, ਜਿਸ ਦੌਰਾਨ ਉਨ੍ਹਾਂ ਨੇ ਕੈਨੇਡਾ ਵਿੱਚ ਕਈ ਵੱਡੇ ਸੁਧਾਰ ਲਿਆਂਦੇ। ਟਰੂਡੋ ਨੇ 2013 ਵਿੱਚ ਲਿਬਰਲ ਪਾਰਟੀ ਦਾ ਆਗੂ ਬਣਨ ਤੋਂ ਬਾਅਦ 2015 ਵਿੱਚ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਿਆ ਸੀ।



ਜਸਟਿਨ ਟਰੂਡੋ ਦੇ ਅਸਤੀਫੇ ਦੇ ਐਲਾਨ ਤੋਂ ਬਾਅਦ, ਲਿਬਰਲ ਪਾਰਟੀ ਦੇ ਅੰਦਰ ਹੀ ਭਵਿੱਖ ਦੇ ਆਗੂ ਲਈ ਚਰਚਾਵਾਂ ਸ਼ੁਰੂ ਹੋ ਗਈਆਂ ਹਨ। ਅਜੇ ਤੱਕ ਕਿਸੇ ਨੇ ਅਧਿਕਾਰਤ ਤੌਰ ’ਤੇ ਆਪਣਾ ਨਾਂ ਪੇਸ਼ ਨਹੀਂ ਕੀਤਾ ਹੈ, ਪਰ ਕਈ ਸੀਨੀਅਰ ਆਗੂ ਪਾਰਟੀ ਦੀ ਲੀਡਰਸ਼ਿਪ ਸੰਭਾਲਣ ਲਈ ਤਿਆਰੀ ਕਰ ਰਹੇ ਹਨ। ਉਮੀਦਵਾਰਾਂ ਵਿੱਚ ਸਾਬਕਾ ਰੱਖਿਆ ਮੰਤਰੀ ਅਨੀਤਾ ਅਨੰਦ, ਸਾਬਕਾ ਗਵਰਨਰ ਮਾਰਕ ਕਾਰਨੀ, ਵਿੱਤ ਮੰਤਰੀ ਡੌਮਿਨਿਕ ਲੇਬਲਾਂ ਅਤੇ ਕ੍ਰਿਸਟੀਆ ਫ੍ਰੀਲੈਂਡ ਦਾ ਨਾਮ ਸ਼ਾਮਲ ਹੈ। ਕ੍ਰਿਸਟੀ ਕਲਾਰਕ, ਜੋ ਬ੍ਰਿਟਿਸ਼ ਕੋਲੰਬੀਆ ਦੀ ਮੁੱਖ ਮੰਤਰੀ ਰਹੀ ਹਨ, ਅਤੇ ਸਿਆਨ ਫੇਰਜ਼ਰ, ਜਿਨ੍ਹਾਂ ਹਾਲ ਹੀ ਵਿੱਚ ਟਰੂਡੋ ਵਿਰੁੱਧ ਬਗਾਵਤ ਕੀਤੀ ਸੀ, ਵੀ ਦਾਅਵੇਦਾਰਾਂ ਵਿੱਚ ਮਾਣੇ ਜਾ ਰਹੇ ਹਨ। ਟਰੂਡੋ ਦੇ ਅਸਤੀਫੇ ਦੇ ਐਲਾਨ ਨਾਲ ਵਿਰੋਧੀ ਪਾਰਟੀਆਂ ਨੇ ਆਪਣੀ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਤਿੰਨ ਵੱਡੀਆਂ ਵਿਰੋਧੀ ਪਾਰਟੀਆਂ ਨੇ ਕਿਹਾ ਹੈ ਕਿ ਜਲਦ ਹੀ ਸਰਕਾਰ ਵਿਰੁੱਧ ਬੇਭਰੋਸਗੀ ਮਤਾ ਪਾਸ ਕਰਕੇ ਚੋਣਾਂ ਦਾ ਰਾਹ ਖੋਲ੍ਹਿਆ ਜਾਵੇਗਾ। ਇਸ ਮਤੇ ਨਾਲ ਲਿਬਰਲ ਸਰਕਾਰ ਨੂੰ ਨਵੀਂ ਚੁਣਾਵੀ ਮੁਹਿੰਮ ਵਿਚ ਜਾਣ ਲਈ ਤਿਆਰ ਹੋਣਾ ਪਵੇਗਾ।

ਲਿਬਰਲ ਪਾਰਟੀ ਦੀ ਪ੍ਰਵਿੰਸ਼ੀਅਲ ਕਮੇਟੀ ਨੇ ਇਸ਼ਾਰਾ ਦਿੱਤਾ ਹੈ ਕਿ ਨਵਾਂ ਆਗੂ ਚੁਣਨ ਲਈ ਪ੍ਰਕਿਰਿਆ ਵਿੱਚ ਤੇਜ਼ੀ ਲਿਆਂਦੀ ਜਾਵੇਗੀ। ਕਿਉਬਿਕ ਤੋਂ ਲਿਬਰਲ ਐਮਪੀ ਸੋਫੀ ਚੇਟਲ ਨੇ ਕਿਹਾ ਕਿ ਪਾਰਟੀ ਦਾ ਨੈਸ਼ਨਲ ਬੋਰਡ ਹਫ਼ਤਿਆਂ ਦੀ ਬਜਾਏ ਦਿਨਾਂ ਵਿੱਚ ਉਮੀਦਵਾਰਾਂ ਦੀਆਂ ਅਰਜ਼ੀਆਂ ਮੰਗ ਸਕਦਾ ਹੈ। ਇਹ ਪ੍ਰਕਿਰਿਆ ਵਰਚੂਅਲ ਡਿਬੇਟਾਂ ਰਾਹੀਂ ਹੋਵੇਗੀ ਤਾਂ ਕਿ ਮੈਂਬਰ ਬੜੀ ਗਿਣਤੀ ਵਿੱਚ ਸ਼ਾਮਲ ਹੋ ਸਕਣ।

ਟਰੂਡੋ ਨੇ ਆਪਣੇ ਦੌਰ ਵਿੱਚ ਕਈ ਮਹੱਤਵਪੂਰਣ ਨੀਤੀਆਂ ਨੂੰ ਅਮਲ ਵਿੱਚ ਲਿਆ। ਉਨ੍ਹਾਂ ਨੇ ਜਲਵਾਯੂ ਸੰਬੰਧੀ ਕੋਸ਼ਿਸ਼ਾਂ, ਸਥਾਈ ਵਿਕਾਸ ਲਈ ਉਦਯੋਗਿਕ ਨੀਤੀਆਂ ਅਤੇ ਸਿੱਖਿਆ ਨੂੰ ਲੈਕੇ ਕਈ ਮਹੱਤਵਪੂਰਣ ਕਦਮ ਚੁੱਕੇ। ਹਾਲਾਂਕਿ ਉਨ੍ਹਾਂ ਦੀ ਕਾਰਗੁਜ਼ਾਰੀ ਨੂੰ ਵਿਰੋਧੀ ਪਾਰਟੀਆਂ ਵੱਲੋਂ ਕਈ ਵਾਰ ਸਖ਼ਤ ਆਲੋਚਨਾ ਦਾ ਸਾਹਮਣਾ ਕਰਨਾ ਪਿਆ।

ਅਗਲੇ ਚੋਣਾਂ ਲਈ ਲਿਬਰਲ ਪਾਰਟੀ ਨੂੰ ਨਵੀਂ ਰਣਨੀਤੀ ਬਣਾਉਣੀ ਪਵੇਗੀ। ਟਰੂਡੋ ਦੇ ਅਸਤੀਫੇ ਨਾਲ ਪਾਰਟੀ ਨੂੰ ਸਿਆਸੀ ਸਥਿਰਤਾ ਬਣਾਈ ਰੱਖਣ ਅਤੇ ਜਨਤਕ ਭਰੋਸਾ ਹਾਸਲ ਕਰਨ ਲਈ ਸਖ਼ਤ ਮੇਹਨਤ ਕਰਨੀ ਪਵੇਗੀ। ਜਸਟਿਨ ਟਰੂਡੋ ਦੇ ਸਿਆਸੀ ਦੌਰ ਦਾ ਅੰਤ ਕੈਨੇਡਾ ਦੀ ਰਾਜਨੀਤੀ ਵਿੱਚ ਇੱਕ ਨਵਾਂ ਪੰਨਾ ਖੋਲ੍ਹੇਗਾ। ਲਿਬਰਲ ਪਾਰਟੀ ਲਈ ਇਹ ਸਮਾਂ ਸੁਝਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਨਵੀਂ ਲੀਡਰਸ਼ਿਪ ਲਿਆਉਣ ਅਤੇ ਚੋਣਾਂ ਵਿੱਚ ਜਿੱਤ ਲਈ ਪ੍ਰਯਾਸ ਕਰਨ ਦਾ ਹੈ। This report was written by Ekjot Singh as part of the Local Journalism Initiative.

# ਪੰਜਾਬੀ ਅਧਿਕਾਰੀ ਬੀ.ਸੀ. ਪੁਲਿਸ ਚੀਫ਼ ਅਸੋਸੀਏਸ਼ਨ ਬੋਰਡ ‘ਚ ਮਿਲੇ ਅਹਿਮ ਅਹੁੱਦੇ

ਐਬਟਸਫੋਰਡ : ਬ੍ਰਿਟਿਸ਼ ਕੋਲੰਬੀਆ ਐਸੋਸੀਏਸ਼ਨ ਆਫ਼ ਚੀਫ਼ ਆਫ਼ ਪੁਲਿਸ ਦੀ ਚੋਣ ਵਿੱਚ ਚੀਫ਼ ਸੁਪਰਡੈਂਟ ਵੈਂਡੀ ਮੇਹਟ ਨੂੰ ਪ੍ਰਧਾਨ ਅਤੇ ਸੁਪਰਡੈਂਟ ਮਨਦੀਪ ਸਿੰਘ ਮੁੱਕਰ ਨੂੰ ਸਕੱਤਰ ਤੇ ਖਜ਼ਾਨਚੀ ਚੁਣਿਆ ਗਿਆ ਹੈ। ਚੀਫ਼ ਸੁਪਰਡੈਂਟ ਵੈਂਡੀ ਮੇਹਟ ਇਸ ਵੱਡੀ ਅਤੇ ਵੱਕਾਰੀ ਸੰਸਥਾ ਦੀ ਪ੍ਰਧਾਨ ਬਣਨ ਵਾਲੀ ਪਹਿਲੀ ਪੰਜਾਬਣ ਬਣੇ ਹਨ। ਵੈਂਡੀ ਨੇ 2000 ਵਿੱਚ ਰਾਇਲ ਕੈਨੇਡੀਅਨ ਮਾਉਂਟਿਡ ਪੁਲਿਸ (RCMP) ਵਿੱਚ ਆਪਣਾ ਸਫਰ ਬਤੌਰ ਪੈਟਰੋਲ ਕਾਂਸਟੇਬਲ ਸ਼ੁਰੂ ਕੀਤਾ ਸੀ। ਬੀਤੇ ਸਾਲਾਂ ਦੌਰਾਨ ਉਨ੍ਹਾਂ ਨੇ ਆਪਣੀ ਮਿਹਨਤ, ਸਮਰਪਣ ਅਤੇ ਕੁਸ਼ਲ ਪ੍ਰਬੰਧਨ ਦੇ ਜ਼ਰੀਏ ਦੋ ਵੱਖ-ਵੱਖ ਸ਼ਹਿਰਾਂ ਦੀ ਪੁਲਿਸ ਸੁਪਰਡੈਂਟ ਦੇ ਤੌਰ 'ਤੇ ਸੇਵਾਵਾਂ ਨਿਭਾਈਆਂ। ਇਸ ਵਿਰਲੇ ਸਨਮਾਨ ਨਾਲ ਉਨ੍ਹਾਂ ਨੇ ਪੰਜਾਬੀਆਂ ਲਈ ਮਾਣ ਵਾਲਾ ਮੌਕਾ ਪੈਦਾ ਕੀਤਾ ਹੈ। ਸੁਪਰਡੈਂਟ ਮਨਦੀਪ ਸਿੰਘ ਮੁੱਕਰ ਨੂੰ ਬੋਰਡ ’ਤੇ ਸਕੱਤਰ ਤੇ ਖ਼ਜ਼ਾਨਚੀ ਦੇ ਅਹੁਦੇ ਲਈ ਚੁਣਿਆ ਗਿਆ ਹੈ। ਇਸ ਸਮੀਤੀ ਵਿੱਚ ਉਨ੍ਹਾਂ ਦੀ ਚੋਣ ਉਹਨਾਂ ਦੀ ਪ੍ਰਬੰਧਕੀ ਯੋਗਤਾਵਾਂ ਅਤੇ ਪੁਲਿਸਿੰਗ ਖੇਤਰ ਵਿੱਚ ਉਨ੍ਹਾਂ ਦੇ ਮਹੱਤਵਪੂਰਣ ਯੋਗਦਾਨ ਦਾ ਸਿੱਧਾ ਪ੍ਰਮਾਣ ਹੈ। ਮਨਦੀਪ ਸਿੰਘ ਇਸ ਵੇਲੇ ਇੰਟਾਗਰੇਟਿਡ ਹੋਮੋਸਾਈਡ ਇਨਵੈਸਟੀਗੇਸ਼ਨ ਟੀਮ (IHIT) ਦੇ ਇੰਚਾਰਜ ਹਨ, ਜਿੱਥੇ ਉਹ ਕਈ ਮੁਹਤਵਪੂਰਣ ਜਾਂਚਾਂ ਦਾ ਨੇਤ੍ਰਿਤਵ ਕਰ ਰਹੇ ਹਨ। ਬ੍ਰਿਟਿਸ਼ ਕੋਲੰਬੀਆ ਐਸੋਸੀਏਸ਼ਨ ਆਫ਼ ਚੀਫ਼ਸ ਆਫ਼ ਪੁਲਿਸ ਵਿੱਚ ਰਾਇਲ ਕੈਨੇਡੀਅਨ ਮਾਉਂਟਿਡ ਪੁਲਿਸ ਅਤੇ ਸੂਬੇ ਦੀਆਂ 13 ਮਿਊਨਿਸਪਲ ਪੁਲਿਸ ਏਜੰਸੀਆਂ ਦੇ 9,250 ਮੈਂਬਰ ਹਨ। ਇਹ ਅਸੋਸੀਏਸ਼ਨ ਸੂਬੇ ਦੇ ਕਾਨੂੰਨ-ਵਿਵਸਥਾ ਪ੍ਰਬੰਧਨ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਵੈਂਡੀ ਮੇਹਟ ਅਤੇ ਮਨਦੀਪ ਸਿੰਘ ਮੁੱਕਰ ਦੀ ਚੋਣ ਨ ਸਿਰਫ਼ ਪੰਜਾਬੀ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ, ਸਗੋਂ ਇਹ ਸਾਬਤ ਕਰਦੀ ਹੈ ਕਿ ਕੈਨੇਡਾ ਵਿੱਚ ਪੰਜਾਬੀਆਂ ਨੇ ਹਰ ਖੇਤਰ ਵਿੱਚ ਆਪਣੀ ਪਛਾਣ ਬਣਾਈ ਹੈ। ਇਹ ਪ੍ਰਾਪਤੀਆਂ ਨੌਜਵਾਨਾਂ ਨੂੰ ਆਪਣੀ ਲੀਡਰਸ਼ਿਪ ਯੋਗਤਾ ਸਿੱਧ ਕਰਨ ਲਈ ਪ੍ਰੇਰਿਤ ਕਰਨਗੀਆਂ।



ਵੈਂਡੀ ਮੇਹਟ



ਮਨਦੀਪ ਸਿੰਘ ਮੁੱਕਰ

SABLOK & SABLOK
Notaries Public
ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼
ਨੋਟਰੀ ਪਬਲਿਕ ਦੀਆਂ ਸੇਵਾਵਾਂ
- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ
ਇਮੀਗਰੇਸ਼ਨ ਦੀਆਂ ਸੇਵਾਵਾਂ
- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼

AKASH SABLOK & TARLOK SABLOK
ਸਬਲੋਕ ਐਂਡ ਸਬਲੋਕ 604-325-9200
FAX – 604-325-3666
6108 Fraser st. (at 45th Ave.) Vancouver BC V5 Ww 3A1

ਬਾਧ ਅਕਾਊਂਟਿੰਗ ਸਰਵਿਸਿਜ਼
ਟੈਕਸ ਦੇ ਪੇਪਰ ਭਰਨਾ
ਅਕਾਊਂਟਿੰਗ / ਪੇਰੋਲ
ਬਿਜ਼ਨਸ ਇਨਕਮ ਟੈਕਸ
ਬੁੱਕ ਕੀਪਿੰਗ
ਟੀ-ਫੋਰ ਜਾਂ ਵਰਕ ਕੰਪਨਸੇਸ਼ਨ ਫਾਰਮ

ਜਸਬੀਰ-ਸਿੰਘ-ਬਾਧ
ਸਾਡਾ ਅਕਾਊਂਟਿੰਗ ਵਿੱਚ ਲੰਬਾ ਤਜ਼ਰਬਾ ਹੈ
TAX FORM FILL UP | ACCOUNTING / PAYROOL | PERSONAL INCOME TAX
BUSINESS INCOME TAX | T4/ WORKERS COMPENSATION FORM
UNIT # 1393-20800 Westminter Hwy Richmond , BC V6V 2W3
Ph.: 604-325-8370 | Fax. : 604-231-9600

ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?
ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ
ਚਿਲਾਵੈਕ ਵਿਚ ਪੰਜਾਬੀ ਡੈਂਟਿਸਟ
We Can Help With
» Teeth Cleaning
» Tooth Coloured Fillings
» Root Canal Treatment
» Crowns and Bridges
» Wisdom teeth Extractions
» Sedation Dentistry
» Clear Aligners
» Implants
» Dentures & many more...

Now Accepting The New Canadian Dental Care Plan From Govt.
Consult Dr. Sra for a health SMILE
Value $500
COMPLIMENTARY NIGHT GUARD
with new patient hygiene
Complete New Patient Exam with Xrays (4BW, 3PA and Panorex) and complete hygiene.
We accept new Patients, & Emergencies
ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ
maple smiles dentistry
Family & Community Dentistry
604-391-1010 | maplesmiles.ca
8364 Young Road, Unit 101, Chilliwack

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਨਵੇ ਸਾਲ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਧਰਮਿਕ ਦੀਵਾਨ ਸਜਾਏ














ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਨਵੇ ਸਾਲ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਮੁਖ ਰਖਦਿਆਂ ਦੀਵਾਨ ਸਜਾਏ ਗਏ,ਜਿਸ ਵਿਚ ਜੱਥਿਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ, ਕਥਾ, ਅਤੇ ਢਾਡੀ ਵਾਰਾਂ ਇਤਿਹਾਸ ਦੁਆਰਾ ਨਿਹਾਲ ਕੀਤਾ।ਇਸ ਮੌਕੇ ਬੇਅੰਤ ਸਗਤਾਂ ਨੇ ਹਾਜਰੀਆਂ ਭਰੀਆਂ ਅਤੇ ਗੁਰੂ ਪਾਤਸ਼ਾਹ ਅੱਗੇ ਜਗਤ ਜਲੰਦੇ ਦੇ ਭਲੇ ਵਾਸਤੇ ਅਰਦਾਸ ਬੇਨਤੀ ਕੀਤੀ।

# ਟਰੰਪ ਦੀਆਂ ਟੈਰਿਫ਼ ਧਮਕੀਆਂ ਦੇ ਜਵਾਬ ਵਿਚ ਕੈਨੇਡਾ ਨੇ ਵੀ ਰਣਨੀਤੀ ਉਲੀਕੀ

ਸਰੀ, (ਏਕਜੋਤ ਸਿੰਘ): ਅਮਰੀਕਾ ਦੇ ਚੁਣੇ ਹੋਏ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਕੈਨੇਡਾ ਅਤੇ ਮੈਕਸੀਕੋ 'ਤੇ 25 ਪ੍ਰਤੀਸ਼ਤ ਟੈਰਿਫ਼ ਲਗਾਉਣ ਦੀ ਧਮਕੀ ਦੇਣ ਤੋਂ ਬਾਅਦ ਕੈਨੇਡੀਅਨ ਸਰਕਾਰ ਨੇ ਇਸ ਦਾ ਜਵਾਬ ਦੇਣ ਲਈ ਆਪਣੀ ਰਣਨੀਤੀ ਤਿਆਰ ਕਰਨੀ ਸ਼ੁਰੂ ਕਰ ਦਿੱਤੀ ਹੈ।

ਸੀਨੀਅਰ ਸਰਕਾਰੀ ਸੂਤਰਾਂ ਅਨੁਸਾਰ, ਕੈਨੇਡਾ ਵਿੱਚ ਇੱਕ ਅੰਦਰੂਨੀ ਦਸਤਾਵੇਜ਼ ਤਿਆਰ ਕੀਤਾ ਗਿਆ ਹੈ ਜਿਸ ਵਿਚ ਅਮਰੀਕਾ ਵਿਚ ਬਣੇ ਸੈਂਕੜੇ ਉਤਪਾਦਾਂ ਦੀ ਸੂਚੀ ਦਰਜ ਹੈ। ਇਹ ਸੂਚੀ ਉਹਨਾਂ ਉਤਪਾਦਾਂ ਦੀ ਹੈ ਜਿਨ੍ਹਾਂ 'ਤੇ ਕੈਨੇਡਾ ਵੀ ਟੈਰਿਫ਼ ਲਗਾਉਣ 'ਤੇ ਵਿਚਾਰ ਕਰ ਰਿਹਾ ਹੈ। ਇਸ ਸੂਚੀ ਵਿੱਚ ਸਟੀਲ ਉਤਪਾਦ, ਸੈਰਾਮਿਕ ਜਿਵੇਂ ਟੌਇਲੇਟ ਅਤੇ ਸਿੰਕ, ਕੱਚ ਦੇ ਸਮਾਨ, ਫੁੱਲ ਅਤੇ ਕੁਝ ਤਰ੍ਹਾਂ ਦੇ ਪਲਾਸਟਿਕ ਸ਼ਾਮਲ ਹਨ।

ਇਹ ਸੂਚੀ ਫਲੋਰਿਡਾ ਤੋਂ ਆਉਣ ਵਾਲੇ ਸੰਤਰੇ ਦੇ ਜੂਸ ਵਰਗੇ ਉਤਪਾਦਾਂ ਨੂੰ ਵੀ ਸ਼ਾਮਲ ਕਰਦੀ ਹੈ। ਹਾਲਾਂਕਿ, ਸੰਤਰੇ ਦੇ ਜੂਸ 'ਤੇ ਟੈਰਿਫ਼ ਲਗਾਉਣ ਬਾਰੇ ਅਜੇ ਪੱਕਾ ਫ਼ੈਸਲਾ ਨਹੀਂ ਹੋਇਆ। ਸੂਤਰਾਂ ਦਾ ਕਹਿਣਾ ਹੈ ਕਿ ਕੈਨੇਡਾ ਐਦਕੀਂ ਉਹਨਾਂ ਉਤਪਾਦਾਂ 'ਤੇ ਟੈਰਿਫ਼ ਲਗਾਉਣ ਦੀ ਕੋਸ਼ਿਸ਼ ਕਰੇਗਾ ਜੋ ਅਮਰੀਕਾ ਦੇ ਸਵਿੰਗ ਸੂਬਿਆਂ ਜਾਂ ਟਰੰਪ ਦੇ ਸਿਆਸੀ ਸਮਰਥਕਾਂ 'ਤੇ ਸਿੱਧਾ ਪ੍ਰਭਾਵ ਪਾਉਣਗੇ।



ਸੂਤਰਾਂ ਅਨੁਸਾਰ, ਜਿਨ੍ਹਾਂ ਸਟੀਲ ਉਤਪਾਦਾਂ 'ਤੇ ਟੈਰਿਫ਼ ਵਿਚਾਰੇ ਜਾ ਰਹੇ ਹਨ, ਉਹ ਜ਼ਿਆਦਾਤਰ ਮਿਸ਼ਿਗਨ ਅਤੇ ਪੈਨਸਿਲਵੇਨੀਆ ਵਿੱਚ ਬਣਦੇ ਹਨ। ਇਹ ਸੂਬੇ ਅਮਰੀਕਾ ਦੀਆਂ ਚੋਣਾਂ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਨ੍ਹਾਂ ਸੂਬਿਆਂ 'ਤੇ ਟੈਰਿਫ਼ ਲਗਾ ਕੇ ਕੈਨੇਡਾ ਟਰੰਪ ਅਤੇ ਉਸ ਦੀ ਸਰਕਾਰ 'ਤੇ ਸਿਆਸੀ ਦਬਾਅ ਬਣਾਉਣ ਦੀ ਕੋਸ਼ਿਸ਼ ਕਰੇਗਾ।

ਨਵੰਬਰ 2024 ਵਿੱਚ, ਟਰੰਪ ਨੇ ਇਹ ਧਮਕੀ ਦਿੱਤੀ ਸੀ ਕਿ ਉਹ ਆਪਣੀ ਸਰਕਾਰ ਦੇ ਪਹਿਲੇ ਦਿਨ ਕੈਨੇਡਾ ਅਤੇ ਮੈਕਸੀਕੋ ਤੋਂ ਹੋਣ ਵਾਲੀਆਂ ਸਾਰੀਆਂ ਦਰਾਮਦਾਂ 'ਤੇ 25 ਪ੍ਰਤੀਸ਼ਤ ਟੈਰਿਫ਼ ਲਗਾ ਦੇਣਗੇ। ਇਸ ਨਾਲ ਸਹਿਮਤੀ ਨਾ ਹੋਣ ਦੀ ਸਥਿਤੀ ਵਿੱਚ ਕੈਨੇਡਾ 'ਤੇ ਆਰਥਿਕ ਦਬਾਅ ਪਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਟਰੰਪ ਆਪਣੀ ਧਮਕੀ ਨੂੰ ਹਕੀਕਤ ਵਿੱਚ ਬਦਲ ਸਕਦੇ ਹਨ। ਇਸ ਸਥਿਤੀ ਨੂੰ ਦੇਖਦਿਆਂ, ਕੈਨੇਡਾ ਆਪਣੀ ਰਣਨੀਤੀ ਨੂੰ ਸੁਚੱਜਾ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਸੂਤਰਾਂ ਮੁਤਾਬਕ, ਕੈਨੇਡਾ ਦੀ ਕਮੇਟੀ ਇਹ ਸੂਚੀ ਟਰੰਪ ਦੇ 20 ਜਨਵਰੀ ਨੂੰ ਸੱਤਾ ਵਿੱਚ ਆਉਣ ਤੋਂ ਪਹਿਲਾਂ ਜਨਤਕ ਨਹੀਂ ਕਰਨਾ ਚਾਹੁੰਦੀ, ਕਿਉਂਕਿ ਇਸ ਨਾਲ ਟਰੰਪ ਭੜਕ ਸਕਦੇ ਹਨ।

2018 ਵਿੱਚ ਵੀ ਟਰੰਪ ਨੇ ਕੈਨੇਡਾ ਦੇ ਸਟੀਲ ਅਤੇ ਐਲੂਮੀਨਮ ਉਤਪਾਦਾਂ 'ਤੇ ਟੈਰਿਫ਼ ਲਗਾਏ ਸਨ। ਇਸ ਦੇ ਜਵਾਬ ਵਿੱਚ, ਕੈਨੇਡਾ ਨੇ ਉਹਨਾਂ ਉਤਪਾਦਾਂ 'ਤੇ ਟੈਰਿਫ਼ ਲਗਾਇਆ ਸੀ ਜਿਨ੍ਹਾਂ ਨਾਲ ਅਮਰੀਕਾ ਵਿੱਚ ਟਰੰਪ ਦੇ ਸਿਆਸੀ ਸਮਰਥਕਾਂ ਨੂੰ ਸਿੱਧਾ ਪ੍ਰਭਾਵ ਹੋ ਸਕੇ। ਇਹ ਪਹਿਲ ਕਰਕੇ, ਕੈਨੇਡਾ ਟਰੰਪ ਦੇ ਸੰਭਾਵੀ ਟੈਰਿਫ਼ਾਂ ਦਾ ਸਧਾਰਣ ਜਾਂ ਸਿਆਸੀ ਜਵਾਬ ਦੇਣ ਲਈ ਤਿਆਰੀ ਕਰ ਰਿਹਾ ਹੈ।

ਟਰੰਪ ਦੀਆਂ ਟੈਰਿਫ਼ ਧਮਕੀਆਂ ਨਾਲ ਕੈਨੇਡਾ-ਅਮਰੀਕਾ ਦੇ ਸਬੰਧਾਂ ਵਿਚ ਤਣਾਅ ਪੈਦਾ ਹੋਇਆ ਹੈ। ਹਾਲਾਂਕਿ, ਕੈਨੇਡਾ ਆਪਣੀ ਸਥਿਤੀ ਨੂੰ ਸਥਿਰ ਰੱਖਣ ਲਈ ਰਣਨੀਤੀਆਂ 'ਤੇ ਕੰਮ ਕਰ ਰਿਹਾ ਹੈ। ਇਹ ਵੇਖਣਾ ਦਿਲਚਸਪ ਹੋਵੇਗਾ ਕਿ 20 ਜਨਵਰੀ ਤੋਂ ਬਾਅਦ ਇਹ ਮੁਕਾਬਲਾ ਕਿਵੇਂ ਅਗੇ ਵਧੇਗਾ। This report was written by Ekjot Singh as part of the Local Journalism Initiative.

# ਟਰੰਪ ਵਲੋਂ ਲਗਾਏ ਜਾ ਰਹੇ ਟੈਕਸਾਂ ਦੇ ਖਤਰੇ ਨੂੰ ਲੈ ਕੇ ਇੱਕ ਠੋਸ ਯੋਜਨਾ ਦੀ ਲੋੜ : ਡੱਗ ਫੋਰਡ

ਸਰੀ, (ਏਕਜੋਤ ਸਿੰਘ): ਕੈਨੇਡਾ ਵਿੱਚ ਸਿਆਸੀ ਹਲਚਲ ਬਰਕਰਾਰ ਹੈ। ਟਰੂਡੋ ਦੇ ਅਸਤੀਫ਼ੇ ਦੇ ਐਲਾਨ ਨੇ ਕੈਨੇਡੀਅਨ ਸੂਬੇ ਦੇ ਪ੍ਰੀਮੀਅਰਾਂ ਨੂੰ ਪ੍ਰਧਾਨ ਮੰਤਰੀ ਦੇ ਨਾਲ ਸੰਭਾਵਤ ਟਰੰਪ ਟੈਰਿਫ਼ ਖਤਰੇ 'ਤੇ ਮੀਟਿੰਗ ਲਈ ਮਜ਼ਬੂਰ ਕੀਤਾ ਹੈ।

ਉਨਟਾਰੀਓ ਦੇ ਪ੍ਰੀਮੀਅਰ ਡਗ ਫੋਰਡ ਨੇ ਕਿਹਾ ਕਿ ਫੈਡਰਲ ਸਰਕਾਰ ਨੂੰ ਟਰੰਪ ਵੱਲੋਂ ਆ ਰਹੇ ਟੈਕਸਾਂ ਦੇ ਖਤਰੇ ਨੂੰ ਲੈ ਕੇ ਇੱਕ ਠੋਸ ਯੋਜਨਾ ਤਿਆਰ ਕਰਨੀ ਚਾਹੀਦੀ ਹੈ।

ਡਗ ਫੋਰਡ ਨੇ ਇਸ ਤੋਂ ਪਹਿਲਾਂ ਕਿਹਾ ਸੀ ਕਿ ਕੈਨੇਡਾ ਨੂੰ ਅਮਰੀਕਾ ਨੂੰ ਵੇਚੀ ਜਾ ਰਹੀ ਬਿਜਲੀ ਨੂੰ ਬੰਦ ਕਰ ਦੇਣਾ ਚਾਹੀਦਾ ਹੈ ਅਤੇ ਅਮਰੀਕਾ ਦੀ ਸ਼ਰਾਬ 'ਤੇ ਪਾਬੰਦੀ ਲਾਉਣੀ ਚਾਹੀਦੀ ਹੈ। ਹਾਲਾਂਕਿ, ਕੈਨੇਡਾ ਦੇ ਕਈ ਸੂਬੇ ਉਨ੍ਹਾਂ ਦੇ ਇਸ ਬਿਆਨ ਨਾਲ ਸਹਿਮਤ ਨਹੀਂ ਹਨ। ਫੋਰਡ ਨੇ ਅਸਤੀਫ਼ਾ ਦੇ ਬਾਵਜੂਦ ਟਰੂਡੋ ਤੋਂ ਉਮੀਦ ਜਤਾਈ ਹੈ ਕਿ ਉਹ ਆਪਣੇ ਪ੍ਰਧਾਨ ਮੰਤਰੀ ਅਹੁਦੇ ਦੇ ਬਾਕੀ ਦੇ ਸਮੇਂ ਵਿੱਚ ਸੂਬਾਈ ਪ੍ਰੀਮੀਅਰਾਂ ਦੇ ਨਾਲ ਮੀਟਿੰਗ ਕਰਕੇ ਇਸ ਸਮੱਸਿਆ ਦਾ ਹੱਲ ਲੱਭਣ ਦੀ ਕੋਸ਼ਿਸ਼ ਕਰਨਗੇ।




ਇਸੇ ਦੌਰਾਨ, ਅਮਰੀਕਾ ਵਿੱਚ ਵੀ ਵੱਡੇ ਸਿਆਸੀ ਬਦਲਾਵਾਂ ਦੇਖਣ ਨੂੰ ਮਿਲੇ। ਇਲੈਕਟੋਰਲ ਵੋਟਾਂ ਦੀ ਗਿਣਤੀ ਦੇ ਮਗਰੋਂ ਡੌਨਲਡ ਟਰੰਪ ਦੀ ਜਿੱਤ ਦੀ ਪੁਸ਼ਟੀ ਹੋ ਗਈ ਹੈ। ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਟਰੰਪ ਨੂੰ ਅਧਿਕਾਰਤ ਤੌਰ 'ਤੇ ਜੇਤੂ ਘੋਸ਼ਿਤ ਕਰ ਦਿੱਤਾ ਹੈ।

HOMELAND MORTGAGE CORP.
ਜੇ ਮੌਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ।
- ਪਹਿਲੀ ਵਾਰ ਘਰ ਖਰੀਦਣ ਵਾਲੇ
- ਰੈਜੀਡੈਂਸ਼ੀਅਲ ਮੌਰਟਗੇਜ
- ਕੰਸਟਰਕਸ਼ਨ ਮੌਰਟਗੇਜ
- ਪ੍ਰਾਈਵੇਟ ਮੌਰਟਗੇਜ
- ਸੈਕੰਡ ਅਤੇ ਥਰਡ ਮੌਰਟਗੇਜ



Kuldip Panesar
Mortgage Consultant
Cell :604-308-6839
PROFESSIONAL AND EXPERIENCED
Ph.: 604-593-6622, Fax : 604-593-6615
#201-7928 128St. (York Business Centre) Surrey BC V3W 4E8
Website : www.homelandmortgage.ca
E-mail : homelandmortgage@hotmail.com

YOUR NEIGHBOURHOOD LAYER
RISHI LAW CORPORATION



Criminal Law
» Assault Charges
» Drug Charges
» Theft/Fraud
» Uttering Threats
» Driving Offences
Divorces Probate
All kind of Notary Services
Real Estate
» Purchase/ Sale of Property
» Mortgage / Line of Credit
Immigration Law
» Immigration Appeals
» Refugee Claims
» Spousal Sponsorship
» Parents Sponsorship
» Super Visa / Visitor Visa
NARINDER RISHI
Barrister, Solicitor & Notary Public
Services offered in Punjabi, Hindi & English
Vancouver
6625, Fraser Street
604-322-5515
Email : nkrishi@yahoo.com
Two Locations to serve you
Surrey
604-505-6454
(By appointments only)



NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।
ਮੁਫ਼ਤ ਸਲਾਹ
"Over 20 years experience as Denturist"
- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।



BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

# ਕੈਂਸਰ ਦਾ ਇਲਾਜ਼ ਕਰਵਾਉਣ ਵਾਸਤੇ ਮਦਦ ਦੀ ਅਪੀਲ (ਜਿਲ੍ਹਾ ਤਰਨਤਾਰਨ)

ਪੰਜਾਬ ਦੇ ਜਿਲ੍ਹਾ ਤਰਨਤਾਰਨ ਦੇ ਰਹਿਣ ਵਾਲੇ ਦਵਿੰਦਰ ਸਿੰਘ ਦੀ ਕੈਂਸਰ ਕਾਰਨ ਹਾਲਤ ਗੰਭੀਰ ਬਣੀ ਹੋਣ ਕਾਰਨ ਇਲਾਜ਼ ਕਰਵਾਉਣ ਤੋਂ ਅਸਮਰਥ ਉਨ੍ਹਾਂ ਦੇ ਪੁੱਤਰ ਵਲੋਂ ਦੇਸ਼-ਵਿਦੇਸ਼ਾਂ ਦੇ ਦਾਨੀ-ਸੱਜਣਾ ਤੋਂ ਮੱਦਦ ਦੀ ਅਪੀਲ ਕੀਤੀ ਹੈ। ਸਤਨਾਮ ਸਿੰਘ ਪੁੱਤਰ ਦਵਿੰਦਰ ਸਿੰਘ ਵਾਸੀ ਪਿੰਡ ਖਾਲੜਾ (ਤਰਨਤਾਰਨ) ਨੇ ਦੱਸਿਆ ਕਿ ਉਸਦੇ ਪਿਤਾ ਦਵਿੰਦਰ ਸਿੰਘ ਦੀ ਉਮਰ 65 ਸਾਲ ਹੈ, ਜਿੰਨ੍ਹਾਂ ਨੂੰ ਲੀਵਰ ਕੈਂਸਰ ਅਤੇ ਸਿਰਹੋਸਿਸ ਦੀ ਗੰਭੀਰ ਬਿਮਾਰੀ ਹੈ ਅਤੇ ਉਨ੍ਹਾਂ ਦੇ ਇਲਾਜ ਲਈ ਬਹੁਤ ਸਾਰੀ ਆਰਥਿਕ ਮੱਦਦ ਦੀ ਲੋੜ ਹੈ। ਉਸਦੇ ਪਿਤਾ ਦਾ ਇਲਾਜ਼ ਇਸ ਵੇਲੇ ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ, ਅੰਮ੍ਰਿਤਸਰ ਵਿਖੇ ਚੱਲ ਰਿਹਾ ਹੈ। ਕੈਂਸਰ ਦੀ ਗੰਭੀਰ ਬਿਮਾਰੀ ਪੇਟ ਵਿਚ ਫੈਲ ਚੁੱਕੀ ਹੈ। ਰੋਜਾਨਾ ਇਲਾਜ਼ ਦਾ ਖਰਚ 15 ਤੋਂ 20 ਹਜਾਰ ਰੁਪਏ ਆ ਰਿਹਾ ਹੈ। ਉਸਨੇ ਦਾਨੀ-ਸੱਜਣਾ ਨੂੰ ਬੇਨਤੀ ਕੀਤੀ ਕਿ ਉਸਦੇ ਪਿਤਾ ਦੇ ਇਲਾਜ਼ ਵਾਸਤੇ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ। ਇਸ ਸਬੰਧੀ ਦਾਨੀ-ਸੱਜਣ ਆਪਣੀ ਪੂਰੀ ਤਸੱਲੀ ਅਤੇ ਜਾਂਚ ਕਰਵਾ ਕੇ ਦਾਨ ਕਰਨ। ਸੰਪਰਕ ਨੰਬਰ- 81950-78402, ਪਰਿਵਾਰਕ ਮੈਂਬਰ ਦਾ ਖਾਤਾ ਨੰਬਰ- 41351273575, ਆਈ.ਐਫ.ਐਸ.ਸੀ. ਕੋਡ- SBIN0004940 (ਸਤਨਾਮ ਸਿੰਘ ਪੁੱਤਰ ਦਵਿੰਦਰ ਸਿੰਘ)

# ਐਡਮੰਟਨ ਹਲਕੇ ਤੋਂ ਚੋਣ ਲੜਨਗੇ ਐਨ.ਡੀ.ਪੀ. ਲੀਡਰ ਨਾਹੀਦ ਨੈਨਸ਼ੀ

ਕੈਲਗਰੀ (ਏਕਜੋਤ ਸਿੰਘ): ਅਲਬਰਟਾ ਐਨਡੀਪੀ ਦੇ ਲੀਡਰ ਨਾਹੀਦ ਨੈਨਸ਼ੀ ਨੇ ਐਲਾਨ ਕੀਤਾ ਹੈ ਕਿ ਉਹ ਐਡਮੰਟਨ-ਸਟ੍ਰੈਥਕੋਨਾ ਹਲਕੇ ਤੋਂ ਜ਼ਿਮਨੀ ਚੋਣ ਲਈ ਆਪਣਾ ਨਾਮ ਪੇਸ਼ ਕਰਨਗੇ। ਇਹ ਹਲਕਾ ਸਾਬਕਾ ਐਨਡੀਪੀ ਲੀਡਰ ਅਤੇ ਪ੍ਰੀਮੀਅਰ ਰੇਚਲ ਨੌਟਲੀ ਦੇ ਅਸਤੀਫ਼ੇ ਤੋਂ ਬਾਅਦ ਖਾਲੀ ਹੋ ਗਿਆ ਸੀ। ਨੌਟਲੀ ਨੇ 30 ਦਸੰਬਰ ਤੋਂ ਪ੍ਰਭਾਵੀ ਤੌਰ 'ਤੇ ਆਪਣੀ ਸੀਟ ਛੱਡਣ ਦਾ ਫੈਸਲਾ ਕੀਤਾ ਸੀ।



ਨਾਹੀਦ ਨੈਨਸ਼ੀ ਕੈਲਗਰੀ ਦੇ ਪੁਰਾਣੇ ਮੇਅਰ ਰਹੇ ਹਨ, ਜਿੱਥੇ ਉਹ ਇੱਕ ਦਹਾਕੇ ਤੋਂ ਵੱਧ ਸਮੇਂ ਤੱਕ ਸੇਵਾ ਕਰਦੇ ਰਹੇ। ਉਨ੍ਹਾਂ ਨੇ ਕਿਹਾ ਕਿ ਉਹਨਾਂ ਨੂੰ ਕੈਲਗਰੀ ਵਿੱਚ ਸੇਵਾ ਕਰਨ 'ਤੇ ਮਾਣ ਹੈ, ਪਰ ਹੁਣ ਉਹ ਕੈਲਗਰੀ ਅਤੇ ਐਡਮੰਟਨ ਦੇ ਵਿਚਕਾਰ ਆਪਣਾ ਸਮਾਂ ਵੰਡ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਉਹ ਐਡਮੰਟਨ ਬਾਰੇ ਹੋਰ ਸਿੱਖ ਰਹੇ ਹਨ ਅਤੇ ਇੱਥੇ ਦੀਆਂ ਸਮੱਸਿਆਵਾਂ ਤੇ ਮਸਲਿਆਂ ਨੂੰ ਸਮਝਣ ਲਈ ਵਚਨਬੱਧ ਹਨ।

ਪ੍ਰੀਮੀਅਰ ਡੇਨੀਅਲ ਸਮਿਥ ਅਤੇ ਉਨ੍ਹਾਂ ਦੀ ਯੂਨਾਈਟਿਡ ਕੰਜ਼ਰਵੇਟਿਵ ਪਾਰਟੀ ਦੇ ਕੈਬਨਿਟ ਮੰਤਰੀਆਂ ਨੇ ਨੈਨਸ਼ੀ ਦੀ ਆਲੋਚਨਾ ਕੀਤੀ ਸੀ ਕਿਉਂਕਿ ਉਨ੍ਹਾਂ ਨੇ ਐਨਡੀਪੀ ਦੇ ਲੀਡਰ ਬਣਨ ਤੋਂ ਬਾਅਦ ਲਜਿਸਲੇਚਰ ਵਿੱਚ ਤੁਰੰਤ ਸੀਟ ਨਹੀਂ ਮੰਗੀ। ਇਸ ਮਾਮਲੇ 'ਤੇ ਵਿਰੋਧੀ ਧਿਰ ਵੱਲੋਂ ਵੀ ਪ੍ਰਸ਼ਨ ਉਠਾਏ ਗਏ ਹਨ।

# ਵੈਨਕੂਵਰ ਦਾ ਸਭ ਤੋਂ ਮਹਿੰਗਾ ਘਰ ਕੀਮਤ 82 ਮਿਲੀਅਨ ਡਾਲਰ



ਵੈਨਕੂਵਰ, ਬ੍ਰਿਟਿਸ਼ ਕੋਲੰਬੀਆ ਪ੍ਰਾਪਰਟੀ ਅਸੈਸਮੈਂਟ 2025 ਅਨੁਸਾਰ, ਕੈਨੇਡਾ ਦੇ ਸ਼ਹਿਰ ਵੈਨਕੂਵਰ ਦੇ ਕਿਟਸਲਿਆਨੋ ਇਲਾਕੇ ਵਿੱਚ ਸਥਿਤ 7 ਬੈੱਡਰੂਮ ਵਾਲਾ ਘਰ ਸੂਬੇ ਦਾ ਸਭ ਤੋਂ ਮਹਿੰਗਾ ਘਰ ਘੋਸ਼ਿਤ ਕੀਤਾ ਗਿਆ ਹੈ। ਇਸ ਦੀ ਕੀਮਤ 82 ਮਿਲੀਅਨ 6 ਲੱਖ 64 ਹਜ਼ਾਰ ਡਾਲਰ ਹੈ, ਜੋ ਭਾਰਤੀ ਮੁਦਰਾ ਵਿੱਚ ਤਕਰੀਬਨ 4 ਅਰਬ 90 ਕਰੋੜ ਰੁਪਏ ਬਨਦੀ ਹੈ। ਇਹ ਮਹਿੰਗਾ ਘਰ ਵੈਨਕੂਵਰ ਦੇ ਇੰਗਲਿਸ਼ ਬੇਅ ਦੇ ਕਿਨਾਰੇ 'ਤੇ ਸਥਿਤ ਹੈ ਅਤੇ 2008 ਵਿੱਚ ਬਣਾਇਆ ਗਿਆ ਸੀ। ਦੋ ਮੰਜ਼ਿਲਾਂ ਵਾਲੇ ਇਸ ਘਰ ਵਿੱਚ 7 ਬੈੱਡਰੂਮ, 9 ਬਾਥਰੂਮ ਅਤੇ ਇਕ ਆਧੁਨਿਕ ਸਵਿਮਿੰਗ ਪੂਲ ਸ਼ਾਮਲ ਹੈ। ਇਸ ਘਰ ਦੀ ਇਮਾਰਤ 15 ਹਜ਼ਾਰ ਵਰਗ ਫੁੱਟ ਵਿੱਚ ਫੈਲੀ ਹੋਈ ਹੈ, ਜਦਕਿ ਵਿਹੜੇ ਸਮੇਤ ਕੁੱਲ ਥਾਂ 30,600 ਵਰਗ ਫੁੱਟ ਹੈ, ਜੋ ਇਕ ਏਕੜ ਤੋਂ ਵੀ ਘੱਟ ਹੈ। ਵੈਨਕੂਵਰ ਦੇ ਮਹਿੰਗੇ ਘਰਾਂ ਦੀ ਸੂਚੀ ਵਿੱਚ 43 ਹੋਰ ਘਰ ਵੀ ਸ਼ਾਮਲ ਹਨ, ਜਿਨ੍ਹਾਂ ਦੀ ਕੀਮਤ 25 ਮਿਲੀਅਨ ਤੋਂ 71 ਮਿਲੀਅਨ ਡਾਲਰ ਦੇ ਦਰਮਿਆਨ ਹੈ। ਇਹ ਮਲਟੀ-ਮਿਲੀਅਨ ਡਾਲਰ ਦੇ ਘਰ ਵੈਨਕੂਵਰ ਦੇ ਆਕਰਸ਼ਕ ਜਾਇਦਾਦੀ ਬਾਜ਼ਾਰ ਦਾ ਦਰਸਾਉਂਦੇ ਹਨ, ਜਿਸ ਵਿੱਚ ਇਲਾਕੇ ਦੀ ਦੁਰਲੱਭਤਾ ਅਤੇ ਸੁੰਦਰਤਾ ਮਹੱਤਵਪੂਰਨ ਕਿਰਦਾਰ ਨਿਭਾਉਂਦੇ ਹਨ। ਇਹ ਮਹਿੰਗੀ ਜਾਇਦਾਦ ਸਿਰਫ਼ ਰਿਹਾਇਸ਼ ਲਈ ਨਹੀਂ, ਸਗੋਂ ਜਾਇਦਾਦ ਵਿੱਚ ਨਿਵੇਸ਼ ਦੇ ਮੌਕੇ ਵਜੋਂ ਵੀ ਮੋਹੀ ਰਹੀ ਹੈ।

ਸਫ਼ਾ 1 ਦਾ ਬਾਕੀ

ਜ਼ਿੰਮੇਵਾਰੀ ਉਸਦੇ ਮੋਢਿਆਂ 'ਤੇ ਆ ਗਈ ਸੀ। ਸਰੀ ਦੀ ਰਹਿਣ ਵਾਲੀ ਅੰਮ੍ਰਿਤਪਾਲ ਕੌਰ ਨੇ ਗੋਫੰਡਮੀ ਪੇਜ ਸਥਾਪਤ ਕੀਤਾ ਹੈ, ਜਿੱਥੇ ਅਰਵਿੰਦ ਸਿੰਘ ਦੀ ਦੇਹ ਨੂੰ ਪੰਜਾਬ ਭੇਜਣ ਲਈ ਆਰਥਿਕ ਮਦਦ ਦੀ ਮੰਗ ਕੀਤੀ ਗਈ ਹੈ। ਅੰਮ੍ਰਿਤਪਾਲ ਨੇ ਕਿਹਾ ਕਿ ਅਰਵਿੰਦ ਸਿੰਘ ਦੀ ਮੌਤ ਉਸਦੇ ਪਰਿਵਾਰ ਲਈ ਇਕ ਭਾਰੀ ਸੰਘਰਸ਼ ਹੈ। ਰਿਚਮੰਡ ਦੇ 25 ਸਾਲਾ ਸਤਵੀਰ ਸੀਹਰਾ ਦੀ ਭਾਲ ਕਰ ਰਹੀ ਆਰ.ਸੀ.ਐਮ.ਪੀ. ਨੇ ਉਸਦਾ ਹੁਲੀਆ ਜਾਰੀ ਕੀਤਾ ਹੈ। ਸਤਵੀਰ ਦਾ ਕੱਦ 5 ਫੁੱਟ 9 ਇੰਚ, ਸਰੀਰ ਦਰਮਿਆਨਾ ਹੈ, ਅਤੇ ਉਸ ਨੂੰ ਆਖਰੀ ਵਾਰ ਰਿਚਮੰਡ ਵਿਚ ਦਿਖਿਆ ਗਿਆ ਸੀ। ਆਰ.ਸੀ.ਐਮ.ਪੀ. ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਜੇ ਕਿਸੇ ਨੂੰ ਵੀ ਸਤਵੀਰ ਦੇ ਬਾਰੇ ਜਾਣਕਾਰੀ ਮਿਲੇ, ਤਾਂ ਉਹ ਤੁਰੰਤ ਪੁਲਿਸ ਨਾਲ ਸੰਪਰਕ ਕਰਨ।



# ਸਾਲ 2024 ਵਿੱਚ ਸਭ ਤੋਂ ਸਮੇਂ-ਸਿਰ ਪਹੁੰਚਣ ਵਾਲੀਆਂ ਏਅਰਲਾਈਨਾਂ ਐਰੋਮੈਕਸੀਕੋ ਨੇ ਮਾਰੀ ਬਾਜ਼ੀ, ਕੈਨੇਡਾ ਪਛੜਿਆ

ਸਰੀ (ਏਕਜੋਤ ਸਿੰਘ): ਵੀਰਵਾਰ ਨੂੰ ਜਾਰੀ ਕੀਤੀ ਗਈ ਸਾਲਾਨਾ ਰੈਂਕਿੰਗ ਦੇ ਮੁਤਾਬਕ, ਮੈਕਸੀਕੋ ਦੀ ਐਰੋਮੈਕਸੀਕੋ ਏਅਰਲਾਈਨ ਦੁਨੀਆ ਭਰ ਵਿੱਚ ਸਭ ਤੋਂ ਵੱਧ ਸਮੇਂ-ਸਿਰ ਪਹੁੰਚਣ ਵਾਲੀ ਏਅਰਲਾਈਨ ਬਣੀ। ਅੰਤਰਰਾਸ਼ਟਰੀ ਹਵਾਈ ਆਵਾਜਾਈ ਵਿਸ਼ਲੇਸ਼ਕ ਸਿਰੀਅਮ ਵੱਲੋਂ ਜਾਰੀ ਕੀਤੀ ਰਿਪੋਰਟ ਦੇ ਅਨੁਸਾਰ, ਐਰੋਮੈਕਸੀਕੋ ਦੀਆਂ 87% ਉਡਾਣਾਂ ਆਪਣੇ ਪਹੁੰਚਣ ਦੇ ਨਿਰਧਾਰਿਤ ਸਮੇਂ ਦੇ 15 ਮਿੰਟਾਂ ਦੇ ਅੰਦਰ ਅੰਦਰ ਪਹੁੰਚੀਆਂ।

ਇਸ ਰੈਂਕਿੰਗ ਵਿੱਚ ਸਾਊਦੀ ਅਰਬ ਦੀ ਸਾਊਦੀਆ ਏਅਰਲਾਈਨ 86% ਸਮੇਂ-ਸਿਰ ਪਹੁੰਚਣ ਨਾਲ ਦੂਜੇ ਸਥਾਨ ਤੇ ਰਹੀ। ਅਟਲਾਂਟਾ ਅਧਾਰਿਤ ਡੈਲਟਾ ਏਅਰਲਾਈਨ, ਜੋ ਅਮਰੀਕੀ ਏਅਰਲਾਈਨਾਂ ਵਿੱਚ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲੀ ਰਹੀ, 83% ਔਨ-ਟਾਈਮ ਰੇਟਿੰਗ ਨਾਲ ਤੀਜੇ ਸਥਾਨ ਤੇ ਆਈ।

ਅਮਰੀਕੀ ਏਅਰਲਾਈਨਾਂ ਵਿੱਚ ਯੂਨਾਈਟੇਡ ਏਅਰਲਾਈਨ ਨੇ 81% ਔਨ-ਟਾਈਮ ਰੇਟਿੰਗ ਪ੍ਰਾਪਤ ਕੀਤੀ, ਜਦਕਿ ਅਲਾਸਕਾ ਏਅਰਲਾਈਨ ਕੁਝ ਹੱਦ ਤੱਕ 79% ਤੋਂ ਥੋੜ੍ਹਾ ਵੱਧ ਪ੍ਰਦਰਸ਼ਨ ਕਰ ਸਕੀ। ਦੂਜੇ ਪਾਸੇ, ਵੈਸਟਜੈੱਟ, ਏਅਰ ਕੈਨੇਡਾ ਅਤੇ ਫ਼ਰੰਟੀਅਰ ਜਿਹੀਆਂ ਕੈਨੇਡਾ-ਅਧਾਰਤ ਅਤੇ ਸਸਤੀ ਏਅਰਲਾਈਨਾਂ ਦੀ ਰੇਟਿੰਗ 72% ਤੋਂ ਵੀ ਹੇਠਾਂ ਰਹੀ।

ਸਿਰੀਅਮ ਦੇ ਅੰਕੜਿਆਂ ਅਨੁਸਾਰ, ਜਪਾਨ ਏਅਰਲਾਈਨਜ਼, ਸਪੇਨ ਦੀ ਆਇਬੇਰੀਆ ਐਕਸਪ੍ਰੈਸ, ਪਲਾਮਾ ਦੀ ਕੋਪਾ ਏਅਰਲਾਈਨਜ਼ ਅਤੇ ਦੱਖਣੀ ਅਫਰੀਕਾ ਦੀ ਫਲਾਈਸੈਫੇਅਰ ਖੇਤਰੀ ਜੇਤੂ ਏਅਰਲਾਈਨਾਂ ਦੇ ਰੂਪ ਵਿੱਚ ਸਾਹਮਣੇ ਆਈਆਂ।

ਸਾਲ 2024 ਵਿੱਚ ਸਮੇਂ-ਸਿਰ ਰਵਾਨਗੀ ਲਈ ਸਾਊਦੀ ਅਰਬ ਦੇ ਰਿਆਦ ਸਥਿਤ ਕਿੰਗ ਖਾਲਿਦ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਸਭ ਤੋਂ ਉੱਚਾ ਸਥਾਨ ਮਿਲਿਆ, ਜਿੱਥੇ 87% ਉਡਾਣਾਂ ਨੇ ਆਪਣੇ ਨਿਰਧਾਰਿਤ ਸਮੇਂ ਦੇ 15 ਮਿੰਟਾਂ ਦੇ ਅੰਦਰ ਉਡਾਣ ਭਰੀ। ਇਸਦੇ ਬਾਅਦ ਪੇਰੂ ਦੇ ਲੀਮਾ ਜੋਰਜ ਸ਼ਾਵੇਜ਼ ਅੰਤਰਰਾਸ਼ਟਰੀ ਹਵਾਈ ਅੱਡੇ ਅਤੇ ਮੈਕਸੀਕੋ ਸਿਟੀ ਦੇ ਬੇਨੀਟੋ ਜੁਆਰੇਜ਼ ਅੰਤਰਰਾਸ਼ਟਰੀ ਹਵਾਈ ਅੱਡੇ ਦੀ ਔਨ-ਟਾਈਮ ਰੇਟਿੰਗ 84% ਤੋਂ ਉੱਪਰ ਰਹੀ।

ਜੁਲਾਈ 2024 ਵਿੱਚ, ਡੈਲਟਾ ਏਅਰਲਾਈਨ ਨੂੰ ਵੱਡੇ ਵਿਘਨ ਦਾ ਸਾਹਮਣਾ ਕਰਨਾ ਪਿਆ ਸੀ ਜਦੋਂ ਕ੍ਰਾਊਡਸਟ੍ਰਾਈਕ ਦੁਆਰਾ ਨੁਕਸਾਨ ਦੇ ਹੇਠ ਇਕ ਅਪਗ੍ਰੇਡ ਕਰਕੇ ਮਾਈਕ੍ਰੋਸਾਫਟ ਦੇ ਕਪਿਊਟਰ ਠੱਪ ਹੋ ਗਏ ਸਨ। ਇਸ ਕਾਰਨ ਡੈਲਟਾ ਨੂੰ ਹਜ਼ਾਰਾਂ ਉਡਾਣਾਂ ਰੱਦ ਕਰਨੀ ਪਈਆਂ, ਜਿਸ ਕਰਕੇ 500 ਮਿਲੀਅਨ ਡਾਲਰ ਦਾ ਨੁਕਸਾਨ ਹੋਇਆ। ਡੈਲਟਾ ਨੇ ਇਸ ਨੁਕਸਾਨ ਲਈ ਕ੍ਰਾਊਡਸਟ੍ਰਾਈਕ ਖਿਲਾਫ ਮੁਕੱਦਮਾ ਕੀਤਾ, ਹਾਲਾਂਕਿ ਕ੍ਰਾਊਡਸਟ੍ਰਾਈਕ ਨੇ ਕਿਹਾ ਕਿ ਹੋਰ ਏਅਰਲਾਈਨਾਂ ਜਲਦੀ ਹੀ ਇਨ੍ਹਾਂ ਵਿਘਨਾਂ ਤੋਂ ਬਾਹਰ ਨਿਕਲ ਗਈਆਂ ਸਨ।

ਸਾਲ 2024 ਹਵਾਈ ਯਾਤਰਾ ਲਈ ਮੁਸ਼ਕਿਲਾਂ ਭਰਿਆ ਸਾਲ ਰਿਹਾ। ਮੌਸਮ ਸਬੰਧੀ ਸਮੱਸਿਆਵਾਂ ਅਤੇ ਤਕਨੀਕੀ ਖ਼ਰਾਬੀਆਂ ਦੇ ਬਾਵਜੂਦ, ਐਰੋਮੈਕਸੀਕੋ ਨੇ ਸਮੇਂ-ਸਿਰ ਪਹੁੰਚਣ ਵਾਲੀਆਂ ਉਡਾਣਾਂ ਦੀ ਰੈਂਕਿੰਗ ਵਿੱਚ ਅਗਵਾਈ ਕੀਤੀ। ਸਿਰੀਅਮ ਦੇ ਸੀਈਓ ਜੈਰੇਮੀ ਬ੍ਰਾਊਨ ਦੇ ਮੁਤਾਬਕ, ਇਹ ਜਿੱਤ ਹਵਾਈ ਯਾਤਰਾ ਵਿੱਚ ਯਾਤਰੀਆਂ ਦੇ ਸਮੇਂ ਦੀ ਮਹੱਤਤਾ ਨੂੰ ਦਰਸਾਉਂਦੀ ਹੈ। This report was written by Ekjot Singh as part of the Local Journalism Initiative.

# ਲਿਬਰਲ ਐਮਪੀ ਮਾਰਕੋ ਮੈਂਡੀਚੀਨੋ ਨੇ ਚੋਣ ਨਾ ਲੜਨ ਦਾ ਐਲਾਨ ਕੀਤਾ



**ਸਰੀ, (ਏਕਜੋਤ ਸਿੰਘ):** ਸਾਬਕਾ ਕੈਬਨਿਟ ਮੰਤਰੀ ਅਤੇ ਲਿਬਰਲ ਪਾਰਟੀ ਦੇ ਆਗੂ ਮਾਰਕੋ ਮੈਂਡੀਚੀਨੋ ਨੇ ਐਲਾਨ ਕੀਤਾ ਹੈ ਕਿ ਉਹ ਅਗਲੀ ਫੈਡਰਲ ਚੋਣਾਂ ਲਈ ਮੈਦਾਨ ਵਿਚ ਨਹੀਂ ਹੋਣਗੇ। ਇਹ ਜਾਣਕਾਰੀ ਉਨ੍ਹਾਂ ਨੇ ਵੀਰਵਾਰ ਨੂੰ ਸੋਸ਼ਲ ਮੀਡੀਆ 'ਤੇ ਪੋਸਟ ਕੀਤੇ ਇਕ ਪੱਤਰ ਰਾਹੀਂ ਸਾਂਝੀ ਕੀਤੀ। ਮਾਰਕੋ ਨੇ ਕਿਹਾ ਕਿ ਇਹ "ਮੇਰੇ ਅਤੇ ਮੇਰੇ ਪਰਿਵਾਰ ਲਈ ਪਾਸੇ ਹੋਣ ਦਾ ਸਹੀ ਸਮਾਂ ਹੈ।"

ਮੈਂਡੀਚੀਨੋ ਟੋਰਾਂਟੋ ਦੇ ਐਗਲਿੰਟਨ-ਲੌਰੈਂਸ ਹਲਕੇ ਦੀ ਨੁਮਾਇੰਦਗੀ ਕਰਦੇ ਰਹੇ ਹਨ। ਉਹ ਪਾਰਲੀਮਾਨੀ ਮਿਆਦ ਦੇ ਬਾਕੀ ਹਿੱਸੇ ਲਈ ਆਪਣਾ ਅਹੁਦਾ ਕਾਇਮ ਰੱਖਣਗੇ ਪਰ ਇਸਦੇ ਨਾਲ ਹੀ ਉਨ੍ਹਾਂ ਨੇ ਮੱਧ ਪੂਰਬ ਨਾਲ ਲਿਬਰਲ ਸਰਕਾਰ ਦੀ ਨੀਤੀ 'ਤੇ ਆਪਣੀ ਨਾਰਾਜ਼ਗੀ ਨੂੰ ਦੋਹਰਾਇਆ।

ਉਨ੍ਹਾਂ ਨੇ ਕਿਹਾ, "ਇਹ ਕੋਈ ਗੁਪਤ ਗੱਲ ਨਹੀਂ ਹੈ ਕਿ ਮੈਂ ਫੈਡਰਲ ਸਰਕਾਰ ਦੀ ਵਿਦੇਸ਼ ਨੀਤੀ, ਖ਼ਾਸ ਕਰਕੇ ਮੱਧ ਪੂਰਬ ਪ੍ਰਤੀ ਦਿਸ਼ਾ ਨੂੰ ਲੈ ਕੇ ਅਸਹਿਮਤ ਹਾਂ। ਇਸ ਵਿੱਚ ਇਜ਼ਰਾਈਲ ਨਾਲ ਵਧ ਰਹੇ ਤਣਾਅ, ਗਾਜ਼ਾ ਵਿੱਚ ਮਨੁੱਖੀ ਸੰਕਟ ਨਾਲ ਨਜਿੱਠਣ ਵਿੱਚ ਕਮਜ਼ੋਰੀ, ਅਤੇ ਮੱਧ ਪੂਰਬ ਵਿੱਚ ਕੈਨੇਡਾ ਦੀ ਅਸਰਹੀਣ ਭੂਮਿਕਾ ਸ਼ਾਮਲ ਹਨ।"

ਮੈਂਡੀਚੀਨੋ ਨੇ ਇਸ ਗੱਲ ਨੂੰ ਵੀ ਉਜਾਗਰ ਕੀਤਾ ਕਿ ਉਹ ਯਹੂਦੀ ਭਾਈਚਾਰੇ ਖਿਲਾਫ ਵਧ ਰਹੇ ਵਿਰੋਧ ਦਾ ਮੁਕਾਬਲਾ ਕਰਨ ਅਤੇ ਇਹ ਸੁਨਿਸ਼ਚਿਤ ਕਰਨ ਦੇ ਪੱਖਧਰ ਹਨ ਕਿ ਕੈਨੇਡਾ ਇਨਸਾਫ ਦੀ ਪੱਖ ਕਰੇ। ਉਹ ਯਹੂਦੀ ਵਿਰੋਧੀ ਭਾਵਨਾਵਾਂ ਦਾ ਖੰਡਨ ਕਰਦੇ ਹੋਏ ਲਗਾਤਾਰ ਬੋਲਦੇ ਰਹੇ ਹਨ।

ਜਨਵਰੀ ਵਿੱਚ, ਮਾਰਕੋ ਮੈਂਡੀਚੀਨੋ ਅਤੇ ਲਿਬਰਲ ਐਮਪੀ ਐਂਥਨੀ ਹਾਉਸਫਾਦਰ ਨੇ ਇਕ ਲੇਖ ਰਾਹੀਂ ਕੈਨੇਡਾ ਦੀ ਵਿਦੇਸ਼ ਨੀਤੀ ਦੀ ਆਲੋਚਨਾ ਕੀਤੀ ਸੀ। ਉਨ੍ਹਾਂ ਨੇ ਕਿਹਾ ਸੀ ਕਿ ਕੈਨੇਡਾ ਨੂੰ ਇਜ਼ਰਾਈਲ ਖਿਲਾਫ ਅੰਤਰਰਾਸ਼ਟਰੀ ਅਦਾਲਤ ਵਿੱਚ ਲਗੇ ਦਾਅਵੇ ਦਾ ਖ਼ਿਲਾਫ਼ ਖੁਲ੍ਹ ਕੇ ਸਟੈਂਡ ਲੈਣਾ ਚਾਹੀਦਾ ਸੀ। ਉਨ੍ਹਾਂ ਨੇ ਲਿਖਿਆ ਸੀ, "ਕੈਨੇਡਾ ਨੂੰ ਜਨਸੰਹਾਰ ਦੇ ਦਾਅਵੇ ਨੂੰ ਸਪੱਸ਼ਟ ਰੂਪ ਵਿੱਚ ਰੱਦ ਕਰਨਾ ਚਾਹੀਦਾ ਹੈ।"

ਮੈਂਡੀਚੀਨੋ ਦਾ ਇਹ ਫੈਸਲਾ ਲਿਬਰਲ ਪਾਰਟੀ ਵਿੱਚ ਹੋ ਰਹੇ ਬਦਲਾਅ ਅਤੇ ਵਿਦੇਸ਼ ਨੀਤੀ 'ਤੇ ਉਠ ਰਹੇ ਸਵਾਲਾਂ ਦੇ ਮੱਦਨਜ਼ਰ ਵਿਸ਼ੇਸ਼ ਧਿਆਨ ਖਿੱਚ ਰਿਹਾ ਹੈ। This report was written by Ekjot Singh as part of the Local Journalism Initiative.


**Guru Nanak's Free Kitchen**

LOVE ALL, FEED ALL

**ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ**

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

**778-895-1453, 604-771-7170**

**Keep Smiling Denture Clinic**

Keep Smiling Denture Clinic

Complete Denture | Implant Denture | Partial Denture

Care Home Mobile S

ਸਲਾਹ ਲਈ ਅੱਜ ਹੀ ਮਿਲੋ

**ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?**

ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ

ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।



ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।

**Gagan Chahal R.D.**

Registered Denturist

SEMCD CERTIFIED CLINICIAN

Book Your Appointment

778-600-0811 | 778-600-0810

6834 King George Blvd Surrey BC | 2644 Cyril St Abbotsford BC

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

International
Punjabi Tribune

• Rachhpal Singh Gill
ਸੰਪਾਦਕ (ਕਾਰਜਕਾਰੀ)
604-616-2171

Funded by the Government of Canada | Financé par le gouvernement du Canada | Canada

ADVISORY BOARD

• Gurvinder Singh Dhaliwal
Vancouver,
604-825-1550

• Gurlal Singh
Journalist,

• Hardam Singh Maan
Surrey
604-308-6663

• Virpal Singh Bhagta
News Reporter | Punjab
+91 96532 00226

• Ekjot Singh
News Reporter

Printed & Published in Canada by :
International Punjabi Tribune Inc.

604-584-5577 (Office)
punjabitribune
iptribune@gmail.com
www.punjabitribune.ca
punjabitribune

NOTICE TO ADVERTISER

International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

**Publisher is not responsible in any mishappening between the customer and Advertiser.**

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾਲ਼ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲ਼ੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾਲ਼ੀ ਰਚਨਾਂ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜਿੰਮੇਵਾਰ ਹੋਵੇਗਾ।

11 ਜਨਵਰੀ : ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

# ਕੈਨੇਡਾ 'ਚ ਨਸਲਵਾਦ ਦੇ ਖ਼ਾਤਮੇ ਦੇ ਪ੍ਰਸੰਗ 'ਚ ਭਾਈ ਮੇਵਾ ਸਿੰਘ ਲੋਪੋਕੇ ਦੀ ਸ਼ਹਾਦਤ

ਡਾ. ਗੁਰਵਿੰਦਰ ਸਿੰਘ
604 825 1550



ਹੁੰਦੇ ਅਤੇ ਭਾਈ ਮੇਵਾ ਸਿੰਘ ਨੇ ਕਲਕੱਤੇ ਤੋਂ ਹਾਂਗਕਾਂਗ ਅਤੇ ਉਥੋਂ ਵੈਨਕੂਵਰ ਦੀ ਟਿਕਟ ਲਈ ਅਤੇ 1906 ਈਂ ਵਿੱਚ ਜਾਰਡੀਨ ਸਮੁੰਦਰੀ ਜਹਾਜ਼ ਰਾਹੀਂ ਵੈਨਕੂਵਰ ਆ ਵਸੇ।

ਕੈਨੇਡਾ ਦੀ ਨਸਲਵਾਦੀ ਸਰਕਾਰ ਏਸ਼ੀਆਈ ਲੋਕਾਂ ਖਿਲਾਫ਼ ਕਾਲੇ ਕਾਨੂੰਨ ਬਣਾ ਰਹੀ ਸੀ, ਜਿਸ ਦੀ ਸਭ ਤੋਂ ਘਿਨਾਉਣੀ ਮਿਸਾਲ, 27 ਮਾਰਚ 1907 ਵਿੱਚ, ਬੀਸੀ ਕੰਜ਼ਰਵਟਿਵ ਸਰਕਾਰ ਵੱਲੋਂ ਭਾਰਤੀਆਂ ਤੋਂ ਵੋਟ ਦਾ ਹੱਕ ਵਾਪਸ ਲੈਣਾ ਵੀ ਸ਼ਾਮਿਲ ਸੀ। ਭਾਈ ਮੇਵਾ ਭਾਵੇਂ ਕਿਰਤੀ ਵਜੋਂ ਨਿਊ ਵੈਸਟਮਿਨਿਸਟਰ ਦੀ ਫਰੇਜ਼ਰ ਮਿੱਲ 'ਚ ਕੰਮ ਕਰਦੇ ਸਨ। ਇੱਥੇ ਦੇ ਮਿਲ ਮੈਨੇਜਰ ਵੱਲੋਂ ਭਾਈ ਮੇਵਾ ਸਿੰਘ ਸਮੇਤ ਸਮੂਹ ਸਿੱਖ ਕਾਮਿਆਂ ਨੂੰ ਸਿਰਾਂ ਤੇ ਲੋਹ ਟੋਪ (ਹਾਰਡ ਹੈਟ) ਪਾਉਣ ਦਾ ਫੈਸਲਾ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਗਈ, ਜਿਸ ਦਾ ਵਿਰੋਧ ਕਰਨ ਲਈ ਫਰੇਜ਼ਰ ਮਿਲ ਸਥਿਤ ਗੁਰਦੁਆਰਾ ਸਾਹਿਬ ਵਿਖੇ ਸਿੱਖ ਸੰਸਥਾਵਾਂ ਦੇ ਨੁਮਾਇਦੇ ਇਕੱਠੇ ਹੋਏ ਅਤੇ ਸਮੂਹ ਜਥਿਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿੱਚ ਇਸ ਦੇ ਖਿਲਾਫ ਮਤਾ ਪਾਸ ਕੀਤਾ। ਇਸ ਦੇ ਵਿਰੋਧ ਵਿੱਚ ਸਿੱਖ ਕਾਮਿਆਂ ਨੇ ਮੈਨੇਜਰ ਦੇ ਘਰ ਦਾ ਘਿਰਾਓ ਕੀਤਾ ਅਤੇ ਆਖਰਕਾਰ ਮਿਲ ਵਾਲਿਆਂ ਨੂੰ ਲੋਹਟੋਪ ਦਾ ਫੈਸਲਾ ਵਾਪਸ ਲੈਣਾ ਪਿਆ ਇਹ ਕੈਨੇਡਾ ਦੀ ਧਰਤੀ 'ਤੇ ਸਿੱਖਾਂ ਦੀ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਇਤਿਹਾਸਿਕ ਜਿੱਤ ਸੀ।

ਭਾਈ ਮੇਵਾ ਸਿੰਘ ਦਾ ਸੰਪਰਕ ਆਜ਼ਾਦੀ ਲਈ ਜੂਝਣ ਵਾਲੇ ਸਿੱਖ ਆਗੂਆਂ ਨਾਲ ਲਗਾਤਾਰ ਬਣਿਆ ਰਹਿੰਦਾ ਸੀ। ਇੱਥੇ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਅਜਿਹੇ ਸੱਚੇ -ਸੁੱਚੇ ਮਨੁੱਖਾਂ ਅੰਦਰ ਆਜ਼ਾਦੀ ਦੀ ਚਿਣਗ ਕਿਤੇ ਨਾ ਕਿਤੇ ਅਵਚੇਤਨ ਮਨ ਅਤੇ ਪਰੋਖ ਰੂਪ ਵਿੱਚ ਪਹਿਲਾਂ ਹੀ ਮੌਜੂਦ ਸੀ। ਕੈਨੇਡਾ ਆ ਕੇ ਉਸ ਨੂੰ ਨਸਲਵਾਦ ਅਤੇ ਵਿਤਕਰਿਆਂ ਦੇ ਮਾਹੌਲ ਨੇ ਹੋਰ ਹਵਾ ਦਿੱਤੀ। ਜੋ ਲੇਖਕ ਇਹ ਸਾਬਤ ਕਰ ਦੀ ਕੋਸ਼ਿਸ਼ ਕਰਦੇ ਹਨ ਕਿ ਗਦਰੀ ਯੋਧਿਆਂ ਅੰਦਰ ਜਾਗ੍ਰਿਤੀ ਕੇਵਲ ਬਾਹਰਲੇ ਮੁਲਕਾਂ ਜਾਂ ਬਾਹਰੀ ਫਲਸਫਿਆਂ ਕਰਕੇ ਆਈ ਸੀ, ਉਹ ਭੁਲੇਖੇ ਪੈਦਾ ਕਰਦੇ ਹਨ।

ਕੈਨੇਡਾ ਦੀ ਪਹਿਲੀ ਸੰਸਥਾ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦੇ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਵਿੱਚ ਭਾਈ ਮੇਵਾ ਸਿੰਘ ਦੀ ਵਿਸ਼ੇਸ਼ ਭੂਮਿਕਾ ਸੀ। ਇਹਨਾਂ ਮੋਢੀ ਸਿੱਖਾਂ ਨੇ ਮਿਲ ਕੇ 1907 ਵਿੱਚ ਵੈਨਕੂਵਰ ਵਿਖੇ ਗੁਰਦੁਆਰੇ ਲਈ ਜ਼ਮੀਨ ਖਰੀਦੀ ਅਤੇ 19 ਜਨਵਰੀ 1908 ਨੂੰ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਾਈ, ਜਿੱਥੇ 21 ਜੂਨ 1908 ਨੂੰ ਭਾਈ ਸਾਹਿਬ ਮੇਵਾ ਸਿੰਘ ਨੇ ਅੰਮ੍ਰਿਤ ਛਕਿਆ ਅਤੇ ਆਪਣਾ ਜੀਵਨ ਜ਼ੁਲਮ ਖਿਲਾਫ਼ ਲੜਨ ਅਤੇ ਸੱਚ 'ਤੇ ਪਹਿਰਾ ਦੇਣ ਨੂੰ ਸਮਰਪਿਤ ਕੀਤਾ। ਭਾਈ ਮੇਵਾ ਸਿੰਘ ਦੇ ਜੀਵਨ 'ਤੇ 'ਗੁਰੂ ਨਾਨਕ ਜਹਾਜ਼' ਨੂੰ ਕੈਨੇਡਾ ਤੋਂ ਵਾਪਿਸ ਮੋੜਨ ਦੀ ਘਟਨਾ ਦਾ ਡੂੰਘਾ ਅਸਰ ਪਿਆ ਸੀ। 23 ਮਈ 1914 ਨੂੰ ਬਾਬਾ ਗੁਰਦਿੱਤ ਸਿੰਘ ਸਰਹਾਲੀ ਦੀ ਅਗਵਾਈ 'ਚ 'ਗੁਰੂ ਨਾਨਕ ਜਹਾਜ਼', ਜਿਸਨੂੰ ਸਮੁੰਦਰੀ ਬੇੜੇ ਕਾਮਾਗਾਟਾਮਾਰੂ ਵਜੋਂ ਜਾਣਿਆ ਜਾਂਦਾ ਹੈ, ਦੇ ਵੈਨਕੂਵਰ ਪੁੱਜਣ ਤੇ ਕੈਨੇਡਾ ਸਰਕਾਰ ਨੇ ਉਸ ਦੇ ਮੁਸਾਫਿਰਾਂ ਨੂੰ ਕੈਨੇਡਾ ਦਾਖਿਲ ਹੋਣ ਤੋਂ ਰੋਕ ਦਿੱਤਾ।

ਭਾਈ ਮੇਵਾ ਸਿੰਘ ਸਮੇਤ ਉੱਤਰੀ ਅਮਰੀਕਾ 'ਚ ਵਸਦੇ ਸਾਰੇ ਗਦਰੀ ਯੋਧਿਆਂ ਅੰਦਰ, ਇਸ ਘਟਨਾ ਨੇ ਰੋਸ ਦੀ ਲਹਿਰ ਪੈਦਾ ਕਰ ਦਿੱਤੀ। 6 ਜੁਲਾਈ,1914 ਨੂੰ ਬੀ.ਸੀ. ਅਪੀਲ ਕੋਰਟ ਨੇ ਜਹਾਜ਼ ਦੇ ਸਵਾਰਾਂ ਖਿਲਾਫ਼ ਫੈਸਲਾ ਸੁਣਾ ਕੇ, ਉਨ੍ਹਾਂ ਨੂੰ ਵਾਪਿਸ ਮੋੜਨ ਦਾ ਰਾਹ ਪੱਧਰਾ ਕਰ ਦਿੱਤਾ। ਅਜਿਹੀ ਸਥਿਤੀ ਵਿੱਚ ਇਹਨਾਂ ਯੋਧਿਆਂ ਨੇ ਫੈਸਲਾ ਕੀਤਾ ਕਿ 'ਗੁਰੂ ਨਾਨਕ ਜਹਾਜ਼' ਦੇ ਵਾਪਿਸ ਜਾਣ ਤੋਂ ਪਹਿਲਾਂ, ਇਸ ਦੇ ਸਵਾਰਾਂ ਰਾਹੀਂ, ਭਾਰਤ ਅੰਦਰ ਗਦਰ ਲਹਿਰ ਦੇ ਸਾਹਿਤ ਤੋਂ ਇਲਾਵਾ ਹਥਿਆਰ ਵੀ ਭੇਜੇ ਜਾਣ ਦਾ ਯਤਨ ਕੀਤਾ ਜਾਵੇ। ਇਸ ਮਕਸਦ ਲਈ ਵੈਨਕੂਵਰ ਦੇ ਆਗੂ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ, ਭਾਈ ਹਰਨਾਮ ਸਿੰਘ ਕਾਹਰੀ ਸਾਹਰੀ ਸਮੇਤ ਭਾਈ ਮੇਵਾ ਸਿੰਘ ਕੈਨੇਡਾ ਦੀ ਸਰਹੱਦ ਪਾਰ ਕਰਕੇ ਅਮਰੀਕਾ 'ਚ ਦਾਖਿਲ ਹੋਏ, ਜਿਥੋਂ ਹਥਿਆਰ ਖਰੀਦ ਕੇ ਅਗਲੇ ਦਿਨ ਵਾਪਿਸ ਪਰਤੇ।

ਕੈਨੇਡਾ ਦੇ ਸ਼ਹਿਰ ਐਬਸਫੋਰਡ 'ਚ ਸੂਮਸ ਬਾਰਡਰ ਨੇੜਲੀਆਂ ਝਾੜੀਆਂ ਰਾਹੀਂ ਦਾਖਿਲ ਹੁੰਦਿਆਂ, ਭਾਈ ਮੇਵਾ ਸਿੰਘ ਵੀ ਬਾਕੀ ਗਦਰੀ ਆਗੂਆਂ ਸਮੇਤ ਹਥਿਆਰਾਂ ਸਣੇ ਗ੍ਰਿਫ਼ਤਾਰ ਕਰ ਲਏ ਗਏ। ਬ੍ਰਿਟਿਸ਼ ਹਿੰਦੁਸਤਾਨੀ ਸਰਕਾਰ ਦੇ ਸੂਹੀਏ ਵਿਲੀਅਮ ਹਾਪਕਿਨਸਨ ਅਤੇ ਇੰਮੀਗ੍ਰੇਸ਼ਨ ਅਧਿਕਾਰੀ ਮੈਕਲਮ ਹੀਡ ਨੇ, ਭਾਈ ਮੇਵਾ ਸਿੰਘ ਲੋਪੋਕੇ ਨੂੰ ਕਈ ਤਰ੍ਹਾਂ ਦੀ ਸਜ਼ਾ ਦੇ ਡਰਾਵੇ ਤੇ ਰਿਹਾਈ ਦੇ ਲਾਲਚ ਦੇ ਕੇ ਹੋਰਨਾਂ ਗਦਰੀ ਯੋਧਿਆਂ ਖਿਲਾਫ਼ ਬਿਆਨ ਦੇਣ ਲਈ ਧਮਕਾਇਆ, ਪਰੰਤੂ ਭਾਈ ਮੇਵਾ ਸਿੰਘ ਨੇ ਝੂਠੀ ਗਵਾਹੀ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਮਗਰੋਂ 7 ਅਗਸਤ 1914 ਨੂੰ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਦੌਰਾਨ ਹੀ 23 ਜੁਲਾਈ ਨੂੰ 'ਗੁਰੂ ਨਾਨਕ ਜਹਾਜ਼' ਵੈਨਕੂਵਰ ਦੀ ਬੰਦਰਗਾਹ ਤੋਂ ਮੋੜ ਦਿੱਤਾ ਗਿਆ ਸੀ, ਜਿਸ ਕਰਕੇ ਗਦਰੀ ਯੋਧਿਆਂ ਅੰਦਰ ਬ੍ਰਿਟਿਸ਼ ਸਾਮਰਾਜ ਖਿਲਾਫ਼ ਵਿਰੋਧ ਸਿਖਰਾਂ 'ਤੇ ਸੀ।

4 ਅਗਸਤ 1914 ਨੂੰ ਪਹਿਲਾ ਵਿਸ਼ਵ ਯੁੱਧ ਸ਼ੁਰੂ ਹੁੰਦਿਆਂ ਸਾਰ ਕੈਨੇਡਾ ਤੇ ਅਮਰੀਕਾ ਦੇ ਬਹੁਤ ਸਾਰੇ ਗਦਰੀ ਬਾਬੇ, ਭਾਰਤ ਨੂੰ ਆਜ਼ਾਦ ਕਰਾਉਣ ਲਈ ਰਵਾਨਾ ਹੋਣ ਲੱਗੇ, ਤਾਂ ਸਰਕਾਰੀ ਪਿੱਠੂ ਤੇ ਕੌਮੀ ਗੱਦਾਰ ਬੇਲੇ ਜਿਆਣ ਨੇ ਹਿੰਦੁਸਤਾਨੀ ਬ੍ਰਿਟਿਸ਼ ਸਰਕਾਰ ਦੀ ਏਜੰਟ ਹਾਪਕਿਨਸਨ ਦੀ ਸ਼ਹਿ 'ਤੇ ਵਹਿਸ਼ੀਆਨਾ ਕਾਰਵਾਈ ਕਰਦਿਆਂ, 5 ਸਤੰਬਰ 1914 ਨੂੰ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਗੋਲੀਆਂ ਚਲਾ ਦਿੱਤੀਆਂ। ਦੀਵਾਨ ਹਾਲ ਅੰਦਰ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਅਤੇ ਉਨ੍ਹਾਂ ਨੂੰ ਬਚਾਉਂਦਿਆਂ ਭਾਈ ਬਤਨ ਸਿੰਘ ਸ਼ਹੀਦੀਆਂ ਪਾ ਗਏ। ਗੁਰਦੁਆਰੇ ਅੰਦਰ ਮੌਜੂਦ ਸੰਗਤ ਵਿਚੋਂ ਕਈ ਹੋਰ ਵਿਅਕਤੀ ਜ਼ਖਮੀ ਵੀ ਹੋਏ, ਜਿੰਨਾਂ ਵਿੱਚ ਭਾਈ ਦਲੀਪ ਸਿੰਘ ਫਾਲਾ, ਭਾਈ ਉੱਤਮ ਸਿੰਘ ਨੂਰਪੁਰੀ, ਭਾਈ ਲਾਭ ਸਿੰਘ ਤੇ ਭਾਈ ਜਵਾਲਾ ਸਿੰਘ ਸ਼ੇਖ ਦੌਲਤ ਆਦਿ ਦਰਜਨ ਤੋਂ ਵੱਧ ਸਿੱਖ ਸ਼ਾਮਿਲ ਸਨ। ਇਹ ਘਟਨਾ ਕੈਨੇਡਾ ਦੇ ਸਿੱਖ ਇਤਿਹਾਸ ਦਾ ਸਭ ਤੋਂ ਦਰਦਨਾਕ ਪੰਨਾ ਸੀ, ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿੱਖ ਆਗੂਆਂ ਨੂੰ ਸ਼ਹੀਦ ਕੀਤਾ ਗਿਆ ਹੋਵੇ। ਨੌਜਵਾਨ ਭਾਈ ਮੇਵਾ ਸਿੰਘ ਉਸ ਵੇਲੇ ਸੰਗਤਾਂ ਵਿੱਚ ਮੌਜੂਦ ਸਨ, ਜਿਨ੍ਹਾਂ ਦੇ ਹਿਰਦੇ ਨੂੰ ਇਸ ਘਟਨਾ ਨੇ ਵਲੂੰਧਰ ਦਿੱਤਾ। ਭਾਈ ਮੇਵਾ ਸਿੰਘ ਲੋਪੋਕੇ ਦੀ ਨਜ਼ਰ 'ਚ ਇਸ ਦੁਖਾਂਤ ਲਈ ਹਾਪਕਿਨਸਨ ਤੇ ਮੈਲਕਮ ਰੀਡ ਮੁੱਖ ਦੋਸ਼ੀ ਸਨ, ਜਿਨ੍ਹਾਂ ਵਲੋਂ ਇਹ ਸਾਰਾ ਕਾਰਾ ਕਰਵਾਇਆ ਗਿਆ ਸੀ।

ਹਿੰਦੁਸਤਾਨੀ ਅੰਗਰੇਜ਼ ਸਰਕਾਰ ਦੇ ਝੋਲੀ ਚੁੱਕ ਤੇ ਗ਼ੱਦਾਰ ਬੇਲਾ ਜਿਆਣ ਖਿਲਾਫ਼, ਵੈਨਕੂਵਰ ਦੀ ਸੂਬਾਈ ਅਦਾਲਤ ਵਿੱਚ, ਗੁਰਦੁਆਰੇ ਅੰਦਰ ਗੋਲੀ ਚਲਾ ਕੇ ਸਿੰਘਾਂ ਨੂੰ ਸ਼ਹੀਦ ਕਰਨ ਦਾ ਮੁਕੱਦਮਾ ਚੱਲ ਰਿਹਾ ਸੀ, ਜਿਸ ਵਿੱਚ ਵਿਲੀਅਮ ਹਾਪਕਿਨਸਨ ਗਵਾਹੀ ਦੇਣ ਲਈ ਅਦਾਲਤ ਵਿੱਚ ਪੁੱਜਿਆ।ਉਹ ਦੂਜੀ ਮੰਜ਼ਿਲ ਤੇ ਕੋਰਟ ਰੂਮ ਦੇ ਬਾਹਰ ਖੜਾ ਸੀ। ਅਜੇ ਉਹ ਬਰਾਂਡੇ ਵਿੱਚ ਹੀ ਸੀ, ਜਦੋਂ ਭਾਈ ਮੇਵਾ ਸਿੰਘ ਨੇ ਉਸ ਨੂੰ ਦਬੋਚ ਲਿਆ ਤੇ ਦੋ ਰਿਵਾਲਵਰ ਦੋਹਾਂ ਹੱਥਾਂ 'ਚ ਵਾਰੀ-ਵਾਰੀ ਲੈ ਕੇ, ਸੱਜੇ ਹੱਥ ਨਾਲ ਚਾਰ ਗੋਲੀਆਂ ਦਾਗ਼ ਦਿੱਤੀਆਂ। ਛਾਤੀ ਅਤੇ ਪਸਲੀ ਚੋਂ ਆਰਪਰ ਹੋਈਆਂ ਦੋ ਗੋਲੀਆਂ ਨਾਲ ਹਿੰਦ ਸਰਕਾਰ ਦਾ ਸੂਹੀਆ ਹਾਪਕਿਨਸਨ ਮੌਕੇ 'ਤੇ ਹੀ ਮਾਰਿਆ ਗਿਆ ਤੇ ਭਾਈ ਸਾਹਿਬ ਨੇ ਖ਼ੁਦ ਨੂੰ ਹਥਿਆਰਾਂ ਸਮੇਤ ਪੁਲਿਸ ਹਵਾਲੇ ਕਰ ਦਿੱਤਾ।

### ਵਿਲੀਅਮ ਚਾਰਲਸ ਹਾਪਕਿਨਸਨ ਕੌਣ ਸੀ?

ਵਿਲੀਅਮ ਚਾਰਲਸ ਹਾਪਕਿਨਸਨ ਦਾ ਜਨਮ ਭਾਰਤ ਦੇ ਇਲਾਹਾਬਾਦ ਸ਼ਹਿਰ ਵਿੱਚ 16 ਜੂਨ 1880 ਵਿੱਚ ਹੋਇਆ ਸੀ। ਵਿਲੀਅਮ ਹਾਪਕਿਨਸਨ ਦਾ ਬਾਪ ਵਿਲੀਅਮ ਅੰਗਰੇਜ਼ ਸੀ ਅਤੇ ਮਾਂ ਜਲੰਧਰ ਛਾਉਣੀ ਵਿੱਚ ਰਹਿੰਦੇ ਹਿੰਦੂ ਬ੍ਰਾਹਮਣ ਪਰਿਵਾਰ ਵਿੱਚੋਂ ਸੀ, ਪਰ ਉਸ ਨੇ ਮਗਰੋਂ ਆਪਣਾ ਨਾਮ ਬਦਲ ਕੇ ਐਗਨਿਸ ਰੱਖ ਲਿਆ ਸੀ, ਇਸੇ ਕਾਰਨ ਹਾਪਕਿਨਸਨ ਦੇ ਯੂਰੇਸ਼ੀਅਨ ਐਂਗਲੋ ਇੰਡੀਅਨ ਵੰਸ਼ ਵਿੱਚ ਹੋਣ ਦਾ ਪਿਛੋਕੜ ਮਿਲਦਾ ਹੈ। ਉਹ 16 ਸਾਲ ਦੀ ਉਮਰ ਤੋਂ ਪੰਜਾਬ ਪੁਲਿਸ ਵਿੱਚ ਵੀ ਕੁਝ ਸਮਾਂ ਭਰਤੀ ਰਿਹਾ ਅਤੇ ਮਗਰੋਂ ਕੋਲਕਤਾ ਚਲਿਆ ਗਿਆ ਤੇ 21 ਸਾਲ ਦੀ ਉਮਰ ਵਿੱਚ ਕਲਕੱਤਾ ਪੁਲਿਸ ਵਿੱਚ ਭਰਤੀ ਹੋ ਗਿਆ। ਵਿਲੀਅਮ ਹਾਪਕਿਨਸਨ ਜਿੱਥੇ ਅੰਗਰੇਜ਼ੀ ਅਤੇ ਹਿੰਦੀ ਬੋਲ ਸਕਦਾ ਸੀ, ਉੱਥੇ ਕੁਝ ਸਮਾਂ ਪੰਜਾਬ 'ਚ ਰਹਿਣ ਕਾਰਨ ਉਸ ਨੂੰ ਪੰਜਾਬੀ ਵੀ ਸਮਝ ਆਉਂਦੀ ਸੀ। ਉਸਦੇ ਅੰਦਰ ਇਸ ਗੱਲ ਦੀ ਤੀਬਰ ਇੱਛਾ ਸੀ ਕਿ ਉਹ ਜਲਦੀ ਤੋਂ ਜਲਦੀ ਅੰਗਰੇਜ਼ ਸਰਕਾਰ ਖਿਲਾਫ ਲੜ ਰਹੇ 'ਬਾਗੀਆਂ ਦਾ ਖਾਤਮਾ' ਕਰ ਅਤੇ 'ਚਿੱਟੀ ਚਮੜੀ ਦੀ ਰਾਜ ਸੱਤਾ ਅਤੇ ਉੱਤਮਤਾ' ਦੇ ਹੱਕ ਵਿੱਚ ਭੁਗਤੇ।

ਵਿਲੀਅਮ ਚਾਰਲਸ ਹਾਪਕਿਨਸਨ 1908 ਵਿੱਚ ਕੈਨੇਡਾ ਪਹੁੰਚਿਆ, ਜਿੱਥੇ ਉਸ ਨੇ ਇੱਕ ਦੁਕਾਨਦਾਰ ਵਜੋਂ ਆਪਣਾ ਸਫਰ ਸ਼ੁਰੂ ਕੀਤਾ। ਕੁਝ ਸਮੇਂ ਬਾਅਦ ਹੀ ਹਾਪਕਿਨਸਨ ਨੇ ਕੈਨੇਡਾ ਦੇ ਕਿਰਤ ਉਪ ਮੰਤਰੀ ਮਕੈਂਜ਼ੀ ਕਿੰਗ ਨਾਲ ਮੁਲਾਕਾਤ ਕੀਤੀ। ਉਸ ਨੇ 'ਟਾਈਮਜ਼ ਆਫ ਲੰਡਨ' ਦੇ ਪੱਤਰਕਾਰ ਐਲ ਡਬਲਯੂ ਕਰੈਪਿਨ ਵੱਲੋਂ 1908 ਵਿੱਚ ਭਾਰਤੀ ਬ੍ਰਿਟਿਸ਼ ਹਕੂਮਤ ਦੇ ਬਾਗੀਆਂ ਦੀਆਂ ਗਤੀਵਿਧੀਆਂ ਬਾਰੇ ਪ੍ਰਕਾਸ਼ਤ ਇਕ ਰਿਪੋਰਟ ਲਈ ਵੱਧ ਤੋਂ ਵੱਧ ਖੁਫੀਆ ਜਾਣਕਾਰੀ ਮੁਹਈਆ ਕੀਤੀ। ਛੇਤੀ ਹੀ ਹਾਪਕਿਨਸਨ ਕੈਨੇਡਾ ਵਿੱਚ ਬ੍ਰਿਟਿਸ਼ ਭਾਰਤ ਦੇ ਏਜੰਟ, ਲੰਡਨ ਦੇ ਏਜੰਟ ਅਤੇ ਡੋਮੀਨੀਅਨ ਕੈਨੇਡਾ ਦੇ ਕਰਿੰਦੇ ਵਜੋਂ ਇਮੀਗ੍ਰੇਸ਼ਨ ਅਧਿਕਾਰੀ ਅਤੇ ਸੂਹੀਏ ਦੇ ਕੰਮ ਕਰਨ ਲੱਗਾ। ਕੈਨੇਡਾ ਦੇ ਗਵਰਨਰ ਜਨਰਲ ਲਾਰਡ ਗ੍ਰੇ ਅਤੇ ਇਸ ਤੋਂ ਇਲਾਵਾ ਕੇਂਦਰੀ ਅਮਰੀਕਾ ਵਿੱਚ ਅੰਗਰੇਜ਼ਾਂ ਦੀ ਬਸਤੀ ਬ੍ਰਿਟਿਸ਼ ਹੌਂਡੂਰਸ ਦੇ ਗਵਰਨਰ ਕਰਨਲ ਕਿੰਗ, ਕੈਨੇਡੀਅਨ ਸਰਕਾਰ ਲਈ ਕੰਮ ਕਰਦੇ ਈਜੀ ਸਵੈਨ ਸਮੇਤ ਸਾਰਿਆਂ ਨਾਲ ਸੰਪਰਕ ਕਾਇਮ ਕਰ ਲਿਆ।

ਅੰਗਰੇਜ਼ੀ, ਹਿੰਦੀ ਤੋਂ ਇਲਾਵਾ ਪੰਜਾਬੀ ਰਾਹੀਂ ਹਾਪਕਿਨਸਨ ਨੇ ਇਥੋਂ ਦੀ ਖਾਲਸਾ ਦੀਵਾਨ ਸੁਸਾਇਟੀ ਗੁਰਦੁਆਰਾ ਸਾਹਿਬ ਸੰਸਥਾ ਅੰਦਰ 'ਪੇਡ ਏਜੰਟਾਂ' ਦੀ ਇਮੀਗ੍ਰੇਸ਼ਨ ਧੜੇ ਰਾਹੀਂ ਘੁਸਪੈਠ ਕਰ ਲਿਆ। ਉਸਨੇ ਬੇਲਾ ਝੁੱਟੀ, ਪਿੰਡ ਜਿਆਣ, ਬਾਬੂ ਹੇਅਰ ਪਿੰਡ ਲਿਤਰਾਂ ਅਤੇ ਗੰਗਾ ਰਾਮ ਸਹੋਤਾ ਪਿੰਡ ਬੜੀਆਂ ਬਾੜੀਆਂ ਮਾਹਲਪੁਰ ਵਰਗੇ ਲਾਲਚੀ, ਵਿਕਾਊ ਅਤੇ ਗੱਦਾਰ ਅਤੇ ਝੋਲੀਚੁੱਕ ਲੱਭੇ ਅਤੇ ਹਿੰਦੁਸਤਾਨੀ ਬ੍ਰਿਟਿਸ਼ ਹਕੂਮਤ ਖਿਲਾਫ ਲੜਨ ਵਾਲੇ ਗਦਰੀ ਬਾਬਿਆਂ ਅਤੇ ਸਿੱਖ ਜੁਝਾਰੂਆਂ ਨੂੰ ਖਤਮ ਕਰਨ ਦਾ ਨਿਸ਼ਚਾ ਕਰ ਲਿਆ। ਹਾਪਕਿਨਸਨ ਦੀਆਂ ਨਸਲਵਾਦੀ ਅਤੇ ਭਰਿਸ਼ਟ ਕਾਰਵਾਈਆਂ ਜਾਹਰ ਹੋਣ ਲੱਗੀਆਂ, ਪਰ ਹਕੂਮਤ ਨੇ ਆਪਣੇ ਪਾਲੇ ਹੋਏ ਝੋਲੀ ਚੁੱਕਾਂ ਦਾ ਹਰ ਤਰ੍ਹਾਂ ਬਚਾਓ ਕੀਤਾ। 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਧੀਨ ਐਂਗਲੋ-ਇੰਡੀਅਨ ਹਾਪਕਿਨਸਨ ਨੇ ਕੈਨੇਡਾ ਵਸਦੇ ਭਾਰਤੀਆਂ ਨੂੰ ਦੋ ਧਿਰਾਂ ਵਿੱਚ ਵੰਡ ਦਿੱਤਾ। ਉਸ ਨੇ ਕੈਨੇਡਾ ਵਸਦੇ ਸਿੱਖਾਂ ਅਤੇ ਭਾਰਤੀਆਂ ਨੂੰ ਇਥੋਂ ਕੱਢਣ ਲਈ ਬ੍ਰਿਟਿਸ਼ ਹੌਂਡੂਰਸ ਦੀ ਸਾਜ਼ਿਸ਼ ਰਚੀ, ਭਾਰਤੀਆਂ ਖਿਲਾਫ ਨਸਲੀ ਕਾਲੇ ਕਾਨੂੰਨਾਂ ਲਈ ਸਰਗਰਮੀ ਦਿਖਾਈ ਤੇ ਗੁਰੂ ਨਾਨਕ ਜਹਾਜ਼ ਵਾਪਸ ਮੋੜੇ ਜਾਣ ਦੀ ਸਾਜਿਸ਼ ਦਾ ਮੁੱਖ ਭਾਗੀ ਬਣਿਆ। ਕਹਿਣ ਦਾ ਭਾਵ,

ਕੋਈ ਵੀ ਅਜਿਹੀ ਨਫਰਤੀ ਅਤੇ ਨਸਲੀ ਗਤੀਵਿਧੀ ਨਹੀਂ ਸੀ, ਜਿਸ ਵਿੱਚ ਹਾਪਕਿਨਸਨ ਨੇ ਕੋਈ ਸਾਜਿਸ਼ ਨਾ ਰਚੀ ਹੋਵੇ। ਉਸ ਦੀ ਸਭ ਤੋਂ ਵੱਡੀ ਜ਼ਾਲਮਾਨਾ ਕਾਰਵਾਈ ਆਪਣੇ ਏਜੰਟਾਂ ਰਾਹੀਂ ਗੁਰਦੁਆਰਾ ਸਾਹਿਬ ਦੇ ਅੰਦਰ ਆਗੂ ਸਿੱਖਾਂ ਭਾਈ ਭਾਗ ਸਿੰਘ ਭਿਖੀਵਿੰਡ ਅਤੇ ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ ਨੂੰ ਸ਼ਹੀਦ ਕਰਵਾਉਣ ਦੀ ਸੀ। ਕੈਨੇਡਾ ਦੀ ਧਰਤੀ 'ਤੇ ਮਹਾਨ ਯੋਧੇ ਭਾਈ ਮੇਵਾ ਸਿੰਘ ਲੋਪੋਕੇ ਨੇ ਐਂਗਲੋ ਇੰਡੀਅਨ ਏਜੰਟ ਤੇ ਨਸਲਵਾਦੀ ਹਾਪਕਿਨਸਨ ਨੂੰ ਸੋਧ ਕੇ, ਕੈਨੇਡਾ 'ਚ ਬਹੁ-ਸੱਭਿਆਚਾਰਕ ਢਾਂਚੇ ਦਾ ਸ਼ਾਨਾਮੱਤਾ ਇਤਿਹਾਸ ਸਿਰਜਿਆ ਸੀ।

**ਹਾਪਕਿਨਸਨ ਨੂੰ ਸੋਧਣ ਬਾਰੇ ਭਾਈ ਮੇਵਾ ਸਿੰਘ ਲੋਪੋਕੇ ਦਾ ਇਤਿਹਾਸਿਕ ਬਿਆਨ**

ਹਿੰਦੁਸਤਾਨ, ਬਰਤਾਨੀਆ ਅਤੇ ਡੋਮੇਨੀਅਨ ਕੈਨੇਡੀਅਨ ਹਕੂਮਤਾਂ ਦਾ ਤੀਹਰਾ ਏਜੰਟ ਵਿਲੀਅਮ ਹਾਪਕਿਨਸਨ ਸਾਰਿਆਂ ਲਈ 'ਮਹੱਤਵਪੂਰਨ' ਸੀ ਅਤੇ ਉਸ ਨੂੰ ਦਫਨਾਉਣ ਸਮੇਂ 2000 ਦੇ ਕਰੀਬ ਪੁਲਿਸ ਕਰਮਚਾਰੀ, ਫਾਇਰਮੈਨ, ਇਮੀਗ੍ਰੇਸ਼ਨ ਅਤੇ ਕਸਟਮ ਅਧਿਕਾਰੀ ਸ਼ਾਮਿਲ ਹੋਏ ਤੇ ਵੱਡਾ ਮਾਰਚ ਕੀਤਾ ਗਿਆ। ਦੂਜੇ ਪਾਸੇ 30 ਅਕਤੂਬਰ ਨੂੰ ਭਾਈ ਮੇਵਾ ਸਿੰਘ ਤੇ ਮੁਕੱਦਮੇ ਦੀ ਸੁਣਵਾਈ ਲਈ, ਬੀ.ਸੀ. ਸੁਪਰੀਮ ਕੋਰਟ ਦੇ ਜੱਜ ਮਿਸਟਰ ਆਈਲੇ ਮੌਰੀਸਨ ਵਲੋਂ 12 ਮੈਂਬਰੀ ਜਿਊਰੀ ਚੁਣੀ ਗਈ। ਬਣਾਉ ਪੱਖ ਦੇ ਵਕੀਲ ਮਿਸਟਰ ਵੂੱਡਜ਼ ਅਤੇ ਸਰਕਾਰੀ ਵਕੀਲ ਮਿਸਟਰ ਟੇਲਰ ਸਨ। ਅਦਾਲਤ 'ਚ ਇੱਕ ਹਜ਼ਾਰ ਦੇ ਕਰੀਬ ਲੋਕ ਹਾਜ਼ਰ ਸਨ, ਜਿੰਨਾਂ 'ਚੋਂ ਚਾਰ ਕੁ ਹੀ ਭਾਰਤੀ ਸਨ। ਇਸ ਮੌਕੇ 'ਤੇ ਭਾਈ ਮੇਵਾ ਸਿੰਘ ਨੇ ਜੋ ਬਿਆਨ ਦਿੱਤੇ, ਉਹ ਬਹਾਦਰੀ ਨੇ ਨਿਡੱਰਤਾ ਪੱਖੋਂ ਖਾਸ ਅਹਿਮੀਅਤ ਰੱਖਦੇ ਸਨ। ਅਦਾਲਤ ਵਿਚ ਅਨੁਵਾਦਕ ਡਾਲਟਨ ਵਲੋਂ, ਭਾਈ ਸਾਹਿਬ ਦੇ ਬਿਆਨ ਜੱਜ ਅੱਗੇ ਰੱਖੇ ਗਏ : "ਮੇਰਾ ਨਾਂ ਮੇਵਾ ਸਿੰਘ ਹੈ, ਮੈਂ ਰੱਬ ਤੋਂ ਡਰਨ ਵਾਲਾ ਬੰਦਾ ਹਾਂ, ਜੋ ਹਰ ਰੋਜ਼ ਅਰਦਾਸ ਕਰਦਾ ਹਾਂ। ਮੇਰੀ ਜ਼ਬਾਨ ਵਿੱਚ ਐਸੇ ਸ਼ਬਦ ਨਹੀਂ, ਜੋ ਬਿਆਨ ਕਰ ਸਕਣ ਕਿ ਵੈਨਕੂਵਰ ਵਿੱਚ ਮੈਨੂੰ ਕਿਹੜੇ-ਕਿਹੜੇ ਦੁੱਖ, ਮੁਸੀਬਤਾਂ ਅਤੇ ਪ੍ਰੇਸ਼ਾਨੀਆਂ ਝੱਲਣੀਆਂ ਪਈਆਂ ਹਨ... ਅਸੀਂ ਸਿੱਖ ਗੁਰਦੁਆਰੇ 'ਚ ਅਰਦਾਸ ਕਰਨ ਜਾਂਦੇ ਹਾਂ ਪਰ ਇਨ੍ਹਾਂ ਪਾਪੀਆਂ ਨੇ ਗੁਰੁਦਆਰੇ 'ਚ ਗੋਲੀ ਚਲਾਕੇ ਅਤੇ ਭਾਈ ਭਾਗ ਸਿੰਘ ਦਾ ਕਤਲ ਕਰਕੇ, ਗੁਰਦੁਆਰੇ ਦੀ ਪਵਿੱਤਰਤਾ ਭੰਗ ਕੀਤੀ ਹੈ। ਇਨ੍ਹਾਂ ਪਾਪੀਆਂ ਨੇ ਦੋ ਮਾਸੂਮ ਬੱਚਿਆਂ ਨੂੰ ਯਤੀਮ ਬਣਾਇਆ ਹੈ। ਦੁਸ਼ਟਾਂ ਵਲੋਂ ਗੁਰਦੁਆਰੇ 'ਚ ਕੀਤੇ ਇਨ੍ਹਾਂ ਕਾਰਿਆਂ ਨੇ ਮੇਰੇ ਸੀਨੇ 'ਚ ਅੱਗ ਲਾ ਦਿੱਤੀ ਹੈ।

"ਮੈਂ ਆਪਣੇ ਭਾਈਚਾਰੇ ਅਤੇ ਆਪਣੇ ਧਰਮ ਦੀ ਅਣਖ ਅਤੇ ਇੱਜ਼ਤ ਲਈ, ਹਾਪਕਿਨਸਨ ਦਾ ਕਤਲ ਕੀਤਾ ਹੈ। ਮੈਂ ਇਹ ਸਭ ਕੁਝ ਬਰਦਾਸ਼ਤ ਨਹੀਂ ਸੀ ਕਰ ਸਕਦਾ। ਜੱਜ ਸਾਹਿਬ, ਜੇ ਇਹ ਸਭ ਕੁਝ ਤੁਹਾਡੇ ਚਰਚ ਵਿੱਚ ਹੋਇਆ ਹੁੰਦਾ, ਤਾਂ ਤੁਸੀਂ ਈਸਾਈਆਂ ਨੇ ਵੀ ਬਰਦਾਸ਼ਤ ਨਹੀਂ ਸੀ ਕਰਨਾ, ਕਿਉਂਕਿ ਅਜਿਹਾ ਕਰਨ ਨਾਲ ਤੁਸੀਂ ਆਪਣੇ ਆਪ ਨੂੰ ਮੁਰਦਾ ਕੌਮ ਸਮਝਣਾ ਸੀ। ਕਿਸੇ ਸਿੱਖ ਲਈ ਵੀ ਗੁਰਦੁਆਰੇ 'ਚ ਇਹ ਸਭ ਕੁਝ ਹੁੰਦਾ ਵੇਖਣ ਨਾਲੋਂ, ਮਰ ਜਾਣਾ ਚੰਗਾ ਹੈ। ਮੈਨੂੰ ਕਿਸੇ ਇਨਸਾਫ਼ ਦੀ ਆਸ ਨਹੀਂ। ਮੈਨੂੰ ਪਤਾ ਹੈ ਕਿ ਮੈ ਹਾਪਕਿਨਸਨ ਨੂੰ ਗੋਲ਼ੀ ਮਾਰੀ ਹੈ ਅਤੇ ਇਸ ਵਾਸਤੇ ਮੈਨੂੰ ਮਰਨਾ ਪਵੇਗਾ। ਮੈ ਇਹ ਬਿਆਨ ਇਸ ਕਰਕੇ ਦੇ ਰਿਹਾ ਹਾਂ ਤਾਂ ਜੋ ਲੋਕਾਂ ਨੂੰ ਪਤਾ ਲੱਗ ਸਕੇ ਕਿ ਸਾਡੇ ਨਾਲ ਕੀ ਵਰਤਾਉ ਹੁੰਦਾ ਰਿਹਾ ਹੈ। ਸਾਨੂੰ ਜੱਜਾਂ ਕੋਲੋਂ, ਪੁਲਿਸ ਕੋਲੋਂ ਜਾਂ ਕਿਸੇ ਹੋਰ ਕੋਲੋਂ ਕਦੀ ਇਨਸਾਫ਼ ਨਹੀਂ ਮਿਲਿਆ ਅਤੇ ਮੈਂ ਆਪਣੀ ਜਾਨ ਇਸੇ ਕਰਕੇ ਦੇ ਰਿਹਾ ਹਾਂ, ਤਾਂ ਜੋ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗ ਸਕੇ...।" (ਇਤਿਹਾਸਕਾਰ ਸੋਹਣ ਸਿੰਘ ਪੂੰਨੀ ਦੀ 'ਭਾਈ ਮੇਵਾ ਸਿੰਘ ਲੋਪੋਕੇ ਦੀ ਸ਼ਹੀਦੀ ਅਤੇ ਹਾਪਕਿਨਸਨ ਦਾ ਕਤਲ' ਕਿਤਾਬ) ਭਾਈ ਮੇਵਾ ਸਿੰਘ ਦਾ ਵੈਨਕੂਵਰ ਦੀ ਅਦਾਲਤ ਵਿੱਚ ਦਿੱਤਾ ਬਿਆਨ ਇਤਿਹਾਸਕ ਦਸਤਾਵੇਜ਼ ਹੈ, ਜਿਸ 'ਚ ਉਨ੍ਹਾਂ ਪ੍ਰਵਾਸੀਆਂ ਅਤੇ ਘੱਟ ਗਿਣਤੀ ਭਾਈਚਾਰਿਆਂ ਨਾਲ ਹੁੰਦੇ ਵਰਤਾਉ ਦੀ ਦਿਲਕੰਬਾਊ ਤਸਵੀਰ ਪੇਸ਼ ਕੀਤੀ ਹੈ।

**ਭਾਈ ਮੇਵਾ ਸਿੰਘ ਲੋਪੋਕੇ ਨੂੰ ਅਦਾਲਤ ਵੱਲੋਂ ਫਾਂਸੀ**

ਨਸਲਵਾਦੀ ਚਿਟ ਚਮੜੀਆਂ ਵਿਲੀਅਮ ਹੌਪਕਿਨਸਨ ਦੇ ਕਤਲ ਦੀ ਜ਼ਿੰਮੇਵਾਰੀ ਕਬੂਲਣ ਮਗਰੋਂ 30 ਅਕਤੂਬਰ 1914 ਨੂੰ ਅਦਾਲਤ ਨੇ ਸਿਰਫ਼ ਇੱਕ ਘੰਟਾ ਚਾਲੀ ਮਿੰਟ 'ਚ ਫੈਸਲਾ ਕਰਦਿਆਂ ਭਾਈ ਸਾਹਿਬ ਲਈ ਸਜ਼ਾ-ਏ-ਮੌਤ ਸੁਣਾ ਦਿੱਤੀ। ਫੈਸਲਾ ਸੁਣਦੇ ਆਂ ਭਾਈ ਸਾਹਿਬ ਨੇ ਗੁਰਬਾਣੀ 'ਚੋਂ "ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ" ਉੱਚੀ ਆਵਾਜ਼ ਵਿੱਚ ਗੁੰਜਾਉਂਦਿਆਂ ਖਿੜੇ ਮੱਥੇ ਫੈਸਲਾ ਪ੍ਰਵਾਨ ਕੀਤਾ। 11 ਜਨਵਰੀ 1915 ਈ. ਨੂੰ ਨਿਊਵੈਸਟ ਮਿਨਿਸਟਰ ਦੀ ਪ੍ਰੋਵਿੰਸ਼ਿਅਲ ਜੇਲ੍ਹ ਵਿੱਚ ਅੱਠ ਵੱਜ ਕੇ ਇੱਕ ਮਿੰਟ ਤੇ ਭਾਈ ਮੇਵਾ ਸਿੰਘ ਗੁਰਬਾਣੀ ਦਾ ਸ਼ਬਦ "ਹਰਿ ਜਗੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੋਰੋ" ਗਾਇਨ ਕਰਦਿਆਂ, ਹੱਸਦੇ-ਹੱਸਦੇ ਫਾਂਸੀ ਚੜ੍ਹ ਗਏ। ਜੇਲ੍ਹ ਬਾਹਰ ਹਾਜ਼ਰ ਚਾਰ ਸੌ ਦੇ ਕਰੀਬ ਲੋਕ ਵੈਰਾਗ 'ਚ 'ਸ਼ਹੀਦ ਮੇਵਾ ਸਿੰਘ ਅਮਰ ਰਹੇ' ਦੇ ਨਾਅਰੇ ਲਾ ਕੇ ਧਰਮੀ ਯੋਧੇ ਦੀ ਜੈ ਜੈ ਕਾਰ ਕਰ ਰਹੇ ਸਨ। ਹੱਕ ਸੱਚ ਅਤੇ ਇਨਸਾਫ਼ ਲਈ ਮਰ-ਮਿੱਟਣ ਦੀ ਭਾਈ ਸਾਹਿਬ ਦੀ ਭਾਵਨਾ ਇਸ ਗੱਲ ਤੋਂ ਹੋਰ ਵੀ ਸਪੱਸ਼ਟ ਹੁੰਦੀ ਹੈ ਕਿ ਅਜੇ ਵਿਆਹੇ ਨਹੀਂ ਸਨ, ਜਦੋਂ ਉਹ ਭਰ ਜੁਆਨੀ 'ਚ ਸ਼ਹੀਦੀ ਪਾ ਗਏ।

**ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਨੂੰ ਸਮਰਪਿਤ ਐਲਾਨਨਾਮਾ**

ਨਿਊ ਵੈਸਟਮਿਨਸਟਰ ਸ਼ਹਿਰ ਦੇ ਸਾਬਕਾ ਸਿਟੀ ਕੌਂਸਲਰ ਚੱਕ ਪਿੱਕਮਾਇਰ ਨੇ ਭਾਈ ਮੇਵਾ ਸਿੰਘ ਲੋਪੋਕੇ ਦੇ ਇਤਿਹਾਸ ਨੂੰ ਵਿਚਾਰਨ ਮਗਰੋਂ, ਸਿਟੀ ਕੌਂਸਲ ਵਿਚ 2020 ਨੂੰ ਮਤਾ ਲਿਆਂਦਾ ਅਤੇ 'ਸ਼ਹੀਦ ਮੇਵਾ ਸਿੰਘ ਲੋਪੋਕੇ ਦਿਨ' ਵਜੋਂ ਪ੍ਰੋਕਲੇਮੇਸ਼ਨ ਜਾਰੀ ਕਰਵਾਇਆ। ਇਸ ਸ਼ਹਿਰ ਵਿਚ ਹੀ ਭਾਈ ਸਾਹਿਬ ਨੂੰ ਫਾਂਸੀ ਦਿੱਤੀ ਗਈ ਸੀ। ਕੌਂਸਲਰ ਚੱਕ ਪਕਮਾਇਰ ਨੂੰ ਸ਼ਹੀਦ ਭਾਈ ਮੇਵਾ ਸਿੰਘ ਜੀ ਦੀ ਸ਼ਹਾਦਤ ਦਾ ਐਲਾਨਨਾਮਾ ਜਾਰੀ ਕਰਨ, ਕਿਸਾਨਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ ਅਤੇ ਭਾਰਤ ਦੇ ਨਾਗਰਿਕਤਾ ਸੋਧ ਕਾਨੂੰਨ ਦੇ ਖ਼ਿਲਾਫ਼ ਨਿਭਾਈ ਇਤਿਹਾਸਕ ਭੂਮਿਕਾ ਲਈ ਸਦਾ ਚੇਤੇ ਕੀਤਾ ਜਾਂਦਾ ਰਹੇਗਾ। ਇਸ ਤੋਂ ਇਲਾਵਾ ਬੀਸੀ ਦੀ ਸਿੱਖਿਆ ਮੰਤਰੀ ਬੀਬੀ ਰਚਨਾ ਸਿੰਘ ਨੇ ਭਾਈ ਸਾਹਿਬ ਦੇ ਸ਼ਹੀਦੀ ਦਿਹਾੜੇ 'ਤੇ ਆਪਣੇ ਦਫਤਰ ਵਿੱਚ ਭਾਈ ਮੇਵਾ ਸਿੰਘ ਲੋਪੋਕੇ ਦੀ ਤਸਵੀਰ ਸੁਸ਼ੋਭਿਤ ਕੀਤੀ, ਪਰ ਜ਼ਿਆਦਾਤਰ ਦੇਸੀ ਸਿਆਸਤਦਾਨ ਅਜੇ ਵੀ ਸ਼ਹੀਦ ਭਾਈ ਮੇਵਾ ਸਿੰਘ ਦਾ ਨਾਂ ਲੈਣ ਤੋਂ ਝਿਜਕਦੇ ਹਨ।

**ਭਾਈ ਮੇਵਾ ਸਿੰਘ ਲੋਪੋਕੇ ਨੂੰ ਕੈਨੇਡਾ ਦੇ ਸ਼ਹੀਦ ਐਲਾਨੇ ਜਾਣ ਦੀ ਮੰਗ**

ਨਸਲਵਾਦ ਖ਼ਿਲਾਫ਼ ਡਟਣ ਵਾਲ਼ੇ ਸਮੂਹ ਭਾਈਚਾਰਿਆਂ ਨੂੰ ਮੰਗ ਕਰਨੀ ਚਾਹੀਦੀ ਹੈ ਕਿ ਸੂਬਾਈ ਅਤੇ ਫੈਡਰਲ ਪੱਧਰ ਦੇ ਸਿਆਸਤਦਾਨ ਭਾਈ ਮੇਵਾ ਸਿੰਘ ਦੀ ਸ਼ਹਾਦਤ ਦੇ ਸਹੀ ਅਰਥਾਂ ਨੂੰ ਵਿਚਾਰ ਕੇ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਨੂੰ ਕੈਨੇਡਾ ਦਾ ਸ਼ਹੀਦ ਐਲਾਨਿਆ ਜਾਵੇ। 21 ਅਕਤੂਬਰ ਦੇ ਇਤਿਹਾਸ ਨੂੰ ਗੰਭੀਰਤਾ ਨਾਲ ਵਿਚਾਰ ਕੇ, ਇਸ ਦਿਨ 'ਤੇ ਫ਼ਖ਼ਰ ਮਹਿਸੂਸ ਕਰੀਏ ਕਿ ਮਹਾਨ ਯੋਧੇ ਭਾਈ ਮੇਵਾ ਸਿੰਘ ਲੋਪੋਕੇ ਨੇ ਸਿਆਸੀ ਉਦੇਸ਼ ਹਿਤ, ਕੈਨੇਡਾ ਵਿੱਚੋਂ ਚਿੱਟੇ ਨਸਲਵਾਦ ਦਾ ਅੰਤ ਕਰਨ ਲਈ ਵਿਲੀਅਮ ਹਾਪਕਿਨਸਨ ਨੂੰ ਸੋਧ ਕੇ, ਕੈਨੇਡੀਅਨ ਬਹੁ-ਸੱਭਿਆਚਾਰ ਨੂੰ ਪ੍ਰਫੁੱਲਤ ਕੀਤਾ ਹੈ। ਕਿੰਨਾ ਚੰਗਾ ਹੋਵੇ ਕਿ ਸਕੂਲਾਂ ਦੀਆਂ ਕਿਤਾਬਾਂ ਵਿੱਚ ਸ਼ਹੀਦ ਮੇਵਾ ਸਿੰਘ ਦੀ ਕੁਰਬਾਨੀ ਬਾਰੇ ਪੜ੍ਹਾਇਆ ਜਾਵੇ ਤੇ ਉਨ੍ਹਾਂ ਦੀ ਯਾਦਗਾਰ ਸਥਾਪਤ ਕਰਕੇ, ਆਉਣ ਵਾਲੀਆਂ ਪੀੜ੍ਹੀਆਂ ਲਈ ਸੇਧ ਲਈ ਜਾਵੇ। ਦੂਜੇ ਪਾਸੇ ਬੀਸੀ ਅਸੰਬਲੀ ਬਿਲਡਿੰਗ ਵਿਕਟੋਰੀਆ ਦੇ ਪਿਛਲੇ ਪਾਸੇ ਦੀ ਪਾਰਕ 'ਚ ਅਜੇ ਵੀ ਹਾਪਕਿਨਸਨ ਦਾ ਨਾਂ ਸ਼ਿਲਾਲੇਖ ਉਪਰ ਅੰਕਿਤ ਹੈ, ਉਸ ਨੂੰ ਤੁਰੰਤ ਹਟਾਇਆ ਜਾਵੇ ਅਤੇ ਬੀਸੀ ਵਿਧਾਨ ਸਭਾ ਦੇ ਅੱਗੇ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦਾ ਬੁੱਤ ਲਗਾਇਆ ਜਾਵੇ।ਅੱਜ ਲੋੜ ਇਸ ਗੱਲ ਦੀ ਹੈ ਕਿ ਕੈਨੇਡਾ ਦੀਆਂ ਸਿੱਖ ਸੰਸਥਾਵਾਂ ਅਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਸ਼ਹੀਦ ਮੇਵਾ ਸਿੰਘ ਦੇ ਨਕਸ਼ੇ-ਕਦਮਾਂ ਤੇ ਪਹਿਰਾ ਦੇਣ। ਅੱਜ ਲੋੜ ਅਜਿਹੇ ਪ੍ਰਬੰਧਕਾਂ ਤੇ ਆਗੂਆਂ ਦੀ ਹੈ, ਜੋ ਭਾਈ ਮੇਵਾ ਸਿੰਘ ਦੀ ਸੋਚ ਅਨੁਸਾਰ ਮੌਜੂਦਾ ਨਸਲਵਾਦੀ ਅਤੇ ਫਾਸ਼ੀਵਾਦੀ ਤਾਕਤਾਂ ਖ਼ਿਲਾਫ਼ ਡਟਣ। ਹਾਪਕਿਨਸਨ ਅਤੇ ਬੇਲੇ ਵਰਗਿਆਂ ਦੇ ਵਾਰਿਸ ਅੱਜ ਵੀ ਖ਼ਤਮ ਨਹੀਂ ਹੋਏ, ਜਿਸ ਦੀ ਮਿਸਾਲ ਤਾਜ਼ਾ ਕੈਨੇਡਾ ਵੱਸਦੇ ਸਿੱਖ ਆਗੂਆਂ ਨੂੰ ਨਿਸ਼ਾਨਾ ਬਣਾਉਣ ਲਈ ਭਾਰਤੀ ਏਜੰਸੀਆਂ ਵੱਲੋਂ ਆਪਣੇ ਏਜੰਟਾਂ ਰਾਹੀਂ ਹਮਲਿਆਂ ਦੇ ਰੂਪ ਵਿੱਚ ਮਿਲਦੀ ਹੈ। ਸ਼ਹੀਦ ਮੇਵਾ ਸਿੰਘ ਲੋਪੋਕੇ ਦੇ ਵਾਰਿਸਾਂ ਨੂੰ ਤਕੜੇ ਹੋ ਕੇ ਮੈਦਾਨ ਵਿੱਚ ਨਿੱਤਰਨ ਦੀ ਲੋੜ ਹੈ, ਤਾਂ ਕਿ ਨਸਲਵਾਦੀ, ਬਸਤੀਵਾਦੀ ਅਤੇ ਮਨੁੱਖੀ ਹੱਕਾਂ ਨੂੰ ਕੁਚਲਣ ਵਾਲੀਆਂ ਹਕੂਮਤਾਂ ਖਿਲਾਫ਼ ਜੰਗ ਜਾਰੀ ਰੱਖਿਆ ਜਾ ਸਕੇ। ਕੈਨੇਡਾ ਦੇ ਇਤਿਹਾਸ ਵਿੱਚ ਚਿੱਟੇ ਨਸਲਵਾਦ ਦੇ ਖ਼ਾਤਮੇ ਦੀ ਇਹ ਗੌਰਵਮਈ ਗਾਥਾ ਸਾਡਾ ਸ਼ਾਨਾਮੱਤਾ ਇਤਿਹਾਸ ਹੈ। ਇਸ ਦਿਨ ਨੂੰ ਕੈਨੇਡਾ ਦੇ ਬਹੁ-ਸਭਿਆਚਾਰਕ ਢਾਂਚੇ ਦੇ ਮੁੱਢ ਬੱਝਣ ਬੰਨ੍ਹਣ ਵਜੋਂ ਚੇਤੇ ਕਰਨਾ ਚਾਹੀਦਾ ਹੈ

**ਕੋਆਰਡੀਨੇਟਰ, ਪੰਜਾਬੀ ਸਾਹਿਤ ਸਭਾ ਮੁਢਲੀ**
**ਐਬਟਸਫੋਰਡ, ਕੈਨੇਡਾ**


ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਊ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012

ਦਲਜੀਤ ਸਿੰਘ ਰਾਏ

ਲੇਡੀਜ਼ ਸੰਗੀਤ, ਜਾਗੋ, ਮਾਈਆਂ, ਵਿਆਹ, ਜਨਮਦਿਨ ਜਾਂ ਹੋਰ ਕਿਸੇ ਵੀ ਖੁਸ਼ੀ ਮੌਕੇ 'ਤੇ ਪਰਿਵਾਰਕ ਸੱਭਿਆਚਾਰਕ ਪ੍ਰੋਗਰਾਮਾਂ ਲਈ ਸੰਪਰਕ ਕਰੋ
ਚਰਨਜੀਤ ਕੌਰ (ਪੰਜਾਬੀ ਫੋਕ ਸਿੰਗਰ)
306-861-5876
306-891-5441
Email : devicharno35@gmail.com
Follow charanjeet_861


Passport Photos
Family Partrait
Graduation
Fashion | Glamour
Photo Restoration
Photography
for all occasions
ਪਾਸਪੋਰਟ ਫੋਟੋ 2 ਫੋਟੋ $5 ਦੀਆਂ
ROYAL PHOTO STUDIO
ਵਿਆਹ ਜਾਂ ਕਿਸੇ ਵੀ ਫੰਕਸ਼ਨ ਤੇ ਵੀਡੀਓ ਦੀ ਸੇਵਾ
HD Blu-Ray, Cinematography
#171-8138 128 Street, Surrey (Payal Business Centre)
8140-120 Street, Surrey ( ਇੰਡੀਆ ਕੌਂਸਲੇਟ ਦੇ ਥੱਲੇ)
Mandeep S. Dhillon 604-594-2131, 778-840-4600

ਕੀ ਤੁਸੀਂ ਕਰਜ਼ੇ ਤੋਂ ਪ੍ਰੇਸ਼ਾਨ ਹੋ ? ARE YOU IN DEBT?
ਤੁਸੀਂ ਕਰਜ਼ੇ ਤੇ ਟੈਕਸ ਤੋਂ ਬੱਚ ਸਕਦੇ ਹੋ।ਅਸੀਂ ਵੱਧ ਤੋਂ ਵੱਧ ਕਰਜ਼ਾ ਮੁਆਫ਼ ਕਰਵਾ ਸਕਦੇ ਹਾਂ।
ਕਿਸੇ ਤਰ੍ਹਾਂ ਦੀ ਵੀ ਫਾਈਨੈਂਸ਼ਲ ਪ੍ਰੋਬਲਮ ਹੋਵੇ
Any type Unsecured Debt WE CAN REDUCE YOU DEBT BY 70%
ਸਾਡੇ ਰੇਟ ਕਾਫੀ ਵਾਜ਼ਿਬ ਹਨ।
- ਕ੍ਰੈਡਿਟ ਕਾਰਡ - ਲਾਈਨ ਆਫ਼ ਕ੍ਰੈਡਿਟ
- ਜੀ.ਐਸ.ਟੀ. - ਕੋਲੈਕਸ਼ਨ ਕਾਲਜ
- ਟੈਕਸ ਸਬੰਧੀ ਕੋਈ ਵੀ ਪ੍ਰੋਬਲਮ
- ਅਸੀਂ ਬੈਂਕਰਪਸੀ ਵਿੱਚ ਵੀ ਮਦਦ ਕਰਦੇ ਹਾਂ।
Kulwinder Bains
Certified Credit Counceller
778-998-9402
Any type of Financial Problems?
- Personal or Business Loan
- Canada Revenue Debt
- Credit Cards - Line of Credits
- Student Loan
- We help you in Bankruptcy and Proposals
DDS: Diverse Debt Solutions Ltd.
unit # 205-12899-76 Ave. Surrey

ਲਿਖਤ : ਤਰਲੋਚਨ ਸਿੰਘ 'ਦੁਪਾਲਪੁਰ'
ਸੰਪਰਕ : 001-408-915-1268

# ਦਾਸਤਾਂ ਦੋ ਸ਼ਹੀਦਾਂ ਦੀ !





## ਫਾਂਸੀ ਤੋਂ ਇੱਕ ਦਿਨ ਪਹਿਲਾਂ...

### ਭਾਈ ਜਿੰਦਾ-ਸੁੱਖਾ ਵੱਲੋਂ ਪੰਥ ਦੇ ਨਾਂ ਲਿਖੀ ਚਿੱਠੀ

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਅੱਜ ਐਤਵਾਰ ਹੈ। ਰਾਤ ਨੂੰ ਇਹ ਚਿੱਠੀ ਅਸੀਂ ਆਹਮੋ-ਸਾਹਮਣੇ ਬੈਠਕੇ ਲਿਖ ਰਹੇ ਹਾਂ। ਆਪਣੀ ਕੌਮ ਨੂੰ ਯਾਦ ਕਰ ਰਹੇ ਹਾਂ। ਅਸੀਂ ਚਾਹੁੰਦੇ ਹਾਂ ਕਿ ਹਰ ਸਿੱਖ ਅੰਮ੍ਰਿਤਧਾਰੀ ਹੋਵੇ। ਸ਼ਸਤਰਧਾਰੀ ਹੋ ਕੇ ਖਾਲਸਾ ਪੰਥ ਦੀ ਸੇਵਾ ਕਰੇ। ਆਪਣੀ ਸਾਰੀ ਸਰੀਰਕ ਤੇ ਰੂਹਾਨੀ ਸ਼ਕਤੀ ਨੂੰ ਦਿੱਲੀ ਦਰਬਾਰ ਵਿਰੁੱਧ ਕੇਂਦਰਤ ਕਰਕੇ, ਆਪਣੀ ਰਾਜਸੀ ਚੇਤਨਾ ਨੂੰ ਇਕ ਬੁਲੰਦੀ ਤੇ ਪਹੁੰਚਾ ਕੇ, ਸਾਰਾ ਸੰਸਾਰ ਖਾਲਸਾ ਪੰਥ ਅਤੇ ਅਕਾਲ ਤਖਤ ਤੋਂ ਅਗਵਾਈ ਲੈਣ ਲਈ ਬਿਹਲਬਲ ਅਤੇ ਉਤਾਵਲਾ ਹੋ ਉਠੇ। ਜੰਗ-ਏ-ਖਾਲਿਸਤਾਨ ਦੁਨੀਆਂ ਭਰ ਵਿੱਚ ਲੜੀਆਂ ਗਈਆਂ ਅਤੇ ਲੜੀਆਂ ਜਾ ਰਹੀਆਂ ਜੰਗਾਂ ਨਾਲੋਂ ਭਿੰਨ ਹੈ ਕਿਉਂਕਿ ਜਿਥੇ ਦੂਸਰੀਆਂ ਜੱਦੋਜਹਿਦਾਂ ਦਾ ਆਧਾਰ ਦੁਨਿਆਵੀ ਕੀਮਤਾਂ ਹਨ, ਉਥੇ ਸਾਡੀ ਜੰਗ ਦਾ ਆਧਾਰ ਸੱਚ ਅਤੇ ਮਨੁੱਖਤਾ ਦੀ ਬੰਦਖਲਾਸੀ ਹੈ। ਖਾਲਿਸਤਾਨ ਦਾ ਸੰਘਰਸ਼ ਕੋਈ ਨਿਰਾ ਸਿਆਸੀ ਤੇ ਦੁਨਿਆਵੀ ਕਦਰਾਂ-ਕੀਮਤਾਂ ਦਾ ਰਿਣੀ ਨਹੀਂ ਸਗੋਂ ਇਸਦਾ ਸਹੀ ਅਰਥ ਧਰਮਯੁੱਧ ਹੈ। ਅਸੀਂ ਧਰਮ ਵਿੱਚ ਰੰਗ ਰੱਤਕੇ ਹੀ ਮੈਦਾਨੇਜੰਗ ਵਿੱਚ ਜਾਂਦੇ ਹਾਂ ਅਤੇ ਸਾਨੂੰ ਟੇਕ ਸਿਰਫ ਅਕਾਲ ਪੁਰਖ ਦੀ ਹੈ। ਸਾਨੂੰ ਬਹੁਤ ਪਿਆਰੇ ਹਨ, ਉਹ ਸਿੱਖੀ ਸਿਧਾਂਤ, ਜਿਨ੍ਹਾਂ ਕਾਰਣ ਅਸੀਂ ਧਰਮਯੁੱਧ ਆਰੰਭਿਆ ਸੀ। ਅਸੀਂ ਧਰਮ ਨੂੰ ਹਰਾ ਕੇ ਕੋਈ ਵੀ ਦੁਨਿਆਵੀ ਪਾਤਸ਼ਾਹੀ ਹਾਸਲ ਨਹੀਂ ਕਰਨਾ ਚਾਹੁੰਦੇ। ਐਸਾ ਕੋਈ ਵੀ ਖਾਲਿਸਤਾਨ ਸਿੱਖਾਂ ਲਈ ਘਾਤਕ ਹੋਵੇਗਾ, ਜੋ ਧਾਰਮਿਕ ਰੰਗ ਤੋਂ ਸੱਖਣਾ ਹੋਵੇ ਅਤੇ ਜਿਸ ਦੀ ਪ੍ਰਾਪਤੀ ਲਈ ਧਰਮ ਨੂੰ ਵਿਸਾਰਿਆ ਗਿਆ ਹੋਵੇ। ਪਿਛਲੇ 500 ਸਾਲਾਂ ਦੇ ਤਜ਼ਰਬੇ ਨੇ ਸਿੱਖਾਂ ਨੂੰ ਮਹਿਸੂਸ ਕਰਾ ਦਿੱਤਾ ਹੈ ਕਿ ਧਾਰਮਿਕ ਰਹਿਣ ਲਈ ਅਤੇ ਧਾਰਮਿਕ ਸਿੱਖਿਆਵਾਂ ਨੂੰ ਫੈਲਾਉਣ ਲਈ ਸਾਨੂੰ ਧਰਤੀ ਦੇ ਇਕ ਅਜਿਹੇ ਹਿੱਸੇ ਦੀ ਜ਼ਰੂਰਤ ਹੈ, ਜਿਥੇ ਸਾਡੀਆਂ ਜੜ੍ਹਾਂ ਫੈਲ ਸਕਣ। ਸਾਰਿਆਂ ਨੂੰ ਪਤਾ ਹੈ ਕਿ 1947 ਤੋਂ ਪਹਿਲਾਂ ਅਤੇ ਬਾਅਦ ਵਿੱਚ ਧਰਮਯੁੱਧ ਮੋਰਚੇ ਤੱਕ ਅਸੀਂ ਸ਼ਾਂਤਮਈ ਸੰਘਰਸ਼ ਦੀਆਂ ਉਹ ਸਿਖਰਾਂ ਛੂਹੀਆਂ ਹਨ, ਜੋ ਸਮੁੱਚੀ ਮਾਨਵਤਾ ਦੀਆਂ ਕਦਰਾਂ-ਕੀਮਤਾਂ ਦੇ ਇਤਿਹਾਸ ਦਾ ਸੁਨਹਿਰੀ ਅੰਗ ਹਨ। ਪਰ ਜਦੋਂ ਕੋਈ ਸੱਤਾ ਦੇ ਨਸ਼ੇ ਵਿੱਚ ਅੰਨ੍ਹਾ ਤੇ ਬੋਲਾ ਹੋ ਜਾਂਦਾ ਹੈ, ਉਸ ਵਕਤ ਸੰਘਰਸ਼ ਜ਼ਰੂਰੀ ਅਤੇ ਪਵਿੱਤਰ ਹੋ ਜਾਂਦਾ ਹੈ। ਖਾਲਸਾ ਸੰਘਰਸ਼ ਉਦੋਂ ਹੀ ਕਰਦਾ ਹੈ, ਜਦੋਂ ਹੋਰ ਹੀਲੇ ਨਿਸਫਲ ਹੋ ਜਾਂਦੇ ਹਨ। ਜਿਵੇਂ ਦਸਵੇਂ ਪਾਤਸ਼ਾਹ ਦਾ ਫੁਰਮਾਨ ਹੈ।

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ ॥

ਅੱਜ ਖਾਲਸਾ ਪੰਥ ਦੇ ਸਾਹਮਣੇ ਵਿਚਾਰ ਦਾ ਨੁਕਤਾ ਇਹ ਨਹੀਂ ਕਿ ਖਾੜਕੂ ਸੰਘਰਸ਼ ਲੜਿਆ ਜਾਵੇ ਤਾਂ ਸ਼ਾਂਤਮਈ? ਸਾਡੀ ਵਿਚਾਰਸ਼ਕਤੀ ਇਸ ਨੁਕਤੇ 'ਤੇ ਕੇਂਦਰਤ ਹੋਣੀ ਚਾਹੀਦੀ ਹੈ ਕਿ ਖਾੜਕੂ ਸੰਘਰਸ਼ ਵੱਡੇ ਅਸੂਲਾਂ ਅਤੇ ਇਲਾਹੀ ਕਦਰਾਂ-ਕੀਮਤਾਂ ਅਧੀਨ ਹੀ ਲੜੇ ਜਾਣ ਅਤੇ ਤਲਵਾਰ ਦੁੱਖ ਦੇਣ ਲਈ ਨਹੀਂ ਸਗੋਂ ਸੁੱਖ ਲਿਆਉਣ ਲਈ ਉਠਾਉਣੀ ਚਾਹੀਦੀ ਹੈ। ਬੰਦੂਕ ਸਦਾ ਹੀ ਫਲਸਫੇ ਦੇ ਅਧੀਨ ਚਾਹੀਦੀ ਹੈ। ਜੰਗਾਂ ਅਤੇ ਸ਼ਸਤਰਾਂ ਦਾ ਸਿੱਖਾਂ ਨਾਲ ਗਹਿਰਾ ਰਿਸ਼ਤਾ ਹੈ। ਜੰਗ ਅਤੇ ਸ਼ਸ਼ਤਰ ਤੋਂ ਮੁਨਕਰ ਹੋਣ ਵਾਲਾ ਸਿੱਖ ਭਟਕ ਚੁੱਕਿਆ ਹੈ।

ਮਨੁੱਖਾਂ ਦੀਆਂ ਸਮੂਹ ਕੌਮਾਂ ਅਤੇ ਜਾਤਾਂ ਨੂੰ ਇਹ ਧਰਮਯੁੱਧ ਸੱਚੋ-ਸੱਚ ਦਾ ਹੋਕਾ ਦੇਂਦਾ ਹੈ ਅਤੇ ਉਨ੍ਹਾਂ ਦੀ ਆਤਮਾ ਨੂੰ ਵੰਗਾਰਦਾ ਹੈ, ਤਾਂ ਜੋ ਮਨੁੱਖਤਾ ਆਪਣਾ ਮਾਰਗ ਪਛਾਣੇ। ਆਓ ਆਪਾਂ ਉਨ੍ਹਾਂ ਮਾਰਗਾਂ ਵੱਲ ਵਧੀਏ, ਜਿਨ੍ਹਾਂ ਬਾਰੇ ਗੁਰਾਂ ਨੇ ਫੁਰਮਾਇਆ ਹੈ -

ਚਰਨ ਚਲਉ ਮਾਰਗਿ ਗੋਬਿੰਦ ॥
ਮਿਟਹਿ ਪਾਪ ਜਪੀਐ ਹਰਿਬਿੰਦ ॥

ਕਿੰਨੇ ਫਖ਼ਰ ਵਾਲੀ ਗੱਲ ਹੈ ਕਿ ਸਾਨੂੰ ਮਨੁੱਖਾ ਜਨਮ ਨਸੀਬ ਹੋਇਆ, ਉਹ ਵੀ ਗੁਰੂਆਂ ਜੀ ਦੀ ਧਰਤੀ 'ਤੇ। ਕਿੱਡੇ ਵਡਭਾਗੇ ਹਾਂ ਕਿ ਸਾਡੀ ਮਾਂ ਬੋਲੀ ਗੁਰਬਾਣੀ ਹੈ, ਜਿਸ ਰਾਹੀਂ ਗੁਰੂਆਂ ਨੇ ਮਨੁੱਖਤਾ ਨੂੰ ਉਪਦੇਸ਼ ਦਿੱਤਾ। ਜਦੋਂ ਸਿੱਖ ਆਪਣੇ ਵਿਰਸੇ ਤੇ ਧਰਮ ਨੂੰ ਥੋੜ੍ਹਾ ਜਿੰਨਾਂ ਵੀ ਸਮਝ ਲਵੇਗਾ, ਉਸ ਵਕਤ ਉਸਦੇ ਮਸਲੇ ਹੱਲ ਹੋ ਜਾਣਗੇ। ਅਸੀਂ ਜੁਝਾਰੂ ਵੀਰਾਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਆਪਣੇ ਸਹੀ ਰਾਹ ਨੂੰ ਪਛਾਣਨ ਅਤੇ ਭੂਤਕਾਲ ਦਾ ਮੁਲਾਂਕਣ ਕਰਕੇ ਸੁਨਹਿਰੀ ਭਵਿੱਖ ਦੀ ਉਸਾਰੀ ਲਈ ਹੋਰ ਸਰਗਰਮ ਹੋਣ। ਅਸੀਂ ਅਸੂਲਾਂ ਲਈ ਉਚੇ ਇਖਲਾਕ ਦੀ ਲੜਾਈ ਲੜਨੀ ਹੈ। ਇਸ ਸਫਰ ਦੇ ਪਾਂਧੀਆਂ ਲਈ ਇਹ ਜ਼ਰੂਰੀ ਹੈ ਕਿ ਉਨ੍ਹਾਂ ਦਾ ਕਿਰਦਾਰ ਬਹੁਤ ਉਚਾ ਹੋਵੇ। ਕਿਸੇ ਦੁਸ਼ਟ ਦੋਖੀ ਨੂੰ ਸੋਧਣ ਦਾ ਹੱਕ ਉਸ ਗੁਰਮੁਖ ਨੂੰ ਹੀ ਹੈ, ਜਿਸਦਾ ਆਪਣਾ ਜੀਵਨ ਇਖਲਾਕ ਉਸ ਦੁਸ਼ਟ ਤੋਂ ਬਹੁਤ ਉਚਾ ਹੋਵੇ। ਇਨ੍ਹਾਂ ਲੀਹਾਂ 'ਤੇ ਤੁਰਦਿਆਂ ਹੀ ਸਤਿਗੁਰਾਂ ਸਾਡੇ 'ਤੇ ਮਿਹਰ ਕਰਨੀ ਹੈ।

-ਹਰਜਿੰਦਰ ਸਿੰਘ,
ਸੁਖਦੇਵ ਸਿੰਘ ਪੂਨਾ ਜੇਲ੍ਹ

ਅਣਖ ਤੇ ਸਵੈਮਾਣ ਦੀ ਬਹਾਲੀ ਲਈ ਲਹੂ-ਭਿੱਜਾ ਇਤਿਹਾਸ ਰਚਣ ਵਾਲੇ ਸ਼ਹੀਦ ਸੂਰਮਿਆਂ ਦੀ ਗਾਥਾ ਲਿਖਣ ਲੱਗਿਆਂ ਕਲਮ ਨੂੰ ਵੀ ਦੰਦਲ਼ਾਂ ਪੈਂਦੀਆਂ ਹਨ! ਦਿਲ ਕਰਦਾ ਹੈ ਕਿ ਸ਼ਹਾਦਤਾਂ ਦੀ ਇਬਾਰਤ ਲਿਖਣ ਲਈ, ਰਵਾਇਤੀ ਸ਼ਬਦ ਲਾਂਭੇ ਕਰਕੇ, ਸ਼ਹੀਦੀ ਮਾਰਗ ਦੀ ਪਾਵਨ ਧੂੜ ਵਿਚੋਂ ਸੁੱਚੇ ਮੋਤੀਆਂ ਜਿਹੇ ਅਣਛੋਹੇ ਸ਼ਬਦ ਲਿਆ ਕੇ, ਸਿਰਲੱਥ ਯੋਧਿਆਂ ਦ ਦਾਸਤਾਨ ਲਿਖੀ ਜਾਵੇ। ਬੇਸ਼ੱਕ ਸ਼ਹੀਦੀ ਦਾ ਸੰਕਲਪ ਇਸਲਾਮਿਕ ਪਰੰਪਰਾ ਦੀ ਗੋਦ ਵਿਚੋਂ ਆਇਆ ਹੈ ਪਰ ਸਿੱਖ ਧਰਮ ਨੇ ਸ਼ਹਾਦਤਾਂ ਦਾ ਇੱਕ ਅਦੁੱਤੀ ਇਤਿਹਾਸ ਸਿਰਜ ਕੇ ਦਿਖਾਇਆ ਕਿ ਪੱਤਝੜਾਂ ਭਾਵੇਂ ਜਿੰਨੀਆਂ ਮਰਜ਼ੀ ਜ਼ਾਲਮ ਹੋਣ, ਪਰ ਬਗ਼ਾਵਤ ਦੇ ਬੀਜ਼ ਉੱਗ ਹੀ ਪੈਂਦੇ ਨੇ। ਸ਼ਹੀਦ ਇਹ ਅਗਮ-ਨਿਗਮ ਦੀ ਗੱਲ ਜਾਣਦਾ ਹੁੰਦਾ ਹੈ ਕਿ ਪਤਝੜ ਦੇ ਹਰ ਉਦਾਸ ਬੁੱਲੇ ਵਿਚ ਬਹਾਰ ਦਾ ਸੁਨੇਹਾ ਵੀ ਲੁਕਿਆ ਹੁੰਦਾ ਹੈ। ਕਹਿੰਦੇ ਨੇ ਜਾਨ ਦੀ ਬਾਜ਼ੀ ਲਾਉਣ ਲੱਗਿਆਂ ਸ਼ਹੀਦ ਨੂੰ ਵਿਉਂਤਾਂ ਲੱਭਣ ਜਾਂ ਜਿਊਣ ਲਈ ਆਸਰੇ ਭਾਲਣ ਕੋਈ ਲੋੜ ਨਹੀਂ ਹੁੰਦੀ। ਉਹ ਮਿਸ਼ਨ ਪ੍ਰਤੀ ਨੱਕ ਦੇ ਸੇਧੇ ਤੁਰਿਆ ਜਾਂਦਾ ਹੈ।

ਹਥਲੇ ਲੇਖ ਵਿਚ ਵੀਹਵੀਂ ਸਦੀ ਦੇ ਸਿੱਖ ਇਤਿਹਾਸ ਵਿਚ ਗੌਰਵ ਮਈ ਸਥਾਨ ਹਾਸਲ ਕਰਨ ਵਾਲ਼ੇ ਕੌਮ ਦੇ ਦੋ ਕੇਸਰੀ ਫੁੱਲਾਂ, ਜਿੰਦਾ-ਸੁੱਖਾ (ਭਾਈ ਹਰਜਿੰਦਰ ਸਿੰਘ ਤੇ ਭਾਰੀ ਸੁਖਦੇਵ ਸਿੰਘ) ਦੀ ਰੌਂਗਟੇ ਖੜ੍ਹੇ ਕਰ ਦੇਣ ਵਾਲੀ ਦਾਸਤਾਂ ਬਿਆਨ ਕਰਦਾ ਦਾ ਯਤਨ ਕੀਤਾ ਜਾ ਰਿਹਾ ਹੈ। ਜਿਨ੍ਹਾਂ ਦੀ ਸਾਲਾਨਾ ਬਰਸੀ ਹਰ ਸਾਲ ਨੌਂ ਅਕਤੂਬਰ ਨੂੰ ਮਨਾਈ ਜਾਂਦੀ ਹੈ। ਇਨ੍ਹਾਂ ਦੋਹਾਂ ਸੂਰਬੀਰਾਂ ਨੇ ਪੰਥ ਦੀ ਅਣਖ ਤੇ ਗ਼ੈਰਤ ਨੂੰ ਕਾਇਮ ਰੱਖਦਿਆਂ ਹੋਇਆ, ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਬੇਹੁਰਮਤੀ ਦਾ ਬਦਲਾ ਲਿਆ। ਪੰਜਾਬ ਤੋਂ ਸੈਂਕੜੇ ਮੀਲ ਦੂਰ ਜਾ ਕੇ ਪੂਨਾ (ਮਹਾਰਾਸ਼ਟਰ) ਵਿਖੇ ਜਨਰਲ ਵੈਦਿਆ ਦੀ ਜਾ ਖ਼ਬਰ ਲਈ। ਇਸੇ ਤਰ੍ਹਾਂ ਨਵੰਬਰ ਚੁਰਾਸੀ ਵਾਲੇ ਦਿੱਤੀ ਕਤਲੇਆਮ ਦੇ ਕੁੱਝ ਦੋਸ਼ੀਆਂ ਨੂੰ ਸੋਧ ਕੇ, ਦਿੱਤੀ ਦਾ ਤਖ਼ਤ ਹਿਲਾ ਕੇ ਰੱਖ ਦਿੱਤਾ ਸੀ। ਬੱਸ ਫਿਰ ਦਿੱਲੀ ਦੇ ਮਾਲਕਾਂ ਨੂੰ ਉਨ੍ਹਾਂ ਚਿਰ ਚੈਨ ਦੀ ਨੀਂਦ ਨਹੀਂ ਆਈ, ਜਿੰਨਾ ਭਾਈ ਜਿੰਦੇ ਤੇ ਭਾਈ ਸੁੱਖੇ ਦੇ ਗ਼ਲ ਵਿਚ ਫਾਂਸੀ ਦਾ ਫੰਧਾ ਨਹੀਂ ਪੈ ਗਿਆ।

ਸ਼ਹਾਦਤਾਂ ਦੀ ਕੇਸਰੀ ਬਗੀਚੀ ਦੇ ਸੁਨਹਿਰੀ ਫੁੱਲਾਂ ਦੀ ਚਮਕ ਨੂੰ, ਕੁੱਝ ਬਿਪਰਵਾਦੀ ਜਾਂ ਖੱਸੀ ਕਲਮਾਂ, ਬੇਰੁਜ਼ਗਾਰੀ ਅਤੇ ਅਨਪੜ੍ਹਤਾ ਨਾਲ ਨੱਥੀ ਕਰ ਕਰਕੇ ਛੁਟਿਆਉਂਦੀਆਂ ਨੇ। ਪਰ ਭਾਈ ਜਿੰਦੇ -ਸੁੱਖੇ ਦੀ ਕਹਾਣੀ, ਇਹੋ ਜਿਹਾ ਕੂੜ-ਪ੍ਰਚਾਰ ਕਰਨ ਵਾਲਿਆਂ ਦੇ ਮੂੰਹ 'ਤੇ ਕਰਾਰੀ ਚਪੇੜ ਹੈ। ਫ਼ਰਵਰੀ 1961 ਵਿਚ ਪਿੰਡ ਗਦਲੀ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਜਨਮੇ ਭਾਈ ਹਰਜਿੰਦਰ ਸਿੰਘ ਨੇ ਮੁੱਢਲੀ ਪੜ੍ਹਾਈ ਆਪਣੇ ਪਿੰਡੋਂ ਹੀ ਕੀਤੀ। ਗਹਿਰੀ ਮੰਡੀ ਤੋਂ ਮੈਟ੍ਰਿਕ ਅਤੇ ਬਾਰ੍ਹਵੀਂ ਜੰਡਿਆਲਾ ਗੁਰੂ ਤੋਂ ਕਰਨ ਉਪਰੰਤ ਉਦੋਂ ਉਹ ਖ਼ਾਲਸਾ ਕਾਲਜ ਸ਼੍ਰੀ ਅੰਮ੍ਰਿਤਸਰ ਵਿਚ ਬੀ. ਏ. (ਦੂਜਾ ਸਾਲ) ਕਰ ਰਹੇ ਸਨ, ਜਦੋਂ ਜੂਨ-ਚੁਰਾਸੀ ਵਾਲਾ ਘੱਲੂਘਾਰਾ ਵਾਪਰ ਗਿਆ। ਪੰਜਵੇਂ ਪਾਤਸ਼ਾਹ ਦਾ ਸ਼ਹੀਦੀ ਪੁਰਬ ਮਨਾਉਣ ਆਈਆਂ ਸੰਗਤਾਂ ਨੂੰ ਭਾਰਤੀ ਫ਼ੌਜ ਨੇ ਗੋ਼ਲੀਆਂ-ਟੈਂਕਾਂ ਨਾਲ ਭੁੰਨ ਦਿੱਤਾ। ਸ਼੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨ ਦੇ ਨਾਲ-ਨਾਲ ਚਾ਼ਲੀ ਦੇ ਲਗਭਗ ਹੋਰ ਗੁਰਧਾਮਾਂ ਵਿਚ ਕਤਲੇਆਮ ਮਚਾਈ ਅਤੇ ਬੇਹੁਰਮਤੀ ਕੀਤੀ। ਪਿੰਡਾਂ ਵਿਚ ਵੀ ਸਿੱਖ ਗੱਭਰੂਆਂ ਨੂੰ ਜ਼ੁਲਮ ਦਾ ਨਿਸ਼ਾਨਾ ਬਣਾਇਆ ਗਿਆ। ਤਿੰਨ ਤੋਂ ਦਸ ਜੂਨ (1984) ਦੌਰਾਨ ਵੱਖ ਵੱਖ ਪਿੰਡਾਂ ਥਾਵਾਂ ਤੋਂ ਸਿੰਘਾਂ ਦੇ ਜਥੇ ਗਰੁੱਪਾਂ ਦੀ ਸ਼ਕਲ ਵਿਚ ਸ਼੍ਰੀ ਦਰਬਾਰ ਸਾਹਿਬ ਵੱਲ ਚਾਲੇ ਪਾਉਂਦੇ। ਪਰ ਚੱਪੇ ਚੱਪੇ ਉੱਤੇ ਤਾਇਨਾਤ ਫ਼ੌਜੀ ਜਵਾਨ, ਇਨ੍ਹਾਂ ਜਥਿਆਂ ਉੱਪਰ ਅੰਨ੍ਹੇ ਵਾਹ ਫਾਇਰਿੰਗ ਕਰਕੇ, ਅਜਿਹੇ ਯਤਨਾਂ ਨੂੰ ਨਕਾਰਾ ਕਰ ਦਿੰਦੇ।

ਅਜਿਹੇ ਭੀਹਾਵਲੇ ਮਾਹੌਲ ਵਿਚ ਕਾਲਜ ਪੜ੍ਹਦੇ ਭਾਈ ਜਿੰਦੇ ਦੇ ਖ਼ੂਨ ਨੇ ਉਬਾ਼ਲਾ ਖਾਧਾ। ਪੜ੍ਹਾਈ ਵਿੱਚੇ ਛੱਡ ਕੇ ਇਹ ਸ਼੍ਰੀ ਦਰਬਾਰ ਸਾਹਿਬ ਵੱਲ ਜਾਂਦੇ ਜਥਿਆਂ ਵਿਚ ਸ਼ਾਮਲ ਹੁੰਦਾ ਪਰ ਥਾਂ-ਥਾਂ ਲੱਗੇ ਫ਼ੌਜੀ ਨਾਕੇ ਇਨ੍ਹਾਂ ਦੀ ਪੇਸ਼ ਨਾ ਜਾਣ ਦਿੰਦੇ। ਦੁਖੀ ਹਿਰਦਿਆਂ ਨਾਲ ਬੇ-ਵੱਸ ਹੋਏ ਕਚੀਚੀਆਂ ਵਟਦੇ ਘਰੀਂ ਆਣ ਪਰਤਦੇ। 'ਜਬੈ ਬਾਣ ਲਾਗਯੋ, ਤਬੈ ਰੋਸ ਜਾਗਿਓ' ਅਨੁਸਾਰ ਭਾਈ ਜਿੰਦਾ ਘਰ ਨਹੀਂ ਰੁਕਿਆ। ਉਹ ਆਪਣੇ ਨਾਨਕੇ ਪਿੰਡ ਚੱਕ ਬਾਈ ਐੱਚ. ਸੀ. ਸ਼੍ਰੀ ਨਗਰ ਚਲਾ ਗਿਆ। ਇੱਥੇ ਹੀ ਦੋਹਾਂ ਨੇ ਸਿੱਖ ਕੌਮ ਦੀ ਹੋਈ ਬੇ ਪਤੀ ਦਾ ਬਦਲਾ ਲੈਣ ਦਾ ਪ੍ਰਣ ਕੀਤਾ। ਮਨ ਹੀ ਮਨ ਦੋਹਾਂ ਗੱਭਰੂਆਂ ਨੇ, ਚਮਕੌਰ ਦੀ ਗੜ੍ਹ ਵਿਚ ਬਿਰਾਜਮਾਨ ਕਲ਼ਗੀਆਂ ਵਾ਼ਲੇ ਪਾਤਸ਼ਾਹ ਨਾਲ ਕੁੱਝ ਅਜਿਹੀ ਪ੍ਰਤਿੱਗਿਆ ਕੀਤੀ-

ਬਾਪੂ ਵੇਖਦਾ ਰਹੀਂ ਤੂੰ ਬੈਠ ਕੰਢੇ,
ਕਿਵੇਂ ਤਰਨਗੇ 'ਅਜੀਤ-ਜੁਝਾਰ' ਤੇਰੇ
ਟੁੱਭੀ ਮਾਰ ਕੇ ਸਰਸਾ ਦੇ ਰੋੜ੍ਹ ਅੰਦਰ,
ਕੱਢ ਲਵਾਂਗੇ ਸਾਰੇ ਹੀ ਗੀਤ ਤੇਰੇ!
'ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ,
ਕਿਲਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ।
ਝੋਰਾ ਕਰੀਂ ਨਾ ਕਿਲੇ ਅਨੰਦਪੁਰ ਦਾ,
ਕੁੱਲੀ ਕੁੱਲੀ ਨੂੰ ਕਿਲਾ ਬਣਾ ਦਿਆਂਗੇ।

(ਸੰਤ ਰਾਮ ਉਦਾਸੀ)

ਪੰਥ ਦੀ ਆਨ ਤੇ ਸ਼ਾਨ ਨੂੰ ਮਲੀਆਮੇਟ ਕਰਨ ਲਈ ਚੜ੍ਹੀ ਆ ਰਹੀ ਬਿਪਰਵਾਦ ਦੀ 'ਸਰਸਾ' ਨੂੰ ਠੱਲ੍ਹ ਪਾਉਣ ਲਈ ਭਾਈ ਜਿੰਦੇ ਦਾ ਸਾਥੀ ਬਣਿਆ ਭਾਈ ਸੁੱਖਾ ਰਾਜਸਥਾਨ ਦੇ ਜਿਲ੍ਹਾ ਗੰਗਾ ਨਗਰ (ਚੱਕ ਨੰ: ਗਿਆਰਾਂ) ਵਿਚ ਪੈਦਾ ਹੋਇਆ। ਜੂਨ ਚੁਰਾਸੀ ਦੇ ਘੱਲੂਘਾਰੇ ਵੇ਼ਲੇ ਇਹ ਐਮ. ਏ. ਇੰਗਲਿਸ਼ (ਦੂਜਾ ਸਾਲ) ਦਾ ਵਿਦਿਆਰਥੀ ਸੀ। ਦੋਹਾਂ ਦਾ ਮਿਲਾਪ 'ਸੋਨੇ ਤੇ ਸੁਹਾਗੇ' ਵਾਲੀ ਗੱਲ ਹੋ ਨਿੱਬੜਿਆ। ਪੂਰੀ ਯੋਜਨਾਬੰਦੀ ਕਰਕੇ ਇਨ੍ਹਾਂ ਨੇ ਦਿੱਲੀ ਨੂੰ ਆਪਣੀਆਂ 'ਸਰਗਰਮੀਆਂ' ਦਾ ਕੇਂਦਰ ਬਣਾ ਲਿਆ। ਕਿਤੇ 'ਨਿਸ਼ਾਨੇ' ਉੱਤੇ ਮਾਰ ਕਰਨ ਲਈ ਸਕੀਮਾਂ ਬਣਾਉਂਦਿਆਂ ਭਾਈ ਜਿੰਦਾ ਪੁਲਿਸ ਦੇ ਕਾਬੂ ਆ ਗਿਆ। ਪਰ ਸਤਿ-ਗੁਰੂ ਨੇ ਸ਼ਾਇਦ ਇਸ ਤੋਂ ਹਾਲੇ ਹੋਰ 'ਵਡਮੁੱਲੀ ਸੇਵਾ ਲੈਣੀ ਸੀ। ਕਿਸੇ ਜੁਗਤ ਨਾਲ ਇਹ ਜੇਲ੍ਹ 'ਚੋਂ ਫ਼ਰਾਰ ਹੋਣ 'ਚ ਕਾਮਯਾਬ ਹੋ ਗਿਆ।

ਇਸ ਘਟਨਾ ਉਪਰੰਤ ਦੋਹਾਂ ਨੇ ਮਿ਼ਲ ਕੇ, ਜੂਨ ਚੁਰਾਸੀ ਵੈਦਿਆ ਨੂੰ ਆਪਣਾ 'ਟਾਰਗੈਟ' ਮਿੱਥ ਲਿਆ। ਇੱਥੇ ਇਹ ਯਾਦ ਕਰਾਇਆ ਜਾਂਦਾ ਹੈ ਕਿ ਇਸ ਫ਼ੌਜੀ ਜਰਨੈਲ ਨਾਲ ਸੁੱਖੇ-ਜਿੰਦੇ ਦੀ ਕੋਈ ਜਾਤੀ ਦੁਸ਼ਮਣੀ ਜਾਂ ਕੋਈ ਰੰਜਸ਼ ਨਹੀਂ ਸੀ। ਇਨ੍ਹਾਂ ਨੌਜਵਾਨਾਂ ਨੇ ਸਿਰਫ਼ ਖ਼ਾਲਸਾ ਪੰਥ ਦੀਆਂ ਚੱਲੀਆਂ ਆ ਰਹੀਆਂ ਪੁਰਾਤਨ ਪਰੰਪਰਾਵਾਂ ਦਾ ਪਾਲਣ ਕਰਦਿਆਂ ਜਨਰਲ ਵੈਦਿਆ ਨੂੰ ਨਿਸ਼ਾਨਾ ਬਣਾਇਆ। ਜੋ ਉਸ ਮੌਕੇ ਸੇਵਾ-ਮੁਕਤੀ ਉਪਰੰਤ ਪੂਨੇ ਰਹਿ ਰਿਹਾ ਸੀ। ਦੱਸਿਆ ਜਾਂਦਾ ਹੈ ਕਿ ਜਦੋਂ ਸੁੱਖਾ-ਜਿੰਦਾ ਉਹਦੇ 'ਤੇ ਹਮਲਾਵਰ ਹੋਏ, ਉਸ ਸਮੇਂ ਉਸਦੇ ਅੰਗ-ਰੱਖਿਅਕ ਵੀ ਨਾ਼ਲੇ ਸਨ ਅਤੇ ਉਸ ਨੇ ਖ਼ੁਦ ਵੀ 'ਲੋਡਿਡ ਰਿਵਾਲਵਰ' ਪਾਇਆ ਹੋਇਆ ਸੀ। ਪਰ ਤਦ ਵੀ ਭਾਈ ਸੁੱਖਾ-ਜਿੰਦਾ ਆਪਣੇ ਮਿਸ਼ਨ 'ਚ ਕਾਮਯਾਬ ਰਹੇ।

ਅਦਾਲਤੀ ਕਾਰਵਾਈ ਚਲਦਿਆਂ ਆਖ਼ਰ ਇੱਕੀ ਅਕਤੂਬਰ 1989 ਨੂੰ ਪੂਨਾ ਹਾਈ ਕੋਰਟ ਦੇ ਜੱਜ ਮਿਸਟਰ ਵੀ. ਐਲ. ਰੂਈਕਰ ਨੇ, ਇਨ੍ਹਾਂ ਦੋਹਾਂ ਸੂਰਮਿਆਂ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ। ਫ਼ੈਸਲਾ ਸੁਣਾਉਣ ਵੇ਼ਲੇ ਜੱਜ ਦੀ ਆਵਾਜ਼ ਥਿੜਕ ਰਹੀ ਸੀ। ਪਰ ਅਦਾਲਤੀ ਅਮਲੇ ਮੁਤਾਬਿਕ ਦੋਵੇਂ ਸਿੰਘ ਮੁਸਕਰਾ ਕੇ ਜੱਜ ਨੂੰ ਕਹਿਣ ਲੱਗੇ-

"...ਇਸ ਖ਼ੁਸ਼ੀ ਮੌਕੇ ਅਸੀਂ ਤੁਹਾਨੂੰ
ਪਾਰਟੀ ਦੇਣਾ ਚਾਹੁੰਦੇ ਹਾਂ!"

ਜੱਜ ਦੇ ਕਮਰੇ ਅਤੇ ਅਤੇ ਜੇਲ੍ਹ ਵਿਚ ਜਾ ਕੇ, ਸੱਚਮੁੱਚ ਦੋਹਾਂ ਗੱਭਰੂਆਂ ਨੇ ਸਭ ਦਾ ਮੂੰਹ ਮਿੱਠਾ ਕਰਵਾਇਆ। ਜੇਲ੍ਹ ਦੇ ਹੋਰ ਕੈਦੀ ਫਾਂਸੀ ਸੁਣ ਕੇ ਦੁਖੀ ਅਤੇ ਗ਼ਮਗੀਨ ਹੋ ਗਏ, ਪਰ ਇਹ ਦੋਵੇਂ ਮੌਤ ਨੂੰ ਮਖ਼ੌਲ ਕਰ ਰਹੇ ਸਨ। ਕਿਹਾ ਜਾਂਦਾ ਹੈ ਕਿ ਜੱਜ ਰੂਈਕਰ ਨੇ ਪਹਿਲੀ ਵਾਰ ਕਿਸੇ ਕੈਦੀ ਨੂੰ ਫਾਂਸੀ ਦੀ ਸਜ਼ਾ ਸੁਣਾਈ ਸੀ। ਇਸ ਜੱਜ ਨੇ ਬਾਅਦ ਵਿਚ ਪ੍ਰਾਈਵੇਟ ਤੌਰ 'ਤੇ ਇਹ ਸ਼ਬਦ ਕਹੇ ਸਨ-

"...ਮੈਂ ਇਨ੍ਹਾਂ ਨੌਜਵਾਨਾ ਨੂੰ ਫਾਂਸੀ ਨਹੀਂ ਸੀ ਦੇਣਾ ਚਾਹੁੰਦਾ... ਪਰ ਮੈਂ ਮਜਬੂਰ ਸਾਂ। ਸੁੱਖਾ ਤੇ ਜਿੰਦਾ ਦੋਵੇਂ ਚੰਗੇ ਇਨਸਾਨ ਹਨ ਮੈਂ ਇਨ੍ਹਾਂ ਦਾ ਦਿਲੋਂ ਸਤਿਕਾਰ ਕਰਦਾ ਹਾਂ, ਮੈਂ ਅੱਜ ਤੱਕ ਅਜਿਹੇ ਬੰਦੇ ਨਹੀਂ ਦੇਖੇ। ਮੈਂ ਇਨ੍ਹਾਂ ਦੋਹਾਂ ਦੀਆਂ ਫ਼ੋਟੋਆਂ ਆਪਣੇ ਘਰ ਜ਼ਰੂਰ ਲਾਵਾਂਗਾ...।" ਫਾਂਸੀ ਤੋਂ ਕੁੱਠ ਦਿਨ ਪਹਿਲਾਂ ਭਾਈ ਜਿੰਦੇ ਅਤੇ ਭਾਈ ਸੁੱਖੇ ਨੇ ਆਪਣੇ ਘਰਦਿਆਂ ਨੂੰ ਮੁਲਾਕਾਤ ਦੌਰਾਨ ਦੱਸਿਆ ਸੀ ਕਿ ਉਹ ਨੌਂ ਅਕਤੂਬਰ (ਫਾਂਸੀ ਦੇਣ ਲਈ ਮੁਕੱਰਰ ਮਿਤੀ) ਦੀ ਸਵੇਰ ਹੋਣ ਤੱਕ, ਰਾਤ 10 ਤੋਂ 12 ਵਜੇ ਤੱਕ ਆਰਾਮ ਕਰਨਗੇ।

☛ ਬਾਕੀ ਸਫ਼ਾ 19 'ਤੇ

# ਮਨੁੱਖੀ ਹੱਕਾਂ ਦੇ ਸੰਘਰਸ਼ ਦੇ ਪ੍ਰਸੰਗ 'ਚ ਤਰਸੇਮ ਸਿੰਘ ਜੱਸੜ ਦੀ ਫਿਲਮ 'ਗੁਰੂ ਨਾਨਕ ਜਹਾਜ਼' (The Journey of Komagata Maru)

**ਡਾ. ਗੁਰਵਿੰਦਰ ਸਿੰਘ**

ਮਸ਼ਹੂਰ ਫਿਲਮਕਾਰ ਤਰਸੇਮ ਸਿੰਘ ਜੱਸੜ ਦੇ ਸੋਸ਼ਲ ਅਕਾਊਂਟ 'ਤੇ ਅੱਜ 'ਗੁਰੂ ਨਾਨਕ ਜਹਾਜ਼' ਫਿਲਮ ਦਾ ਪੋਸਟਰ ਦੇਖਿਆ, ਜਿਸ ਉੱਤੇ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦੀਆਂ ਤਸਵੀਰਾਂ ਹਨ। ਇਹ ਸ਼ਲਾਘਾਯੋਗ ਕਦਮ ਹੈ, ਜਿਸ ਦਾ ਪੁਰਜ਼ੋਰ ਸਵਾਗਤ ਹੈ। ਇਸ ਬਾਰੇ ਇਤਿਹਾਸਕ ਸੰਦਰਭ ਜਾਨਣਾ ਲਾਹੇਵੰਦ ਹੋਵੇਗਾ। ਦਰਅਸਲ ਗੁਰੂ ਨਾਨਕ ਜਹਾਜ਼ ਦੀ ਦਾਸਤਾਨ ਮਨੁੱਖੀ ਆਜ਼ਾਦੀ ਦੇ ਸੰਘਰਸ਼ ਦੇ ਦੌਰ ਦੀ ਇਤਿਹਾਸਕ ਘਟਨਾ ਹੈ, ਜਿਸ ਦੇ ਅਸਲੀ ਇਤਿਹਾਸ ਨੂੰ ਜਾਣੇ ਅਣਜਾਣੇ ਵਿੱਚ ਮਿਟਾਇਆ ਜਾ ਰਿਹਾ ਹੈ। ਇਹ ਦਾਸਤਾਨ 'ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦੀ ਹੈ, ਜਿਸ ਨੂੰ ਵਧੇਰੇ ਕਰਕੇ ਕਾਮਾਗਾਟਾ ਮਾਰੂ ਕੰਪਨੀ ਦੇ ਨਾਂ ਤੇ ਹੀ ਪ੍ਰਚਾਰਿਆ ਜਾਂਦਾ ਹੈ। 20ਵੀਂ ਸਦੀ ਦੇ ਆਰੰਭ ਵਿੱਚ, ਕੈਨੇਡਾ ਵਿੱਚ ਪਹਿਲਾਂ ਭਾਰਤੀਆਂ ਤੋਂ ਵੋਟ ਦਾ ਹੱਕ ਖੋਹਿਆ ਗਿਆ ਤੇ ਉਸ ਤੋਂ ਬਾਅਦ ਕੈਨੇਡਾ ਆਉਣ ਲਈ ਪ੍ਰਵਾਸੀਆਂ ਉੱਪਰ ਆਪਣੇ ਮੁਲਕ ਤੋਂ ਸਿੱਧੇ ਸਫ਼ਰ ਦੀ ਸ਼ਰਤ ਲਾ ਦਿੱਤੀ ਗਈ। ਸਿੱਧੇ ਸਫਰ ਦੇ ਕਾਲੇ ਕਾਨੂੰਨ ਨੂੰ ਪ੍ਰਭਾਵਹੀਣ ਕਰਨ ਲਈ, ਕੈਨੇਡਾ ਦੇ ਮੋਢੀ ਸਿੱਖਾਂ ਦੀ ਸਲਾਹ 'ਤੇ, ਸਿੱਖ ਆਗੂ ਬਾਬਾ ਗੁਰਦਿੱਤ ਸਿੰਘ ਸਰਹਾਲੀ ਨੇ ਕੈਨੇਡਾ ਸਰਕਾਰ ਦੇ 'ਨਸਲੀ ਵਿਤਕਰੇ ਵਾਲੇ ਕਾਨੂੰਨ' ਨੂੰ ਚੁਣੌਤੀ ਦੇਣ ਲਈ ਜਨਵਰੀ 1914 ਵਿੱਚ ਕਲਕੱਤੇ ਜਾ ਕੇ 'ਗੁਰੂ ਨਾਨਕ ਸਟੀਮਸ਼ਿਪ ਕੰਪਨੀ' ਕਾਇਮ ਕੀਤੀ, ਜਿਸ ਅਧੀਨ 'ਗੁਰੂ ਨਾਨਕ ਸਾਹਿਬ' ਦੇ ਨਾਂ 'ਤੇ ਜਹਾਜ਼, ਕਿਰਾਏ 'ਤੇ ਲੈਣ ਦਾ ਫੈਸਲਾ ਕੀਤਾ ਗਿਆ।

ਇਸ ਉਦੇਸ਼ ਦੀ ਪੂਰਤੀ ਲਈ ਕਾਮਾਗਾਟਾਮਾਰੂ ਨਾਂ ਦਾ ਸਮੁੰਦਰੀ ਬੇੜਾ, ਗੁਰੂ ਨਾਨਕ ਸਟੀਮਸ਼ਿਪ ਕੰਪਨੀ ਨੇ 11 ਹਜ਼ਾਰ ਡਾਲਰ ਪ੍ਰਤੀ ਮਹੀਨੇ ਦੇ ਹਿਸਾਬ, ਨਾਲ ਛੇ ਮਹੀਨੇ ਲਈ 66 ਹਜ਼ਾਰ ਡਾਲਰ 'ਤੇ, 19 ਮਾਰਚ 1914 ਨੂੰ ਜਪਾਨੀ ਕੰਪਨੀ ਤੋਂ ਕਿਰਾਏ 'ਤੇ ਲਿਆ। ਹਾਂਗਕਾਂਗ ਗੁਰਦੁਆਰਾ ਸਾਹਿਬ ਵਿਖੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਅਖੰਡ ਪਾਠ ਕਰਵਾਏ ਗਏ ਅਤੇ ਸਮੁੰਦਰੀ ਜਹਾਜ਼ ਕਾਮਾਗਾਟਾਮਾਰੂ ਦਾ ਨਾਮਕਰਨ 'ਗੁਰੂ ਨਾਨਕ ਜਹਾਜ਼' ਕੀਤਾ ਗਿਆ। ਗੁਰੂ ਨਾਨਕ ਜਹਾਜ਼ ਦੀਆਂ ਟਿਕਟਾਂ 'ਗੁਰੂ ਨਾਨਕ ਸਟੀਮਰ ਕੰਪਨੀ' ਵੱਜੋ ਪ੍ਰਕਾਸ਼ਿਤ ਹੋਈਆਂ। ਗੁਰੂ ਨਾਨਕ ਜਹਾਜ਼ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ।

ਗੁਰੂ ਨਾਨਕ ਜਹਾਜ਼ ਦੇ ਸਫ਼ਰ ਦੌਰਾਨ ਪੰਜ ਅਖੰਡ ਪਾਠ ਅਤੇ ਦੋ ਸਹਿਜ ਪਾਠ ਸੰਪੂਰਨ ਕੀਤੇ ਗਏ। ਜਹਾਜ਼ ਵਿੱਚ ਨਿਸ਼ਾਨ ਸਾਹਿਬ ਝੁੱਲਦਾ ਸੀ। ਗੁਰੂ ਨਾਨਕ ਸ਼ਬਦ ਰੂਹਾਨੀ ਸਾਂਝ, ਮਨੁੱਖੀ ਪ੍ਰੇਮ, ਜਾਬਰ ਹਕੂਮਤਾਂ ਦਾ ਵਿਰੋਧ ਤੇ ਨਸਲਵਾਦੀ ਵਿਤਕਰੇ ਦੇ ਅੰਤ ਦਾ ਮਹਾਨ ਸਿਧਾਂਤ ਹੈ। ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਵਿੱਚ 341 ਸਿੱਖ ਸਨ। ਉਹਨਾਂ ਤੋਂ ਇਲਾਵਾ 24 ਮੁਸਲਮਾਨ ਤੇ 12 ਹਿੰਦੂ ਮੁਸਾਫਿਰ ਸਨ। ਉਸ ਸਮੇਂ ਦੇ 'ਸਾਂਝਾ ਪੰਜਾਬ', ਜੋ ਕਿ ਅੱਜ ਕੱਲ ਭਾਰਤ ਅਤੇ ਪਾਕਿਸਤਾਨ ਵਿੱਚ




ਵੰਡਿਆ ਹੋਇਆ ਹੈ, ਦੇ ਵਸਨੀਕ ਗੁਰੂ ਨਾਨਕ ਜਹਾਜ਼ ਦੇ ਮੁਸਾਫਿਰ ਸਨ।

ਇਤਿਹਾਸਿਕ ਤੱਥਾਂ 'ਤੇ ਅਧਾਰਤ ਜਾਣਕਾਰੀ ਕਾਮਾਗਾਟਾ ਮਾਰੂ ਸਮੁੰਦਰੀ ਬੇੜੇ ਨੂੰ ਚਾਰਟਰ ਕਰਨ ਮਗਰੋਂ, ਇਸ ਦਾ ਰੱਖਿਆ ਗਿਆ ਨਾਂ ਗੁਰੂ ਨਾਨਕ ਜਹਾਜ਼ ਹੈ ਅਤੇ ਇਤਿਹਾਸਕਾਰਾਂ ਲਈ 'ਗੁਰੂ ਨਾਨਕ ਜਹਾਜ਼' ਸ਼ਬਦ ਹੀ ਵਰਤਣਾ ਉਚਿਤ ਹੈ। ਕਈ ਲੇਖਕ, ਫਿਲਮਕਾਰ, ਸਿਆਸਤਦਾਨ ਅਤੇ ਮੀਡੀਆਕਾਰ ਅੱਜ ਵੀ ਗੁਰੂ ਨਾਨਕ ਜਹਾਜ਼ ਨੂੰ, ਜਾਪਾਨੀ ਨਾਂ ਕਾਮਾਗਾਟਾਮਾਰੂ ਨਾਲ ਹੀ ਬਿਆਨਦੇ ਹਨ, ਜੋ ਕਿ ਸਹੀ ਨਹੀਂ। ਇਤਿਹਾਸਿਕ ਖੋਜ ਤੋਂ ਸੱਖਣੇ ਲਿਖਾਰੀਆਂ ਨੇ ਜਪਾਨੀ ਕੰਪਨੀ ਦੇ ਮਾਲਕੀ ਹੇਠਲੇ ਜਹਾਜ਼ ਦੇ ਇਕਰਾਰਨਾਮੇ ਅਨੁਸਾਰ ਮੀਡੀਆ ਰਿਪੋਰਟਾਂ ਅਤੇ ਬ੍ਰਿਟਿਸ਼ ਸਰਕਾਰ ਦੇ ਦਸਤਾਵੇਜ਼ਾਂ ਨੂੰ ਆਧਾਰ ਬਣਾ ਕੇ ਕਾਮਾਗਾਟਾਮਾਰੂ ਨਾਂ ਪ੍ਰਚਲਤ ਕਰ ਦਿੱਤਾ, ਪਰ ਬਾਬਾ ਗੁਰਦਿੱਤ ਸਿੰਘ ਦੀ ਆਪਣੀ ਕਲਮ ਤੋਂ ਲਿਖੀ ਤੇ ਅੰਗਰੇਜ਼ ਸਰਕਾਰ ਦੁਆਰਾ 1922 ਵਿਚ ਜ਼ਬਤ ਪੁਸਤਕ 'ਗੁਰੂ ਨਾਨਕ ਜਹਾਜ਼' ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਕਾਮਾਗਾਟਾ ਮਾਰੂ ਜਹਾਜ਼ ਕਰਾਏ ਤੇ ਲੈਣ ਮਗਰੋਂ, ਇਸ ਦਾ ਨਾਂ ਬਦਲ ਕੇ 'ਗੁਰੂ ਨਾਨਕ ਜਹਾਜ਼' ਰੱਖ ਦਿੱਤਾ ਗਿਆ ਸੀ।

ਇੰਨੀਂ ਦਿਨੀ ਜਾਣੇ ਪਛਾਣੇ ਫਿਲਮ ਨਿਰਮਾਤਾ ਤਰਸੇਮ ਜੱਸੜ ਦੀ ਪ੍ਰੋਡਕਸ਼ਨ ਰਾਹੀਂ, ਇੱਕ ਫਿਲਮ ਤਿਆਰ ਕੀਤੀ ਜਾ ਰਹੀ ਹੈ, ਜਿਸ ਵਿੱਚ 'ਗੁਰੂ ਨਾਨਕ ਜਹਾਜ਼' ਦਾ ਇਤਿਹਾਸ ਪੇਸ਼ ਕੀਤਾ ਗਿਆ ਹੈ। ਫਿਲਮ ਦਾ ਨਾਂ ਗੁਰੂ ਨਾਨਕ ਜਹਾਜ਼ ਰੱਖਿਆ ਗਿਆ ਹੈ, ਜਿਸ ਨੂੰ ਵੇਖ ਕੇ ਅਤਿਅੰਤ ਖੁਸ਼ੀ ਹੋਈ। ਹੋਰ ਵੀ ਚੰਗੀ ਗੱਲ ਹੈ ਕਿ ਇਸ ਪੋਸਟਰ 'ਤੇ ਗੁਰੂ ਨਾਨਕ ਜਹਾਜ਼ ਨਾਲ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਕੈਨੇਡਾ ਦੀ ਅਸਲ ਤਸਵੀਰ ਛਾਪੀ ਗਈ ਹੈ, ਜੋ ਕਿ ਇਤਿਹਾਸਿਕ ਸੂਝ ਬੂਝ ਪੇਸ਼ ਕਰਦੀ ਹੈ।

ਦਰਅਸਲ ਸ਼ਹੀਦ ਭਾਈ ਮੇਵਾ ਸਿੰਘ ਦਾ ਗੁਰੂ ਨਾਨਕ ਜਹਾਜ਼ ਨਾਲ ਡੂੰਘਾ ਸੰਬੰਧ ਹੈ, ਜਿਨਾਂ ਦਾ ਸ਼ਹੀਦੀ ਦਿਹਾੜਾ 11 ਜਨਵਰੀ ਦਾ ਆ ਰਿਹਾ ਹੈ। 11 ਜਨਵਰੀ 1915 ਨੂੰ ਭਾਈ ਮੇਵਾ ਸਿੰਘ ਲੋਪੋਕੇ ਨੇ ਕੈਨੇਡਾ ਵਿੱਚ ਫਾਂਸੀ ਦਾ ਰੱਸਾ ਚੁੰਮਿਆ ਸੀ। ਉਹਨਾਂ ਗੁਰੂ ਨਾਨਕ ਜਹਾਜ਼ ਨੂੰ ਜਬਰੀ ਮੋੜਨ ਵਾਲੇ ਅਤੇ ਮੋਢੀ ਸਿੱਖਾਂ ਭਾਈ ਭਾਗ ਸਿੰਘ ਜੀ ਅਤੇ ਭਾਈ ਬਤਨ ਸਿੰਘ ਜੀ ਦਾ ਕਤਲ ਕਰਵਾਉਣ ਵਾਲੇ ਚਾਰਲਸ ਵਿਲੀਅਮ ਹਾਪਕਿਨਸਨ ਨੂੰ ਸੋਧਿਆ ਸੀ।

ਇਸ ਹੀ ਸੰਦਰਭ ਵਿੱਚ ਵਿਚਾਰਨ ਯੋਗ ਪੱਖ ਹੈ ਕਿ ਕੈਨੇਡਾ ਦੀ ਸਰਕਾਰ ਵੱਲੋਂ ਚਾਹੇ ਕਾਮਾਗਾਟਾ ਮਾਰੂ ਦੇ ਦੁਖਾਂਤ ਲਈ ਮਾਫੀ ਮੰਗੀ ਗਈ ਹੈ, ਜੋ ਸ਼ਲਾਘਾ ਯੋਗ ਹੈ, ਪਰ ਉਹਨਾਂ ਵੱਲੋਂ ਗੁਰੂ ਨਾਨਕ ਜਹਾਜ਼ ਨਾਂ ਨੂੰ ਦਰਕਿਨਾਰ ਕਰ ਦਿੱਤਾ ਗਿਆ ਹੈ। ਇਹ ਗਲਤ ਅਤੇ ਭੁਲੇਖਾ ਪਾਊ ਬਿਰਤਾਂਤ ਹੈ। ਇਸ ਪ੍ਰਸੰਗ ਵਿੱਚ ਤਰਸੇਮ ਜੱਸੜ ਵੱਲੋਂ 'ਗੁਰੂ ਨਾਨਕ ਜਹਾਜ਼' ਨਾਂ ਤੇ ਫਿਲਮ ਨਿਰਮਾਣ ਰਾਹੀਂ ਚੁੱਕਿਆ ਗਿਆ ਇਤਿਹਾਸਕ ਕਦਮ, ਭਵਿੱਖ ਵਿੱਚ ਕੈਨੇਡਾ ਸਰਕਾਰ ਦੇ ਮੁਆਫੀਨਾਮੇ ਵਿੱਚ ਸਹੀ ਨਾਂ 'ਗੁਰੂ ਨਾਨਕ ਜਹਾਜ਼' ਵਜੋਂ ਸੋਧ ਕਰਨ ਵਿੱਚ ਸਹਾਈ ਸਾਬਤ ਹੋਵੇਗਾ।

'ਗੁਰੂ ਨਾਨਕ ਜਹਾਜ਼' ਫਿਲਮ ਵਿੱਚ ਤਰਸੇਮ ਜੱਸੜ ਹੁਰੀਂ ਇਤਿਹਾਸ ਦੇ ਸਹੀ ਪੱਖ ਕਿਸ ਬਰੀਕੀ ਨਾਲ ਦਿਖਾਉਂਦੇ ਹਨ, ਇਸ ਦਾ ਤਾਂ ਫਿਲਮ ਵੇਖਣ ਤੋਂ ਮਗਰੋਂ ਹੀ ਪਤਾ ਲੱਗ ਸਕਦਾ ਹੈ, ਪਰ ਫਿਲਮ ਦੇ ਸਹੀ ਨਾਮਕਰਨ ਤੋਂ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਫਿਲਮਕਾਰ ਤਰਸੇਮ ਜੱਸੜ ਦਾ ਇਹ ਉਪਰਾਲੇ ਨਾ ਸਿਰਫ ਇਤਿਹਾਸ ਦੇ ਸਹੀ ਰੂਪ ਅਤੇ ਬਿਰਤਾਂਤ ਨੂੰ ਕਾਇਮ ਕਰਨ ਵਿੱਚ ਸਹਾਈ ਸਿਧ ਹੋਏਗਾ, ਬਲਕਿ ਸਾਡੀਆਂ ਅਗਲੀਆਂ ਪੀੜੀਆਂ ਨੂੰ ਸੰਘਰਸ਼ ਦੀ ਸ਼ਾਨਾਮੱਤੀ ਗਾਥਾ ਤੋਂ ਵੀ ਭਲੀ ਭਾਂਤ ਜਾਣੂ ਕਰਵਾਏਗਾ। ਅਜਿਹੇ ਯਤਨਾਂ ਲਈ ਅਸੀਂ 'ਗੁਰੂ ਨਾਨਕ ਜਹਾਜ਼' ਫਿਲਮ ਦੀ ਸਮੁੱਚੀ ਟੀਮ ਦੇ ਤਹਿ ਦਿਲੋਂ ਧੰਨਵਾਦੀ ਹਾਂ।

**ਧੰਨਵਾਦ ਸਹਿਤ ;**

**ਗੁਰੂ ਨਾਨਕ ਹੈਰੀਟੇਜ ਸੁਸਾਇਟੀ ਆਫ ਬੀਸੀ, ਕੈਨੇਡਾ।**

**ਵਣਜਾਰਾ ਨੋਮੈਡ ਕਲੈਕਸ਼ਨਜ਼, ਬੀਸੀ, ਕੈਨੇਡਾ।**


# ਸਾਂਝਾ ਪੰਜਾਬ ਸਵੀਟਸ

ਵਲੋਂ

# ਲੋਹੜੀ ਦੇ ਤਿਓਹਾਰ ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ

ਸਾਡੇ ਕੋਲ ਤਾਜ਼ਾ ਰਿਓੜੀਆਂ, ਗੱਚਕ, ਮੂੰਗਫਲੀ ਅਤੇ ਹੋਰ ਲੋਹੜੀ ਦਾ ਸਾਰਾ ਸਮਾਨ ਪਹੁੰਚ ਚੁੱਕਾ ਹੈ

Special Rates for Gurdwara & Mandir

100% Vegitarian

ਤਾਜ਼ੀਆਂ ਮਠਿਆਈਆਂ, ਸਮੋਸੇ, ਪਕੌੜੇ, ਸ਼ਪੈਸ਼ਲ ਖੋਏ ਦੀਆਂ ਮਠਿਆਈਆਂ, ਲੱਡੂ,ਜਲੇਬੀਆਂ, ਨਮਕੀਨ ਤਿਆਰ ਬਰ ਤਿਆਰ ਮਿਲਦੇ ਹਨ।



SATJINDER SAMRA 604-930-9099

E-mail : sanjhapunjabsweets@gmail.com | Website : www.sanjhapunjabsweets.com

1 B 12830 96 Ave, Surrey, BC V3V 6A8

## ਕੁਦਰਤ ਦੀ ਤਾਕਤ ਦਾ ਪ੍ਰਤੀਕ

# ਨਿਆਗਰਾ ਫਾਲਜ਼



ਲੇਖਕ { ਸਰਵਿੰਦਰ ਕੌਰ }

ਕਿਸ਼ਤੀ ਜਦ ਪਾਣੀ ਦੇ ਝਰਨੇ ਦੇ ਬਹੁਤ ਹੀ ਕਰੀਬ ਜਾ ਕੇ ਰੁਕੀ ਤਾਂ ਮੈਂ, 187 ਫੁੱਟ ਦੇ ਵਿਸ਼ਾਲ ਝਰਨੇ ਦੇ ਬਿਲਕੁਲ ਸਾਹਮਣੇ ਸੀ ।ਮੇਰੀਆਂ ਠੰਢੀਆਂ ਉਂਗਲਾਂ ਨੇ ਕਿਸ਼ਤੀ ਦੇ ਜੰਗਲੇ ਨੂੰ ਜ਼ੋਰ ਨਾਲ ਫੜ ਲਿਆ ।ਮੈਂ ਡਰ ਨਾਲ ਮੌਨ ਸੀ ਜਾਂ ਫਿਰ ਇਸ ਨੂੰ ਵੇਖ ਕੇ ਅਚੰਭੇ ਨਾਲ ਚੁੱਪ ਸੀ, ਇਸ ਬਾਰੇ ਮੈਨੂੰ ਵੀ ਨਹੀਂ ਪਤਾ । ਬੱਸ ਇਹੀ ਪਤਾ ਸੀ ਕਿ ਮੇਰੇ ਸਾਹਮਣੇ ਧਰਤੀ ਦੇ ਸਾਰੇ ਪਾਣੀ ਦਾ ਪੰਜਵਾਂ ਹਿੱਸਾ ਇਕ ਵਿਸ਼ਾਲ ਝਰਨੇ ਦੇ ਰੂਪ ਵਿਚ ਡਿਗ ਰਿਹਾ ਸੀ ਅਤੇ ਇਸ ਦਾ ਵਹਾਅ ਏਨਾ ਤੇਜ਼ ਸੀ ਕਿ ਪਾਣੀ ਦੀ ਦਹਾੜ ਨਾਲ ਮੇਰੇ ਕੰਨ ਬੋਲੇ ਜਿਹੇ ਹੋ ਗਏ ਸਨ ।ਠੰਢੇ ਪਾਣੀ ਦੀ ਜ਼ੋਰਦਾਰ ਵਾਛੜ ਨਾਲ ਮੂੰਹ ਗਿੱਲਾ ਹੋ ਗਿਆ ਸੀ । ਦਿਲੋਂ ਮੈਂ ਕੁਦਰਤ ਦੀ ਇਸ ਤਾਕਤ ਅਤੇ ਕ੍ਰਿਸ਼ਮੇ ਨੂੰ ਵੇਖ ਕੇ ਅਚੰਭਿਤ ਤਾਂ ਸੀ ਹੀ, ਨਾਲ ਹੀ ਕੁਦਰਤ ਦੀ ਸ਼ਕਤੀ ਦੀ ਪ੍ਰਸੰਸਾ ਅਤੇ ਸਿਜਦਾ ਵੀ ਕਰ ਰਹੀ ਸੀ ।ਸਦੀਆਂ ਤੋਂ ਦੁਨੀਆ ਦੇ ਹਰ ਕੋਨੇ ਤੋਂ ਲੱਖਾਂ ਹੀ ਲੋਕ ਕੁਦਰਤ ਦੇ ਇਸ ਸ਼ਾਨਦਾਰ ਕ੍ਰਿਸ਼ਮੇ, 'ਨਿਆਗਰਾ ਫਾਲਜ਼' ਨੂੰ ਵੇਖਣ ਆਉਂਦੇ ਹਨ ਅਤੇ ਇਸ ਪਾਣੀ ਦੇ ਝਰਨੇ ਦੇ ਦਿਲ ਨੂੰ ਛੂਹਣ ਵਾਲੇ ਜਾਦੂ ਦੀ ਅਮਿੱਟ ਛਾਪ ਆਪਣੇ ਜ਼ਿਹਨ ਵਿਚ ਲੈ ਕੇ ਜਾਂਦੇ ਹਨ ।

'ਨਿਆਗਰਾ ਫਾਲਜ਼' ਇਕ ਭੂਗੋਲਿਕ ਕ੍ਰਿਸ਼ਮਾ ਹੈ । ਇਹ ਦੁਨੀਆ ਦਾ ਸਭ ਤੋਂ ਪ੍ਰਸਿੱਧ ਪਾਣੀ ਦਾ ਝਰਨਾ ਵੀ ਕਹਾਉਂਦਾ ਹੈ । ਸਭ ਤੋਂ ਪਹਿਲਾਂ ਇਸ ਦੀ ਖੋਜ ਫਰਾਂਸੀਸੀ ਮਿਸ਼ਨਰੀ ਅਤੇ ਖੋਜੀ ਫ਼ਾਦਰ ਲੂਇਸ ਹੈਨੀਪਿਨ ਨੇ 1678 ਵਿਚ ਕੀਤੀ, ਜਿਨਾਂ ਨੇ ਇਸ ਦਾ ਨਾਂਅ ਉਥੇ ਰਹਿੰਦੇ ਆਦਿਵਾਸੀ ਕਬੀਲੇ ਦੇ ਨਾਂਅ 'ਤੇ ਰੱਖਿਆ । ਨਿਆਗਰਾ ਫਾਲਜ਼ ਪਾਣੀ ਦੇ ਤਿੰਨ ਝਰਨਿਆਂ ਦੇ ਸਮੂਹ ਨੂੰ ਕਿਹਾ ਜਾਂਦਾ ਹੈ!ਅਮਰੀਕਨ ਫਾਲਜ਼, ਬਰਾਈਡਲ ਵੇਲ ਫਾਲਜ਼ ਅਤੇ ਸਭ ਤੋਂ ਵੱਡਾ ਹਾਰਸ ਸ਼ੂਅ ਕੈਨੇਡੀਅਨ ਫਾਲਜ਼ ।ਅਮਰੀਕਨ ਫਾਲਜ਼ ਅਤੇ ਬਰਾਈਡਲ ਵੇਲ ਫਾਲਜ਼ ਅਮਰੀਕਾ ਵਿਚ ਸਥਿਤ ਹਨ, ਪਰ ਹਾਰਸ ਸ਼ੂਅ ਫਾਲਜ਼ ਅਮਰੀਕਾ ਅਤੇ ਕੈਨੇਡਾ ਦੀ ਅੰਤਰ-ਰਾਸ਼ਟਰੀ ਸਰਹੱਦ 'ਤੇ ਹੈ ।

ਕਰੀਬ 12000 ਸਾਲ ਪਹਿਲਾਂ ਹਿਮਕਾਲ (ਆਈਸ ਏਜ਼) ਦੇ ਅਖ਼ੀਰ ਵਿਚ, ਗਲੇਸ਼ੀਅਰਾਂ ਦੇ ਪਿਘਲਣ ਕਾਰਨ ਜਦ ਅਮਰੀਕਾ ਅਤੇ ਕੈਨੇਡਾ ਦੀਆਂ ਪੰਜ ਮਸ਼ਹੂਰ ਝੀਲਾਂ (ਲੇਕ ਸੁਪੀਰੀਅਰ, ਲੇਕ ਇਰੀ, ਲੇਕ ਮਿਸ਼ੀਗਨ, ਲੇਕ ਓਂਟਾਰੀਓ ਅਤੇ ਲੇਕ ਹਰੌਨ) ਬਣੀਆਂ ਤਦ ਲੇਕ ਇਰੀ ਤੋਂ ਲੇਕ ਓਂਟਾਰੀਓ ਤੱਕ ਪਿਘਲਦੀ ਬਰਫ਼ ਨੇ ਆਪਣਾ ਰਾਹ ਇਕ ਨਦੀ ਦੇ ਰੂਪ ਵਿਚ ਬਣਾਇਆ, ਜੋ ਅੱਜ 'ਨਿਆਗਰਾ ਨਦੀ' ਦੇ ਨਾਂਅ ਨਾਲ ਪ੍ਰਸਿੱਧ ਹੈ । ਲੇਕ ਇਰੀ ਦੇ ਕਰੀਬ 222 ਕਿ. ਮੀ. ਦੇ ਵਹਾਅ ਤੋਂ ਬਾਅਦ ਨਿਆਗਰਾ ਨਦੀ ਦਾ ਪਾਣੀ ਉਚਾਈ ਤੋਂ ਇਕਦਮ ਹੇਠਾਂ ਵੱਲ ਡਿੱਗਦਾ ਹੈ ਜੋ ਕਹਾਉਂਦਾ ਹੈ 'ਨਿਆਗਰਾ ਫਾਲਜ਼' ।

ਪਰ ਪਿਛਲੇ 12000 ਸਾਲਾਂ ਤੋਂ ਨਿਆਗਰਾ ਫਾਲਜ਼ ਆਪਣੀ ਅਸਲ ਥਾਂ ਤੋਂ ਕਰੀਬ 11 ਕਿ. ਮੀ. ਖਿਸਕ ਕੇ ਦੱਖਣ ਵੱਲ ਹੋ ਗਿਆ ਹੈ ।ਨਿਆਗਰਾ ਨਦੀ ਵਿਚ ਪੂਰੀ ਧਰਤੀ ਦਾ 20% ਤਾਜ਼ਾ ਪਾਣੀ ਮੌਜੂਦ ਹੈ ਅਤੇ ਇਸ ਦਾ ਵਹਾਅ 65 ਕਿ. ਮੀ. ਪ੍ਰਤੀ ਘੰਟਾ ਹੈ ।ਏਨੇ ਵਿਸ਼ਾਲ ਪਾਣੀ ਦੇ ਏਨੇ ਤੇਜ਼ ਵਹਾਅ ਕਰਕੇ ਸਖ਼ਤ ਤੋਂ ਸਖ਼ਤ ਪੱਥਰ ਵੀ ਖੁਰ ਜਾਂਦਾ ਹੈ । ਪਰ ਇੰਜੀਨੀਅਰਿੰਗ ਦੇ ਕਾਰਨਾਮਿਆਂ ਅਤੇ ਮਨੁੱਖੀ ਦਿਮਾਗ਼ ਨੇ ਇਸ ਖੁਰਨ ਦੀ ਰਫ਼ਤਾਰ ਨੂੰ 10 ਫੁੱਟ ਪ੍ਰਤੀ ਸਾਲ ਤੋਂ ਘਟਾ ਕੇ 30 ਸੈਂਟੀਮੀਟਰ ਪ੍ਰਤੀ ਸਾਲ ਭਾਵ 1 ਫੁੱਟ 10 ਸਾਲਾਂ ਵਿਚ ਕਰ ਦਿੱਤਾ ਹੈ ।

ਨਿਆਗਰਾ ਫਾਲਜ਼ ਦੇ ਸਭ ਤੋਂ ਕਰੀਬੀ ਸ਼ਹਿਰ, ਅਮਰੀਕਾ ਵਿਚ ਬਫ਼ਲੋ ਹੈ ਜੋ ਇਥੋਂ 26 ਕਿਲੋਮੀਟਰ ਦੀ ਦੂਰੀ 'ਤੇ ਹੈ ।ਕੈਨੇਡਾ ਵਾਲੇ ਪਾਸੇ ਟੋਰਾਂਟੋ ਕਰੀਬ ਇਥੋਂ 67 ਕਿਲੋਮੀਟਰ ਦੂਰ ਹੈ । ਨਿਆਗਰਾ ਫਾਲਜ਼ ਨੂੰ ਅਮਰੀਕਾ ਦੇ ਪਾਸਿਓਂ ਵੀ ਅਤੇ ਕੈਨੇਡਾ ਵਲੋਂ ਵੀ ਨਿਹਾਰਿਆ ਜਾ ਸਕਦਾ ਹੈ ਪਰ ਇਸ ਦਾ ਬਿਹਤਰੀਨ ਅਤੇ ਵਧੀਆ ਨਜ਼ਾਰਾ ਕੈਨੇਡਾ ਵਲੋਂ ਹੀ ਹੈ ਅਤੇ ਜੇਕਰ ਇਨਾਂ ਦੋਵਾਂ ਦੇਸ਼ਾਂ ਦਾ ਵੀਜ਼ਾ ਹੋਵੇ ਤਾਂ ਦੋਵੇਂ ਪਾਸਿਓਂ ਹੀ ਇਸ ਨਜ਼ਾਰੇ ਦਾ ਆਨੰਦ ਮਾਣਿਆ ਜਾ ਸਕਦਾ ਹੈ । ਬੱਸ, ਰੇਨਬੋ ਬ੍ਰਿਜ ਨਾਮਕ ਇਕ ਪੁੱਲ ਨੂੰ ਪਾਰ ਕਰਨਾ ਪੈਂਦਾ ਹੈ, ਇਸ ਪੁੱਲ ਨੂੰ ਪਾਰ, ਪੈਦਲ ਚੱਲ ਕੇ, ਕਾਰ ਵਿਚ ਜਾਂ ਫਿਰ ਸਾਈਕਲ 'ਤੇ ਕੀਤਾ ਜਾ ਸਕਦਾ ਹੈ ।

ਨਿਆਗਰਾ ਫਾਲਜ਼ ਦੇ ਨਾਲ ਲੱਗਦੇ ਖੇਤਰ ਨੂੰ ਦੋਵਾਂ ਮੁਲਕਾਂ ਦੀਆਂ ਸਰਕਾਰਾਂ ਨੇ ਸੈਲਾਨੀਆਂ ਦੇ ਮਨਪ੍ਰਚਾਵੇ ਲਈ ਹੋਰ ਵੀ ਆਕਰਸ਼ਕ ਬਣਾ ਦਿੱਤਾ ਹੈ । ਇਥੇ ਦੇ 'ਬੋਟੈਨੀਕਲ ਗਾਰਡਨਜ਼' ਵਿਚ ਫੁੱਲਾਂ ਅਤੇ ਪੇੜ-ਪੌਦਿਆਂ ਦੀਆਂ ਵੱਖ-ਵੱਖ ਕਿਸਮਾਂ ਹਨ ।ਇਸ ਤੋਂ ਇਲਾਵਾ ਬੱਚਿਆਂ ਲਈ ਝੂਲੇ, ਚਿੜੀਆਘਰ, ਐਕਯੂਏਰੀਅਮ (ਜਲਜੀਵਸ਼ਾਲਾ) ਵੀ ਬਣਾਏ ਗਏ ਹਨ ।ਕੈਨੇਡਾ ਵੱਲ ਵਿਸ਼ੇਸ਼ ਖਿੱਚ ਦੇ ਕੇਂਦਰ 'ਬਟਰਫਲਾਈ ਕੰਜ਼ਰਵੇਟਰੀ' (ਤਿੱਤਲੀ ਸੰਭਾਲ ਘਰ) ਅਤੇ 'ਫਲੋਰਲ ਕਲਾਕ' (ਫੁੱਲਾਂ ਦੀ ਘੜੀ) ਹਨ । ਬਟਰਫਲਾਈ ਕੰਜ਼ਰਵੇਟਰੀ ਵਿਚ ਤਿੱਤਲੀਆਂ ਦੀਆਂ ਲਗਪਗ 200 ਕਿਸਮਾਂ ਹਨ ।ਇਥੇ ਲਗਾਏ ਗਏ ਫਲਾਂ, ਫੁੱਲਾਂ ਵਾਲੇ ਪੌਦਿਆਂ ਉੱਪਰ ਮੰਡਰਾਉਂਦੀਆਂ ਤਿੱਤਲੀਆਂ ਦੇ ਝੁੰਡਾਂ ਵਿਚ ਘਿਰੇ ਹੋਏ ਇਸ ਤਰਾਂ ਮਹਿਸੂਸ ਹੁੰਦਾ ਹੈ ਜਿਵੇਂ ਅਸੀਂ ਸਵਰਗ ਵਿਚ ਆ ਗਏ ਹੋਈਏ ।

'ਫਲੋਰਲ ਕਲਾਕ' ਆਪਣੇ-ਆਪ ਵਿਚ ਇਕ ਵਿਲੱਖਣ ਕਿਸਮ ਦੀ ਘੜੀ ਹੈ । ਇਹ ਜ਼ਮੀਨ 'ਤੇ ਬਣਾਈ ਗਈ ਸਮਾਂ ਦੱਸਣ ਵਾਲੀ ਘੜੀ ਹੈ ਜੋ ਆਪਣੇ-ਆਪ ਵਿਚ ਸਭ ਤੋਂ ਵੱਡੀ ਹੈ ।ਇਸ ਨੂੰ ਕਰੀਬ 16000 ਫੁੱਲਾਂ ਦੇ ਪੌਦਿਆਂ ਨਾਲ ਬਣਾਇਆ ਗਿਆ ਹੈ ।ਸਾਲ ਵਿਚ ਦੋ ਵਾਰੀ ਇਸ ਦੀ ਸਜਾਵਟ ਬਦਲੀ ਜਾਂਦੀ ਹੈ ।


ਹਰ ਸ਼ਾਮ ਨਿਆਗਰਾ ਫਾਲਜ਼ ਇਕ ਬੇਮਿਸਾਲ ਬਹੁਰੰਗੀ ਕਲਾਕ੍ਰਿਤੀ ਵਿਚ ਤਬਦੀਲ ਹੋ ਜਾਂਦੇ ਹਨ । ਜਦੋਂ ਡਿੱਗਦੇ ਪਾਣੀ 'ਤੇ ਵੱਖ-ਵੱਖ ਰੰਗਾਂ ਦੀਆਂ ਲਾਈਟਾਂ ਨਾਲ ਇਸ ਨੂੰ ਰੌਸ਼ਨ ਕੀਤਾ ਜਾਂਦਾ ਹੈ ਤਾਂ ਇਹ ਸਤਰੰਗੀ ਰੌਸ਼ਨੀਆਂ ਨਿਆਗਰਾ ਫਾਲਜ਼ ਨੂੰ ਇਕ ਨਵੇਂ ਆਕਰਸ਼ਕ ਰੂਪ ਵਿਚ ਤਬਦੀਲ ਕਰ ਦਿੰਦੀਆਂ ਹਨ ।

ਨਿਆਗਰਾ ਫਾਲਜ਼ ਪਿਛਲੇ 300 ਸਾਲਾਂ ਤੋਂ ਕੇਵਲ ਸੈਲਾਨੀਆਂ ਲਈ ਹੀ ਖਿੱਚ ਦਾ ਕੇਂਦਰ ਨਹੀਂ ਬਲਕਿ ਅਮਰੀਕਾ ਅਤੇ ਕੈਨੇਡਾ ਲਈ ਹਾਈਡਰੋ ਇਲੈਕਟ੍ਰਿਕ ਪਾਵਰ (ਪਾਣੀ ਨਾਲ ਬਣਾਈ ਜਾਂਦੀ ਬਿਜਲੀ) ਦਾ ਵੀ ਇਕ ਵੱਡਾ ਸਾਧਨ ਹੈ ।ਮੌਜੂਦਾ ਸਮੇਂ ਇਸ ਤੋਂ ਕਰੀਬ 2.4 ਮਿਲੀਅਨ ਕਿੱਲੋਵਾਟ ਬਿਜਲੀ ਪੈਦਾ ਕੀਤੀ ਜਾ ਰਹੀ ਹੈ ।

---

ਕਹਾਣੀ

# ਕਾਗਜ਼ ਦੀ ਕਿਸ਼ਤੀ



ਲਿਖਤ : ਬਰਜਿੰਦਰ ਕੌਰ ਬਿਸਰਾਓ, ਸੰਪਰਕ : 99889-01324

"ਹੋਰ ਫੇਰ ਕਿਵੇਂ ਆ ਨੇਕ ਸਿੰਆਂ, ਨਿਆਣੇ ਕਿਵੇਂ ਆ ਬਾਈ...?" ਮੀਤੇ ਨੇ ਸਾਈਕਲ ਤੇ ਜਾਂਦੇ ਜਾਂਦੇ ਨੇਕ ਨੂੰ ਆਪਣੇ ਅੰਦਾਜ਼ ਵਿੱਚ ਹਾਲ ਪੁੱਛਿਆ। ਨੇਕ ਨੇ ਅੱਗੋਂ ਹੁੱਬ ਕੇ ਜਵਾਬ ਦਿੱਤਾ,"ਸਭ ਕੁਛ ਬੜਾ ਵਧੀਆ ਮੀਤ ਸਿੰਆਂ,ਆਪਣਾ ਵੱਡਾ ਮੁੰਡਾ ਯੂਨੀਵਸਟੀ ਚ ਪੜ੍ਹਦਾ ਚੌਦਵੀਂ 'ਚ... ਮਾਹਰਾਜ ਦੀ ਫੁੱਲ ਕਿਰਪਾ।" ਦੋਵੇਂ ਜਣੇ ਸੜਕ ਦੇ ਕਿਨਾਰੇ ਖੜ੍ਹੇ ਕਿੰਨੀ ਦੇਰ ਆਪਣੇ ਘਰ ਬਾਰ ਤੇ ਬੱਚਿਆਂ ਦੀਆਂ ਗੱਲਾਂ ਕਰਦੇ ਰਹੇ। ਨੇਕ ਸਿਓਂ ਆਪਣੇ ਜਵਾਕਾਂ ਦੀਆਂ ਵਡਿਆਈਆਂ ਕਰਦਾ ਥੱਕਦਾ ਨਹੀਂ ਸੀ।ਅਸਲ ਵਿੱਚ ਨੇਕ ਸਿੰਘ ਦੇ ਘਰ ਛੇ ਬੱਚੇ ਸਨ। ਉਦੋਂ ਛੇ ਬੱਚੇ ਕੋਈ ਬਹੁਤੇ ਨਹੀਂ ਲੱਗਦੇ ਸਨ। ਐਨੇ ਨਿਆਣੇ ਤਾਂ ਘਰਾਂ ਵਿੱਚ ਆਮ ਹੀ ਹੁੰਦੇ ਸਨ। ਨੇਕ ਸਿੰਘ ਬਜਾਜੀ ਦਾ ਕੰਮ ਕਰਦਾ ਸੀ ਤੇ ਉਹ ਡੱਗੀ ਲਾਉਂਦਾ ਸੀ। ਪਿੰਡ ਪਿੰਡ ਜਾ ਕੇ ਕੱਪੜੇ ਵੇਚਦਾ ਸੀ। ਉਸ ਦੀ ਖਾਸ ਗੱਲ ਇਹ ਸੀ ਕਿ ਉਹ ਆਪਣੇ ਬੱਚਿਆਂ ਨੂੰ ਪੜ੍ਹਾਉਣ ਲਈ ਸਖ਼ਤ ਮਿਹਨਤ ਕਰਦਾ ਸੀ।ਉਹ ਚਾਹੁੰਦਾ ਸੀ ਕਿ ਉਸ ਦੇ ਸਾਰੇ ਬੱਚੇ ਖੂਬ ਪੜ੍ਹਨ। ਉਸ ਲਈ ਉਹ ਮੀਂਹ-ਨ੍ਹੇਰੀ ,ਝੱਖੜ , ਤੂਫ਼ਾਨਾਂ ਦੀ ਪਰਵਾਹ ਨਹੀਂ ਕਰਦਾ ਸੀ।

ਦਿਨ ਬੀਤਦੇ ਗਏ,ਵੱਡਾ ਮੁੰਡਾ ਜੀਤ ਪੜ੍ਹਾਈ ਵਿੱਚ ਹੁਸ਼ਿਆਰ ਹੋਣ ਕਰਕੇ ਆਪਣੀ ਪੜ੍ਹਾਈ ਪੂਰੀ ਕਰਕੇ ਬਹੁਤ ਵੱਡਾ ਅਫ਼ਸਰ ਬਣ ਗਿਆ ਸੀ।ਉਸ ਤੋਂ ਛੋਟੀ ਇੱਕ ਭੈਣ ਤੇ ਇੱਕ ਭਰਾ ਸਕੂਲ ਦੀ ਪੜ੍ਹਾਈ ਪੂਰੀ ਕਰਕੇ ਕਾਲਜ ਵਿੱਚ ਪੜ੍ਹਦੇ ਸਨ। ਇੱਕ ਕੁੜੀ ਨੌਵੀਂ ਜਮਾਤ ਵਿੱਚ ਪੜ੍ਹਦੀ ਸੀ ਤੇ ਸਭ ਤੋਂ ਛੋਟੇ ਜੌੜੇ ਭੈਣ-ਭਰਾ ਸੱਤਵੀਂ ਵਿੱਚ ਪੜ੍ਹਦੇ ਸਨ। ਨੇਕ ਸਿੰਘ ਨੇ ਐਨੀ ਭਾਰੀ ਕਬੀਲਦਾਰੀ ਦੇ ਹੁੰਦੇ ਹੋਏ ਆਪਣੇ ਬੱਚਿਆਂ ਨੂੰ ਕੱਪੜੇ-ਲੀੜੇ ਅਤੇ ਖਾਣ-ਪੀਣ ਦੀ ਕਦੇ ਕੋਈ ਕਮੀ ਨਹੀਂ ਸੀ ਰਹਿਣ ਦਿੱਤੀ । ਨੇਕ ਸਿੰਘ ਦੀ ਪਤਨੀ ਸੀਤੋ ਇੱਕ ਬਹੁਤ ਸੁਚੱਜੀ ਔਰਤ ਸੀ।ਉਹ ਪਾਈ ਪਾਈ ਜੋੜ ਕੇ ਘਰ ਦੀ ਕੋਈ ਨਾ ਕੋਈ ਚੀਜ਼ ਬਣਾਉਂਦੀ ਰਹਿੰਦੀ। ਨਾਲ ਦੀ ਨਾਲ ਉਹ ਧੀਆਂ ਦੇ ਦਾਜ ਦੀ ਖਾਤਰ ਸੋਨੇ ਦੀ ਕੋਈ ਨਾ ਕੋਈ ਟੂੰਬ ਬਣਾ ਲੈਂਦੀ।ਉਹ ਥੋੜ੍ਹੀ ਕਮਾਈ ਨਾਲ ਵੀ ਬਹੁਤ ਵਧੀਆ ਗੁਜ਼ਾਰਾ ਕਰਦੀ।ਉਸ ਨੇ ਕਦੇ ਮਰੂੰ-ਮਰੂੰ ਨਹੀਂ ਕੀਤਾ ਸੀ।

ਸਿਆਲਾਂ ਦੀ ਰੁੱਤ ਸੀ ,ਸਾਰਾ ਟੱਬਰ ਵਿਹੜੇ ਵਿੱਚ ਧੁੱਪੇ ਬੈਠਾ ਸੀ। ਨੇਕ ਸਿੰਘ ਦਾ ਮਿੱਤਰ ਜੋ ਕਚਿਹਰੀਆਂ ਵਿੱਚ ਨੌਕਰੀ ਕਰਦਾ ਸੀ ,ਉਸ ਦੇ ਵੱਡੇ ਮੁੰਡੇ ਲਈ ਆਪਣੇ ਸਾਲੇ ਦੀ ਕੁੜੀ ਦਾ ਸਾਕ ਲੈ ਕੇ ਆਇਆ।ਜੋ ਸਰਕਾਰੀ ਨੌਕਰੀ ਕਰਦੀ ਸੀ। ਅਗਲੇ ਐਤਵਾਰ ਮੁੰਡੇ ਨੂੰ ਕੁੜੀ ਦਿਖਾਉਣ ਦਾ ਦਿਨ ਨਿਸ਼ਚਿਤ ਕੀਤਾ ਗਿਆ। ਜੀਤ ਦੀ ਮਾਂ ਨੇ ਮੁੰਦਰੀ ਵੀ ਨਾਲ ਲੈ ਲਈ ਤੇ ਨੇਕ ਨੂੰ ਆਖਣ ਲੱਗੀ,"ਮੈਂ ਖਿਆ ਜੀ,ਜੇ ਮੁੰਡੇ ਨੂੰ ਕੁੜੀ ਪਸੰਦ ਆ ਗਈ ਤਾਂ ਆਪਾਂ ਨੇ ਮੁੰਦੀ ਪਾ ਕੇ ਰੋਕਾ ਕਰ ਦੇਣਾ ਲੱਗਦੇ ਹੱਥ।" ਨੇਕ ਸਿਓਂ ਨੇ ਪਤਨੀ ਦੀ ਗੱਲ ਵਿੱਚ ਸਹਿਮਤੀ ਪ੍ਰਗਟਾਈ। ਵਿਚੋਲੇ ਵਿਚੋਲਣ ਦੇ ਨਾਲ ਨੇਕ ਸਿੰਘ ਅਤੇ ਉਸ ਦੀ ਪਤਨੀ ਤੇ ਨਾਲ ਹੀ ਵੱਡਾ ਮੁੰਡਾ ਕੁੜੀ ਦੇਖਣ ਗਏ । ਕੁੜੀ ਬਹੁਤ ਸੁਨੱਖੀ ਸੀ, ਨਾ਼ਲੇ ਸਰਕਾਰੀ ਨੌਕਰੀ ਕਰਦੀ ਸੀ,ਬਸ ਉਮਰ ਵਿੱਚ ਮੁੰਡੇ ਨਾਲੋਂ ਚਾਰ ਕੁ ਸਾਲ ਵੱਡੀ ਸੀ। ਦੋਵੇਂ ਧਿਰਾਂ ਵਲੋਂ ਸਹਿਮਤੀ ਨਾਲ ਪੱਕ-ਠੱਕ ਹੋ ਗਈ। ਖੜ੍ਹੇ ਪੈਰ ਦੋ ਮਠਿਆਈ ਦੇ ਡੱਬੇ ਮੰਗਵਾ ਕੇ ਕੁੜੀ ਨੂੰ ਮੁੰਦਰੀ ਪਾ ਕੇ ਰੋਕਾ ਹੋ ਗਿਆ।ਨੇਕ ਸਿੰਘ ਖੁਸ਼ੀ ਚ ਫੁੱਲਿਆ ਨਹੀਂ ਸਮਾਉਂਦਾ ਸੀ ਤੇ ਕਹਿੰਦਾ," ਵੱਡੇ ਪੁੱਤ ਵੀ ਭਰਾਵਾਂ ਵਰਗੇ ਹੁੰਦੇ ਨੇ,ਸੀਤੋ ਤੂੰ ਹੁਣ ਕੋਈ ਫ਼ਿਕਰ ਨਾ ਕਰੀਂ,ਮੇਰਾ ਮੁੰਡਾ ਮੇਰੀ ਸੱਜੀ ਬਾਂਹ ਬਣ ਗਿਆ, ਆਪਾਂ ਸਾਰੇ ਜਵਾਕਾਂ ਦਾ ਕੋਈ ਚਾਅ ਅਧੂਰਾ ਨੀ ਰਹਿਣ ਦੇਣਾ।" ਅੱਗੋਂ ਸੀਤੋ ਕਹਿੰਦੀ," ਜੀ ਆਪਾਂ ਨੇ ਬਹੂ ਦੀ ਕਮਾਈ ਨੀ ਘਰ ਚ ਲਾਉਣੀ, ਓਹਨੂੰ ਪਹਿਲਾਂ ਈ ਕਹਿ ਦੇਣਾ ,ਭਾਈ ਇਹ ਤੂੰ ਆਪਣੇ ਕੋਲ ਈ ਰੱਖ, ਕੱਲ੍ਹ ਨੂੰ ਥੋਡੇ ਜਵਾਕ ਹੋਣਗੇ, ਓਹਨਾਂ ਦੇ ਕੰਮ ਆਉਣਗੇ ਥੋਡੇ ਜੋੜੇ ਚਾਰ ਪੈਸੇ।"

ਸਾਲ ਬਾਅਦ ਵਿਆਹ ਕਰਨਾ ਤੈਅ ਕਰ ਲਿਆ। ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਪਤਾ ਈ ਨਹੀਂ ਲੱਗਿਆ ਕਦ ਸਾਲ ਬੀਤ ਗਿਆ। ਫਿਰ ਉਹ ਭਾਗਾਂ ਵਾਲਾ ਦਿਨ ਵੀ ਆ ਗਿਆ ਜਿਸ ਦਿਨ ਨੇਕ ਸਿੰਘ ਨੇ ਆਪਣੇ ਘਰੋਂ ਬਰਾਤ ਚੜ੍ਹਾਉਣੀ ਸੀ।ਉਸ ਨੇ ਬੜੇ ਵਧੀਆ ਲੋਕਾਂ ਨਾਲ ਪਿਆਰ ਦੇ ਰਿਸ਼ਤੇ ਬਣਾਏ ਹੋਏ ਸਨ ਇਸ ਕਰਕੇ ਬਰਾਤ ਵੀ ਵੇਖਣ ਵਾਲੀ ਸੀ।ਨੇਕ ਸਿੰਘ ਦੇ ਕੋਟ ਪੈਂਟ ਪਾਇਆ, ਇੰਝ ਲੱਗਦਾ ਜਿਵੇਂ ਕਿੰਨਾ ਵੱਡਾ ਅਫ਼ਸਰ ਹੋਵੇ। ਨੇਕ ਸਿਓਂ ਨੇ ਵਿਆਹ ਵਿੱਚ ਕੋਈ ਕਮੀ ਨਾ ਛੱਡੀ। ਸ਼ਰੀਕਾਂ ਦੇ ਸੀਨੇ ਅੱਗ ਤਾਂ ਪਹਿਲਾਂ ਹੀ ਬਹੁਤ ਲੱਗੀ ਹੋਈ ਸੀ ਜਦੋਂ ਦਾ ਮੁੰਡਾ ਪੜ੍ਹ ਲਿਖ ਕੇ ਅਫਸਰ ਬਣਿਆ ਸੀ। ਹੁਣ ਤਾਂ ਐਨੀ ਠਾਠ ਬਾਠ ਦੇਖ ਕੇ ਹੋਰ ਅੱਗ ਤੋਂ ਦੀ ਲਿਟਦੇ ਸਨ।

ਵਿਆਹ ਹੋ ਗਿਆ। ਨੇਕ ਸਿੰਘ ਤੇ ਸੀਤੋ ਫੁੱਲੇ ਨਹੀਂ ਸਮਾਉਂਦੇ ਸਨ। ਪੜ੍ਹੀ ਲਿਖੀ ਭਾਬੀ ਦੇ ਕੋਲ ਨਣਦਾਂ ਮੂਹਰੇ ਹੋ ਹੋ ਬਹਿੰਦੀਆਂ।ਕਦੇ ਓਹਦੇ ਸੋਹਣੇ ਕੱਪੜਿਆਂ ਨੂੰ ਦੇਖਦੀਆਂ, ਕਦੇ ਉਹਦੇ ਮੇਕਅੱਪ ਦੇ ਸਮਾਨ ਨੂੰ ਤੇ ਕਦੇ ਘਰੇ ਆਏ ਸੋਹਣੇ ਸੋਹਣੇ ਫਰਨੀਚਰ ਨੂੰ ਦੇਖਦੀਆਂ।ਦਾਜ ਦਾ ਸਕੂਟਰ ਵਿਹੜੇ ਵਿੱਚ ਖੜ੍ਹਾ ਦੇਖ ਕੇ ਉਹਨਾਂ ਦਾ ਚਾਅ ਨੀ ਸੀ ਚੱਕਿਆ ਜਾ ਰਿਹਾ। ਕਿਉਂ ਕਿ ਉਦੋਂ ਸਕੂਟਰ ਵੀ ਪਿੰਡ ਦੇ ਇੱਕ ਦੋ ਘਰਾਂ ਦੇ ਹੀ ਸਨ। ਪਰ ਵਹੁਟੀ ਨੂੰ ਉਹਨਾਂ ਦਾ ਜ਼ਰਾ ਪਿਆਰ ਨਾ ਆਉਂਦਾ।ਸੱਸ ਵੀ ਉਹਨੂੰ ਦਫ਼ਤਰ ਜਾਂਦੀ ਨੂੰ ਨਾਸ਼ਤਾ ਖਵਾ ਕੇ ਤੋਰਦੀ ਤੇ ਸ਼ਾਮ ਨੂੰ ਖਾਣਾ ਜਲਦੀ ਬਣਾ ਲੈਂਦੀ ਤਾਂ ਕਿ ਨਵੀਂ ਵਹੁਟੀ ਦਫ਼ਤਰ ਵਿਚ ਕੰਮ ਕਰਦੀ ਨੇ ਥੱਕ ਕੇ ਆਉਣਾ ਹੈ। ਜੀਤ ਆਪਣੇ ਦਫ਼ਤਰੋਂ ਛੁੱਟੀ ਹੁੰਦੇ ਹੀ ਵਹੁਟੀ ਨੂੰ ਦਫ਼ਤਰ ਲੈਣ ਪਹੁੰਚ ਜਾਂਦਾ। ਵਿਆਹ ਨੂੰ ਕੁਝ ਦਿਨ ਹੀ ਹੋਏ ਸਨ ਕਿ ਉਸ ਨੇ ਜੀਤ ਨੂੰ ਆਖਿਆ,"ਮੈਨੂੰ ਭੀੜ ਪਸੰਦ ਨਹੀਂ,ਨਿੱਕੀ ਹੋਰੀਆਂ ਮੇਰੇ ਕੋਲ ਆ ਕੇ ਬੈਠਦੀਆਂ ਹਨ ਤਾਂ ਮੈਨੂੰ ਬਿਲਕੁਲ ਚੰਗਾ ਨਹੀਂ ਲੱਗਦਾ।" ਜੀਤ ਲਾਈ ਲੱਗ ਸੀ।ਉਸ ਨੇ ਝੱਟ ਆ ਕੇ ਆਪਣੀਆਂ ਭੈਣਾਂ ਨੂੰ ਝਿੜਕ ਦਿੱਤਾ। ਸੀਤੋ ਤੇ ਨੇਕ ਸਿੰਘ ਨੂੰ ਝਟਕਾ ਜਿਹਾ ਲੱਗਿਆ।ਉਹ ਇਕਦਮ ਸੁੰਨ ਜਿਹੇ ਹੋ ਗਏ। ਪਰ ਚੁੱਪ ਰਹਿ ਕੇ ਗੱਲ ਨੂੰ ਅਣਗੌਲਿਆਂ ਕਰ ਦਿੱਤਾ। ਵਿਆਹ ਤੋਂ ਮਹੀਨਾ ਕੁ ਬਾਅਦ ਜੀਤ ਤੇ ਨਵੀਂ ਵਹੁਟੀ ਚਾਰ ਦਿਨ ਸ਼ਿਮਲੇ ਘੁੰਮ ਕੇ ਆਏ ਤਾਂ ਜੀਤ ਨੇ ਆਪਣੀ ਪਤਨੀ ਦੇ ਕਹੇ ਮੁਤਾਬਕ ਆਪਣੇ ਮਾਂ-ਪਿਓ ਨੂੰ ਫ਼ਰਮਾਨ ਸੁਣਾ ਦਿੱਤਾ ," ਬੀਬੀ,ਨੀਤੂ ਕਹਿੰਦੀ ਆ ਕਿ ਸਾਡਾ ਕਮਰਾ ਛੋਟਾ.... ਨਾ਼ਲੇ ਉਹ ਕਹਿੰਦੀ ਆ .....ਕਿ ਆਪਣੀ ਸਾਰੀ ਕਮਾਈ ....ਤਾਂ ਥੋਡੀ ਕਬੀਲਦਾਰੀ ਨਜਿੱਠਦਿਆਂ ਈ ਨਿਕਲ ਜੂ .....ਨਾ਼ਲੇ.... ਕੱਲ੍ਹ ਨੂੰ ਸਾਡੇ ਜਵਾਕ ਵੀ ਹੋਣਗੇ...ਅਸੀਂ ਉਹਨਾਂ ਦੀ ਜ਼ਿੰਦਗੀ ਬਾਰੇ ਵੀ ਕੁਝ ਸੋਚਣਾ....... ਉਹ ਕਹਿੰਦੀ ਆ ....ਕਿ ....ਉਹਦੇ ਡੈਡੀ ਦੀ ਕੋਠੀ ਵਿੱਚ...... ਕਈ ਕਮਰੇ ਖਾਲੀ ਪਏ ਆ,ਨਾਲੇ.... ਕਮਰੇ ਵੱਡੇ ਵੀ ਆ। ਅਸੀਂ ਉੱਥੇ ਸ਼ਿਫਟ ਕਰ ਜਾਣਾ ਅਗਲੇ ਐਤਵਾਰ.....।" ਐਨੀ ਗੱਲ ਕਹਿ ਕੇ ਜੀਤ ਆਪਣੇ ਕਮਰੇ ਵਿੱਚ ਚਲੇ ਗਿਆ।ਨੇਕ ਸਿੰਘ ਤੇ ਉਸ ਦੀ ਪਤਨੀ ਉੱਥੇ ਹੀ ਖੜ੍ਹੇ ਰਹੇ ਉਹਨਾਂ ਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ। ਦੋਵਾਂ ਨੂੰ ਕੁਝ ਸਮਝ ਨਹੀਂ ਆ ਰਿਹਾ ਸੀ। ਨੇਕ ਸਿੰਘ ਦੀਆਂ ਅੱਖਾਂ ਵਿੱਚੋਂ ਜਿਵੇਂ ਦੋ ਦਰਿਆ ਵਗ ਰਹੇ ਹੋਣ। ਉਸ ਵਿੱਚ ਉਸ ਦੀ ਸੁਪਨਿਆਂ ਦੀ ਕਾਗਜ਼ ਦੀ ਕਿਸ਼ਤੀ ਡੁੱਬਦੀ ਨਜ਼ਰ ਆ ਰਹੀ ਸੀ। ਉਹ ਭੱਜ ਕੇ ਉਸ ਨੂੰ ਫੜਨਾ ਚਾਹੁੰਦਾ ਸੀ ਪਰ ਹੁਣ ਫੜਿਆਂ ਵੀ ਹੱਥ ਪੱਲੇ ਕੁਝ ਨਹੀਂ ਪੈਣਾ ਸੀ।

# ਖੁਸ਼ਹਾਲੀ ਤੋਂ ਮੰਦਹਾਲੀ ਵੱਲ ਪੰਜਾਬ ਅਤੇ ਪੇਂਡੂ ਬੇਚੈਨੀ

**ਲਿਖਤ : ਡਾ. ਮੇਹਰ ਮਾਣਕ**
**ਸੰਪਰਕ:** 90411-13193

ਪੰਜਾਬ ਦੇ ਸ਼ਾਬਦਿਕ ਅਰਥ ਬਹੁਤ ਡੂੰਘੇ ਹਨ ਜਿਸ ਪਿੱਛੇ ਇਸ ਦਾ ਲੰਮਾ ਇਤਿਹਾਸ, ਭੂਗੋਲਿਕ ਅਤੇ ਸਮੁੱਚਾ ਆਰਥਿਕ ਸਮਾਜਿਕ ਤਾਣੇ-ਬਾਣੇ ਦਾ ਵਰਤਾਰਾ ਛੁਪਿਆ ਹੈ। ਪੰਜਾਬ ਦਾ ਨਾਂ ਫ਼ਾਰਸੀ ਦੇ ਦੋ ਸ਼ਬਦਾਂ ਪੰਜ ਅਤੇ ਆਬ ਤੋਂ ਬਣਿਆ ਹੈ ਜਿਸ ਦਾ ਅਰਥ ਪੰਜ ਦਰਿਆਵਾਂ ਦੀ ਧਰਤੀ ਹੈ। 1947 ਦੀ ਵੰਡ ਤੋਂ ਬਾਅਦ ਭਾਰਤੀ ਪੰਜਾਬ ਦੇ ਪੱਛਮ ਵਿੱਚ ਇਸ ਦਾ ਬਾਰਡਰ ਪੱਛਮੀ ਪੰਜਾਬ (ਪਾਕਿਸਤਾਨ) ਨਾਲ ਲੱਗਦਾ ਹੈ। ਇਸ ਦਾ ਖੇਤਰਫ਼ਲ 503620 ਵਰਗ ਕਿਲੋਮੀਟਰ ਹੈ ਅਤੇ ਇਹ ਭਾਰਤ ਦੇ 1.53 ਪ੍ਰਤੀਸ਼ਤ ਖੇਤਰ ਵੱਸਿਆ ਹੋਇਆ ਹੈ। 1947 ਤੋਂ ਬਾਅਦ ਵੀ ਭਾਵੇਂ ਇਸ ਦੀ ਵੰਡ ਹੁੰਦੀ ਰਹੀ, ਫਿਰ ਵੀ ਇਹ ਭਾਰਤ ਦਾ 20ਵਾਂ ਵੱਡਾ ਰਾਜ ਹੈ ਜਿਸ ਦੀ 62.52 ਪ੍ਰਤੀਸ਼ਤ ਆਬਾਦੀ ਪਿੰਡਾਂ ਵਿੱਚ ਰਹਿੰਦੀ ਹੈ। ਇੱਥੋਂ ਦੀ ਵੱਸੋਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਇਤਿਹਾਸਕ ਬਣਤਰ ਕਾਰਨ ਇੱਥੋਂ ਦੇ ਲੋਕ ਬਹੁਤ ਮਿਹਨਤੀ, ਸਿਰੜੀ ਅਤੇ ਹਿੰਮਤੀ ਹਨ।

ਦੇਸ਼ ਵੰਡ ਤੋਂ ਬਾਅਦ ਭੁੱਖਮਰੀ ਮੁੱਖ ਸਮੱਸਿਆ ਬਣ ਕੇ ਉੱਭਰੀ ਜਿਸ ਨਾਲ ਨਜਿੱਠਣਾ ਜ਼ਰੂਰੀ ਸੀ ਕਿਉਂਕਿ ਇਹ ਸਮੱਸਿਆ ਮਨੁੱਖ ਦੀ ਹੋਂਦ ਨਾਲ ਜੁੜੀ ਹੋਈ ਹੈ। ਜ਼ਮੀਨੀ ਸੁਧਾਰਾਂ ਦੀ ਮੁਹਿੰਮ ਤੋਂ ਬਾਅਦ ਇਸ ਸਮੱਸਿਆ ਨਾਲ ਨਜਿੱਠਣ ਲਈ ਸਰਕਾਰ ਨੇ ਫੋਰਡ ਫਾਊਂਡੇਸ਼ਨ ਦਾ ਪ੍ਰਾਜੈਕਟ ਲਾਗੂ ਕਰਦਿਆਂ 1960ਵਿਆਂ ਵਿੱਚ ਹਰੀ ਕ੍ਰਾਂਤੀ ਵੱਲ ਕਦਮ ਪੁੱਟਿਆ। ਹਰੀ ਕ੍ਰਾਂਤੀ ਲਈ ਚੁਣੇ ਕੁਝ ਖੇਤਰਾਂ ਵਿੱਚੋਂ ਪੰਜਾਬ ਵੀ ਇੱਕ ਸੀ। ਪੰਜਾਬ ਨੇ ਨਵੇਂ ਬੀਜਾਂ, ਖਾਦਾਂ ਅਤੇ ਮਸ਼ੀਨਰੀ ਤੇ ਤਕਨੀਕਾਂ ਦੀ ਵਰਤੋਂ ਕਰ ਕੇ ਭਾਰਤ ਨੂੰ ਦੂਜੇ ਦੇਸ਼ਾਂ ਦੀ ਨਿਰਭਰਤਾ ਵਿੱਚੋਂ ਕੱਢਣ ਵਿੱਚ ਅਹਿਮ ਭੂਮਿਕਾ ਨਿਭਾਈ। ਅੱਜ ਪੰਜਾਬ, ਭਾਰਤ ਦੀ 15-20 ਪ੍ਰਤੀਸ਼ਤ ਕਣਕ, 12 ਪ੍ਰਤੀਸ਼ਤ ਚੌਲ ਅਤੇ 5 ਪ੍ਰਤੀਸ਼ਤ ਕਪਾਹ ਪੈਦਾ ਕਰਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਖੇਤੀ ਦੇ ਇਸ ਵਿਕਾਸ ਮਾਡਲ ਨੇ ਪੈਦਾਵਾਰ ਵਿੱਚ ਬੇਹੱਦ ਵਾਧਾ ਕੀਤਾ, ਕੁਝ ਦੇਰ ਲਈ ਮੁਨਾਫ਼ੇ ਵੀ ਵਧੇ ਪਰ ਖੇਤੀ ਦੇ ਇਸ ਵਿਕਾਸ ਮਾਡਲ ਨੇ ਪਿਛਲੇ ਤਕਰੀਬਨ ਤਿੰਨ ਦਹਾਕਿਆਂ ਦੇ ਸਮੇਂ ਤੋਂ ਆਪਣੇ ਮਾਰੂ ਪ੍ਰਭਾਵ ਦਿਖਾਉਣੇ ਸ਼ੁਰੂ ਕਰ ਦਿੱਤੇ।

ਪੰਜਾਬ ਦੇ ਪਾਣੀ ਜਿਸ ਕਾਰਨ ਇਸ ਦੀ ਸਰਦਾਰੀ ਸੀ, ਮਨੁੱਖੀ ਪਹੁੰਚ ਤੋਂ ਦੂਰ ਹੋ ਰਿਹਾ ਹੈ। ਅੱਜ ਪੰਜਾਬ ਵਿੱਚ 14.5 ਲੱਖ ਤੋਂ ਵੱਧ ਟਿਊਬਵੈੱਲ ਸਿੰਜਾਈ ਖਾਤਰ ਧਰਤੀ ਹੇਠਲਾ ਪਾਣੀ ਕੱਢ ਰਹੇ ਹਨ ਜਿਸ ਕਾਰਨ ਪੰਜਾਬ ਦੇ ਕੁੱਲ 150 ਬਲਾਕਾਂ ਵਿੱਚੋਂ 140 ਬਲਾਕ ਉਹ ਹਨ ਜਿਨ੍ਹਾਂ ਨੂੰ ਸਰਕਾਰ ਨੇ 'ਡਾਰਕ ਜ਼ੋਨ' ਵਾਲੀ ਸੂਚੀ ਵਿੱਚ ਪਾਇਆ ਹੋਇਆ ਹੈ। ਹਰ ਸਾਲ ਇੱਕ ਮੀਟਰ ਤੋਂ ਵੀ ਵੱਧ ਧਰਤੀ ਹੇਠਲਾ ਪਾਣੀ ਨੀਵਾਂ ਹੋ ਰਿਹਾ ਹੈ। 'ਸੈਂਟਰਲ ਬੋਰਡ ਆਫ ਗਰਾਊਂਡ ਵਾਟਰ' ਮੁਤਾਬਿਕ, 2039 ਤੱਕ ਪਾਣੀ 1000 ਫੁੱਟ ਡੂੰਘਾ ਹੋ ਜਾਵੇਗਾ; ਮਤਲਬ, ਪੰਜਾਬ ਰੇਗਿਸਤਾਨ ਬਣ ਜਾਵੇਗਾ। ਇਸ ਤੋਂ ਇਲਾਵਾ ਧਰਤੀ ਹੇਠਲਾ ਅਤੇ ਧਰਤੀ 'ਤੇ ਵਗਦਾ ਪਾਣੀ, ਮਿੱਟੀ, ਹਵਾ ਤੱਕ ਗੰਧਲੇ ਹੋ ਚੁੱਕੇ ਹਨ।



ਇਸ ਮਸਲੇ ਵੱਲ ਤਵੱਜੋ ਦੇਣ ਦੀ ਕੋਈ ਵੀ ਕੋਸ਼ਿਸ਼ ਨਹੀਂ ਕਰ ਰਿਹਾ।

ਮੰਡੀ ਵਿੱਚ ਮੁਨਾਫ਼ੇ ਦੇ ਚੱਕਰਵਿਊ ਵਿੱਚ ਪਈ ਕਿਸਾਨੀ ਕਾਰਨ ਪੰਜਾਬ ਵਿੱਚ ਹਰ ਸਾਲ ਝੋਨੇ ਹੇਠ ਰਕਬਾ ਵਧ ਰਿਹਾ ਹੈ, ਇਹ ਹੁਣ 32 ਲੱਖ ਹੈਕਟੇਅਰ 'ਤੇ ਪੁੱਜ ਗਿਆ ਹੈ। ਉਤਪਾਦਨ ਭਾਵੇਂ ਜ਼ੋਰਾਂ 'ਤੇ ਹੈ ਪਰ ਝੋਨੇ ਦੀ ਫ਼ਸਲ ਮੰਡੀਆਂ ਵਿੱਚ ਰੁਲਦੀ ਰਹਿੰਦੀ ਹੈ। ਪੈਦਾਵਾਰ ਅਤੇ ਕਿਸਾਨੀ ਦੀ ਹੋ ਰਹੀ ਦੁਰਦਸ਼ਾ ਹੁਣ ਕਿਸੇ ਤੋਂ ਛੁਪੀ ਨਹੀਂ। ਭਾਰਤ ਬਾਹਰਲੇ ਦੇਸ਼ਾਂ ਤੋਂ ਡੇਢ ਲੱਖ ਕਰੋੜ ਰੁਪਏ ਦੀਆਂ ਦਾਲਾਂ ਅਤੇ ਤਕਰੀਬਨ ਇੰਨੇ ਹੀ ਮੁੱਲ ਦੇ ਤੇਲ ਬੀਜਾਂ ਦੀ ਦਰਾਮਦ ਕਰਦਾ ਹੈ ਜਦੋਂਕਿ ਸਭ ਕੁਝ ਇੱਥੇ ਹੀ ਪੈਦਾ ਹੋ ਸਕਦਾ ਹੈ। ਅਜਿਹੀ ਸੂਰਤ ਵਿੱਚ ਬਦਲਵੀਆਂ ਫ਼ਸਲਾਂ ਜਿਵੇਂ ਦਾਲਾਂ, ਤੇਲ ਬੀਜਾਂ ਆਦਿ ਨੂੰ ਪ੍ਰਫੁੱਲਿਤ ਕਰਨ ਦੀ ਲੋੜ ਹੈ। ਇਨ੍ਹਾਂ ਫ਼ਸਲਾਂ ਨੂੰ ਪ੍ਰਫੁੱਲਿਤ ਕਰਨ ਲਈ ਐੱਮਐੱਸਪੀ ਦੀ ਖਰੀਦ ਦਾ ਵਿਸਥਾਰ, ਵੰਨ-ਸਵੰਨਤਾ ਅਤੇ ਸਿਹਤਮੰਦ ਖੇਤੀ ਅਮਲਾਂ ਨੂੰ ਹੁਲਾਰਾ ਦੇਣ ਲਈ ਕਦਮ ਪੁੱਟਣੇ ਦੀ ਜ਼ਰੂਰਤ ਹੈ। ਕੋਲਡ ਸਟੋਰੇਜ, ਵੇਅਰਹਾਊਸਿੰਗ, ਪ੍ਰਾਸੈਸਿੰਗ ਯੂਨਿਟਾਂ ਅਤੇ ਆਵਾਜਾਈ ਸਿਸਟਮ ਵਿੱਚ ਸਰਕਾਰੀ ਨਿਵੇਸ਼ ਦੀ ਜ਼ਰੂਰਤ ਹੈ ਜਿਸ ਨਾਲ ਪੇਂਡੂ ਖੇਤਰਾਂ ਵਿੱਚ ਰੁਜ਼ਗਾਰ ਵਧੇਗਾ। ਇਸ ਨਾਲ ਆਮਦਨ ਦੇ ਨਵੇਂ ਰਾਹ ਖੁੱਲ੍ਹਣਗੇ ਅਤੇ ਇਹ ਪਰਵਾਸ ਨੂੰ ਵੀ ਠੱਲ੍ਹ ਪਾਵੇਗਾ।

ਪੰਜਾਬ ਉਹ ਸੂਬਾ ਹੈ ਜਿੱਥੇ ਜ਼ਿਆਦਾਤਰ ਦਰਮਿਆਨੀ ਅਤੇ ਛੋਟੀ ਕਿਸਾਨੀ ਹੈ। ਕਿਸਾਨੀ ਦੀ ਟੁੱਟ ਰਹੀ ਬਣਤਰ ਅਤੇ ਮੰਦੀ ਹੋ ਰਹੀ ਆਰਥਿਕ ਹਾਲਤ ਨੇ ਉਨ੍ਹਾਂ ਅੰਦਰ ਬੇਯਕੀਨੀ ਪੈਦਾ ਕਰ ਦਿੱਤੀ ਹੈ। ਇਸ ਕਰ ਕੇ ਕਿਸਾਨ ਵੀ ਕੁਝ ਕਾਰਨਾਂ ਕਰ ਕੇ ਇਸ ਫ਼ਸਲੀ ਚੱਕਰ ਵਿੱਚੋਂ ਨਿਕਲਣ ਲਈ ਤਿਆਰ ਨਹੀਂ। ਦਿਨ-ਬ-ਦਿਨ ਵਧ ਰਹੀਆਂ ਲਾਗਤਾਂ ਅਤੇ ਮੁਨਾਫ਼ੇ ਵਿੱਚ ਆਈ ਤੇਜ਼ੀ ਨਾਲ ਗਿਰਾਵਟ ਕਾਰਨ ਖੇਤੀ ਪਹਿਲਾਂ ਹੀ ਘਾਟੇ ਦਾ ਸੌਦਾ ਸਿੱਧ ਹੋਣ ਕਰ ਕੇ ਸਮੁੱਚਾ ਅਰਥਚਾਰਾ ਮੰਦੀ ਦੀ ਲਪੇਟ ਵਿੱਚ ਹੈ। ਕਰਜ਼ਦਾਰੀ ਦੇ ਬੋਝ ਅਤੇ ਮਾਨਸਿਕ ਦਬਾਓ ਕਾਰਨ ਕਿਸਾਨ ਮਜ਼ਦੂਰ ਆਤਮਘਾਤੀ ਰੁਝਾਨ ਦਾ ਸ਼ਿਕਾਰ ਹੋ ਚੁੱਕੇ ਹਨ। ਇਹ ਰੁਝਾਨ 1990 ਤੋਂ ਸ਼ੁਰੂ ਹੋਇਆ ਜੋ ਰੁਕਣ ਦਾ ਨਾਂ ਨਹੀਂ ਲੈ ਰਿਹਾ। ਹੁਣ ਤੱਕ ਪੰਜਾਬ ਅੰਦਰ ਵੱਡੀ ਗਿਣਤੀ ਵਿੱਚ ਆਤਮ-ਹੱਤਿਆਵਾਂ ਹੋ ਚੁੱਕੀਆਂ ਹਨ। ਪ੍ਰਸਿੱਧ ਸਮਾਜ ਵਿਗਿਆਨੀ ਟੌਮ ਬਰਾਸ ਅਨੁਸਾਰ, ਸਰਕਾਰ ਜਾਣਬੁੱਝ ਕੇ ਸਹੀ ਤੱਥ ਪੇਸ਼ ਨਹੀਂ ਕਰ ਰਹੀ। ਸਰਕਾਰ ਨੇ ਆਪਣੀ ਰਿਪੋਰਟ ਵਿੱਚ 1991 ਤੋਂ 2000 ਤੱਕ 3100, ਸਾਲ 2000 ਤੋਂ 2015 ਤੱਕ 16661 ਅਤੇ 2015 ਤੋਂ 2017 ਤੱਕ 2200 ਕੇਸਾਂ ਦਾ ਜ਼ਿਕਰ ਕੀਤਾ ਹੈ। ਗ਼ੈਰ-ਸਰਕਾਰੀ ਅੰਕੜੇ ਦੱਸਦੇ ਹਨ ਕਿ ਗਿਣਤੀ ਵਧੇਰੇ ਹੈ। ਇਸ ਤੋਂ ਬਾਅਦ ਸਰਕਾਰ ਨੇ ਜਾਣਕਾਰੀ ਦੇਣੀ ਬੰਦ ਕਰ ਦਿੱਤੀ। ਜੇ ਇਸ ਜਾਣਕਾਰੀ ਦੇ ਆਧਾਰ 'ਤੇ 2024 ਤੱਕ ਔਸਤ ਕੱਢੀਏ ਤਾਂ ਕੇਸਾਂ ਦੀ ਗਿਣਤੀ 30000 ਬਣਦੀ ਹੈ।

ਅੱਜ ਪੰਜਾਬ ਦੇ ਪੇਂਡੂ ਅਰਥਚਾਰੇ ਦਾ ਹਾਲ ਇਹ ਹੈ ਕਿ ਢੁੱਕਵਾਂ ਕੰਮ ਨਾ ਮਿਲਣ ਕਾਰਨ ਪੰਜਾਬੀ ਕੈਨੇਡਾ, ਅਮਰੀਕਾ, ਆਸਟਰੇਲੀਆ, ਯੂਕੇ ਵੱਲ ਆਪਣੇ ਵਸੇਬੇ ਅਤੇ ਉੱਜਲ ਭਵਿੱਖ ਲਈ ਪਰਵਾਸ ਕਰ ਰਹੇ ਹਨ। ਜਵਾਨੀ ਨਸ਼ਿਆਂ ਅਤੇ ਹਿੰਸਕ ਪ੍ਰਵਿਰਤੀਆਂ ਦਾ ਸ਼ਿਕਾਰ ਹੋ ਰਹੀ ਹੈ। ਕੰਗਾਲ ਹੋਇਆ ਅੱਜ ਪੰਜਾਬ ਖਾਲੀ ਹੱਥ ਖੜ੍ਹਾ ਦਿਖਾਈ ਦੇ ਰਿਹਾ ਹੈ।

ਜ਼ਾਹਿਰ ਹੈ ਕਿ ਹਾਲਤ ਬਹੁਤ ਨਿਰਾਸ਼ਾਜਨਕ ਹੈ ਜਿਸ ਵਿੱਚੋਂ ਜਨਤਕ ਰੋਸ ਪੈਦਾ ਹੋਣਾ ਸੁਭਾਵਿਕ ਹੈ। ਦਿੱਲੀ ਮੋਰਚੇ ਇਸੇ ਦਾ ਪ੍ਰਤੱਖ ਸਬੂਤ ਹੈ ਕਿ ਪੰਜਾਬੀ ਅਵਾਮ ਦਾ ਸਰਕਾਰਾਂ ਦੀ ਕਾਰਗੁਜ਼ਾਰੀ ਤੋਂ ਵਿਸ਼ਵਾਸ ਉੱਠ ਚੁੱਕਾ ਹੈ। ਅਵਾਮ ਸਰਕਾਰਾਂ ਉੱਤੇ ਕੀ ਵਿਸ਼ਵਾਸ ਕਰੇ, ਕੇਂਦਰ ਸਰਕਾਰ ਨੇ ਮੰਗਾਂ ਮੰਨ ਕੇ ਵੀ ਨਹੀਂ ਮੰਨੀਆਂ। ਕੇਂਦਰ ਸਰਕਾਰ ਦੀ ਅਜਿਹੀ ਪਹੁੰਚ ਨੇ ਕੰਮ ਕਰ ਕੇ ਢਿੱਡ ਭਰਨ ਵਾਲੇ ਤਬਕਿਆਂ ਦੇ ਮਨਾਂ ਅੰਦਰ ਦਿਨ-ਬ-ਦਿਨ ਫੈਲ ਰਹੀ ਬੇਵਿਸਾਹੀ ਵਿੱਚ ਹੋਰ ਵਾਧਾ ਕਰ ਦਿੱਤਾ ਹੈ। ਹੁਣ ਇਹ ਗੱਲ ਆਮ ਹੈ ਕਿ ਕੇਂਦਰ ਸਰਕਾਰ ਕੁਝ ਖ਼ਾਸ ਵੱਡੇ ਘਰਾਣਿਆਂ ਦੀ ਮਦਦ ਨਾਲ ਚੱਲ ਰਹੀ ਹੈ; ਇਸ ਦੇ ਆਪਣੇ ਅਤੇ ਆਪਣੇ ਮਦਦਗਾਰਾਂ ਦੇ ਹਿੱਤ ਪਹਿਲਾਂ ਹਨ।

ਸਰਕਾਰ ਆਪਣੇ ਸਾਧਨਾਂ ਅਤੇ ਚਾਲਾਂ ਰਾਹੀਂ ਖਾਸ 'ਇੱਛਤ ਸਮਾਜ' ਸਿਰਜਣ ਦੀ ਪ੍ਰਕਿਰਿਆ ਵਿੱਚ ਪਈ ਹੋਈ ਹੈ ਤਾਂ ਕਿ ਜਮਾਤੀ ਵਿਰੋਧ ਧੁੰਦਲੇ ਕੀਤੇ ਜਾ ਸਕਣ। ਇਸ ਤੋਂ ਇਲਾਵਾ ਦਿੱਲੀ ਮੋਰਚੇ ਤੋਂ ਬਾਅਦ ਸੰਯੁਕਤ ਕਿਸਾਨ ਮੋਰਚਾ ਅਤੇ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਕਿਸਾਨ ਜਥੇਬੰਦੀਆਂ/ਧਿਰਾਂ ਅਤੇ ਨੇਤਾਵਾਂ ਦਾ ਦੋ ਖੇਮਿਆਂ ਵਿੱਚ ਵੰਡੇ ਜਾਣਾ ਵੀ ਕਿਸਾਨਾਂ ਅੰਦਰਲੀ ਨਿਰਾਸ਼ਤਾ ਵਿੱਚ ਵਾਧਾ ਕਰ ਰਿਹਾ ਹੈ। ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਵੱਲੋਂ ਕਿਸਾਨਾਂ ਦੀ ਸਭ ਤੋਂ ਵੱਡੀ ਧਿਰ ਸੰਯੁਕਤ ਕਿਸਾਨ ਮੋਰਚੇ ਨੂੰ ਅੱਖੋ-ਪਰੋਖੇ ਕਰ ਕੇ ਕਿਸਾਨੀ ਮੰਗਾਂ ਲਈ ਸ਼ੰਭੂ ਅਤੇ ਖਨੌਰੀ ਮੋਰਚਾ ਲਾ ਕੇ ਦਿੱਲੀ ਦੀ ਸੱਤਾ ਨਾਲ ਟੱਕਰ ਲੈਣ ਦੀ ਖੁਸ਼ਫਹਿਮੀ, ਕਿਸਾਨਾਂ ਉੱਤੇ ਹੋ ਰਿਹਾ ਤਸ਼ੱਦਦ ਅਤੇ ਚਾਲੂ ਕੀਤੇ ਮੋਰਚੇ ਦਾ ਆਪਣੇ ਹੀ ਮੋਰਚੇ ਵਿੱਚ ਘਿਰ ਜਾਣਾ, ਅੰਦੋਲਨ ਕਰਨ ਵਾਲਿਆਂ ਲਈ ਨਿਰਾਸ਼ਾਜਨਕ, ਚਿੰਤਾਜਨਕ ਅਤੇ ਚੁਣੌਤੀ ਭਰਪੂਰ ਵਿਸ਼ਾ ਹੈ। ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਦੇ ਹਰਿਆਣੇ ਦੇ ਬਾਰਡਰ 'ਤੇ ਪਿਛਲੇ 10 ਮਹੀਨਿਆਂ ਤੋਂ ਚੱਲ ਰਹੇ ਅੰਦੋਲਨ ਵਿੱਚ ਹੁਣ ਤੱਕ 400 ਤੋਂ ਵੱਧ ਕਿਸਾਨ ਫੱਟੜ ਹੋਏ, ਕੁਝ ਕਿਸਾਨਾਂ ਦੀਆਂ ਦੋਵੇਂ ਅੱਖਾਂ ਚਲੀਆਂ ਗਈਆਂ ਅਤੇ ਨੌਜਵਾਨ ਸ਼ੁਭਕਰਨ ਸਿੰਘ ਦੀ ਮੌਤ ਹੋ ਗਈ; ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਇੱਕ ਮਹੀਨੇ ਤੋਂ ਮਰਨ ਵਰਤ 'ਤੇ ਹਨ।

ਕੇਂਦਰ ਸਰਕਾਰ ਵੱਲੋਂ ਕਿਸਾਨਾਂ ਲਈ ਵਾਰ-ਵਾਰ ਹਰਿਆਣਾ ਦੇ ਬਾਰਡਰ ਸੀਲ ਕਰਨੇ, ਪੰਜਾਬ ਦੀਆਂ ਸਫ਼ਾਂ ਅੰਦਰ ਸਰਕਾਰ ਦਾ ਅਜਿਹਾ ਵਤੀਰਾ ਬੇਗਾਨਗੀ ਪੈਦਾ ਕਰ ਰਿਹਾ ਹੈ। ਦਿੱਲੀ ਵੱਲ ਸ਼ਾਂਤਮਈ ਤਰੀਕੇ ਨਾਲ ਕੂਚ ਕਰਦੇ ਕਿਸਾਨਾਂ 'ਤੇ ਲਾਠੀਆਂ, ਗੈਸਾਂ ਅਤੇ ਗੋਲੀਆਂ ਵਰ੍ਹਾਉਣੀਆਂ ਕਿਸੇ ਵੀ ਲੋਕਤੰਤਰੀ ਸਰਕਾਰ ਨੂੰ ਸੋਭਾ ਨਹੀਂ ਦਿੰਦਾ।


ਬੇਯਕੀਨੀ ਵਾਲੀ ਅਜਿਹੀ ਹਾਲਤ ਵਿੱਚ ਸਮੁੱਚੀ ਕਿਸਾਨੀ ਅਤੇ ਪੇਂਡੂ ਸਮਾਜ ਸਾਹਮਣੇ ਵੱਡੀਆਂ ਚੁਣੌਤੀਆਂ ਹਨ। ਸਰਕਾਰ ਕਿਸੇ ਵੀ ਤਰੀਕੇ ਹੱਥ-ਪੱਲਾ ਫੜਾਉਣ ਨੂੰ ਤਿਆਰ ਨਹੀਂ। ਉਹ ਵਾਪਸ ਲਏ ਤਿੰਨ ਕਾਨੂੰਨ ਟੇਢੇ ਤਰੀਕੇ ਨਾਲ ਲਾਗੂ ਕਰਨ ਦੀ ਤਾਕ ਵਿੱਚ ਹੈ। ਸੰਯੁਕਤ ਕਿਸਾਨ ਮੋਰਚੇ ਨੇ ਪੰਜਾਬ ਸਰਕਾਰ ਨਾਲ ਆਪਣੀ 19 ਦਸੰਬਰ ਵਾਲੀ ਮੀਟਿੰਗ ਵਿੱਚ ਕੌਮੀ ਖੇਤੀ ਮੰਡੀ ਨੀਤੀ ਰੱਦ ਕਰ ਦਿੱਤੀ ਹੈ ਅਤੇ ਕਿਹਾ ਕਿ ਕੇਂਦਰ ਸਰਕਾਰ ਅਜਿਹੇ ਤਰੀਕੇ ਵਰਤ ਕੇ ਸੂਬਿਆਂ ਦੇ ਅਧਿਕਾਰ ਖੇਤਰ ਵਿੱਚ ਦਖ਼ਲ ਦੇ ਰਹੀ ਹੈ। ਇਹ ਗੱਲ ਸਭ ਨੂੰ ਭਲੀ-ਭਾਂਤ ਪਤਾ ਹੈ ਕਿ ਬਦਲ ਚੁੱਕੇ ਹਾਲਾਤ ਵਿੱਚ ਕਿਸਾਨ ਲੀਡਰਸ਼ਿਪ ਹੁਣ ਪਹਿਲਾਂ ਨਾਲੋਂ ਬਹੁਤ ਸਿਆਣੀ ਅਤੇ ਘੋਲਾਂ ਦੇ ਤਜਰਬੇ 'ਚੋਂ ਜਾਗਰੂਕ ਹੋ ਚੁੱਕੀ ਹੈ। ਤਿੱਖੀਆਂ ਹੋ ਰਹੀਆਂ ਵਿਰੋਧਤਾਈਆਂ ਦੇ ਦੌਰ ਅੰਦਰ ਇੱਕ ਪਾਸੇ ਕੇਂਦਰ ਤੇ ਪੰਜਾਬ ਸਰਕਾਰ ਅਤੇ ਦੂਜੇ ਪਾਸੇ ਸਮੂਹ ਕਿਸਾਨ ਧਿਰਾਂ ਨੂੰ ਬੜੀ ਦਿਆਨਤਦਾਰੀ ਤੇ ਜ਼ਿੰਮੇਵਾਰੀ ਨਾਲ ਮਿਲ ਬੈਠ ਕੇ ਮਸਲਿਆਂ ਦੇ ਹੱਲ ਵੱਲ ਸਾਰਥਿਕ ਕਦਮ ਪੁੱਟਣੇ ਚਾਹੀਦੇ ਹਨ। ਇਸੇ ਵਿੱਚ ਸਭ ਦੀ ਭਲਾਈ ਹੈ।

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

ICC ACCOUNTING SERVICES INC.
Accounting Services Inc.



ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
604-597-0991, 778-895-7444
1-800-732-0519
: icc.accounting@yahoo.ca
: www.iccaccounting.com
: 8740 - 140A St., Surrey, BC V3W 0M4



Gurnek Bangar
(Pasla)

# ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ "ਵੀਰ ਬਾਲ ਦਿਵਸ" ਕਹਿਣਾ: ਕੀ ਸਿੱਖ ਮਰਿਆਦਾ ਨਾਲ ਖਿਲਵਾੜ ਨਹੀਂ ?

**ਲਿਖਤ : ਪ੍ਰੋਫੈਸਰ (ਡਾ.) ਦਲਜੀਤ ਸਿੰਘ**

ਸਿੱਖ ਇਤਿਹਾਸ ਵਿੱਚ ਸ਼ਹਾਦਤ ਦੇ ਸੰਕਲਪ ਪੱਖੋਂ ਪੋਹ (ਦਸੰਬਰ-ਜਨਵਰੀ) ਦਾ ਮਹੀਨਾ ਬਹੁਤ ਮਹੱਤਵਪੂਰਨ ਹੈ। ਇਸ ਮਹੀਨੇ ਦੇ ਇੱਕ ਹਫਤੇ ਦੇ ਵਿੱਚ ਵਿੱਚ ਹੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ, ਅਤੇ ਮਾਤਾ ਗੁਜਰੀ ਜੀ ਨੇ ਸ਼ਹੀਦੀ ਪ੍ਰਾਪਤ ਕੀਤੀ। ਛੇ ਪੋਹ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਪਰਿਵਾਰ ਸਮੇਤ ਸ੍ਰੀ ਅਨੰਦਪੁਰ ਸਾਹਿਬ ਦਾ ਕਿਲਾ ਛੱਡਿਆ। ਸੱਤ ਪੋਹ ਨੂੰ ਸਰਸਾ ਨਦੀ ਪਾਰ ਕਰਦੇ ਹੋਏ ਗੁਰੂ ਜੀ ਦਾ ਪਰਿਵਾਰ ਵੱਡਿਆ ਗਿਆ। ਗੁਰੂ ਗੋਬਿੰਦ ਸਿੰਘ ਜੀ, ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਚਮਕੌਰ ਸਾਹਿਬ ਦੀ ਗੜੀ ਪਹੁੰਚੇ। ਦੂਜੇ ਪਾਸੇ ਸੱਤ ਪੋਹ ਦੀ ਰਾਤ ਨੂੰ ਹੀ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਸਰਸਾ ਨਦੀ ਕਿਨਾਰੇ ਕੁੰਮੇ ਮਸ਼ਕੀ ਦੀ ਝੋਪੜੀ ਵਿੱਚ ਠਹਿਰੇ। ਅੱਠ ਪੋਹ ਨੂੰ ਚਮਕੌਰ ਦੀ ਗੜੀ ਵਿੱਚ ਜੰਗ ਹੋਈ, ਜਿਥੇ ਦੋਨੋਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਮੁਗਲ ਫੌਜਾਂ ਨਾਲ 'ਸਵਾ ਲਾਖ ਸੇ ਏਕ ਲੜਾਊ' ਦੇ ਕਥਨ ਨੂੰ ਅਸਲੀ ਜਾਮਾ ਪਹਿਨਾਉਂਦਿਆਂ ਸ਼ਹਾਦਤ ਪ੍ਰਾਪਤ ਕਰ ਗਏ। ਅੱਠ ਪੋਹ ਨੂੰ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਗੰਗੂ ਬ੍ਰਾਹਮਣ ਦੀ ਝੋਪੜੀ ਵਿੱਚ ਰਹੇ। ਗੰਗੂ ਬ੍ਰਾਹਮਣ ਦੀ ਨਮਕ ਹਰਾਮੀ ਕਰਨ ਕਰਕੇ ਮਾਤਾ ਗੁਜਰੀ ਅਤੇ ਦੋਨਾਂ ਛੋਟੇ ਸਾਹਿਬਜ਼ਾਦਿਆਂ ਨੂੰ ਨੌ ਪੋਹ ਦੀ ਰਾਤ ਮੋਰਿੰਡਾ ਜੇਲ ਵਿੱਚ ਗੁਜ਼ਾਰਨੀ ਪਈ। 10, 11 ਅਤੇ 12 ਪੋਹ ਨੂੰ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਠੰਡੇ ਬੁਰਜ ਸਰਹੰਦ (ਹੁਣ ਸ੍ਰੀ ਫਤਿਹਗੜ੍ਹ ਸਾਹਿਬ) ਵਿੱਚ ਰੱਖੇ ਗਏ। ਇਹਨਾਂ ਦਿਨਾਂ ਦੌਰਾਨ ਸਰਹੰਦ ਦੇ ਨਵਾਬ ਵਜ਼ੀਰ ਖਾਂ ਦੀ ਅਦਾਲਤ ਵਿੱਚ ਦੋਨਾਂ ਸਾਹਿਬਜ਼ਾਦਿਆਂ ਦੀ ਪੇਸ਼ੀ ਹੋਈ ਅਤੇ ਉਹਨਾਂ ਨੂੰ ਇਸਲਾਮ ਧਰਮ ਕਬੂਲ ਕਰਨ ਲਈ ਕਿਹਾ ਗਿਆ। ਸਿਰਫ ਨੌ ਸਾਲ ਦੀ ਉਮਰ ਦੇ ਸਾਹਿਬਜ਼ਾਦਾ ਜੋਰਾਵਰ ਸਿੰਘ ਅਤੇ ਸੱਤ ਸਾਲ ਦੀ ਉਮਰ ਦੇ ਸਾਹਿਬਜ਼ਾਦਾ ਫਤਿਹ ਸਿੰਘ ਨੇ ਜਦੋਂ ਆਪਣੇ ਸਿੱਖ ਧਰਮ ਵਿੱਚ ਪਰਪਕਤਾ ਦਿਖਾਈ ਅਤੇ ਇਸਲਾਮ ਧਰਮ ਕਬੂਲ ਕਰਨ ਤੋਂ ਸਾਫ ਇਨਕਾਰ ਕੀਤਾ ਤਾਂ ਉਹਨਾਂ ਉੱਪਰ ਅਸਹਿ ਤਰੀਕੇ ਦੇ ਤਸੀਹਿਆਂ ਨਾਲ ਤਸ਼ੱਦਦ ਕੀਤਾ ਗਿਆ। ਪਹਿਲਾਂ ਉਹਨਾਂ ਨੂੰ ਨੀਹਾਂ ਵਿੱਚ ਚਣਵਾਇਆ ਗਿਆ, ਪਰ ਜਦੋਂ ਉਹ ਫੇਰ ਵੀ ਇਸਲਾਮ ਨੂੰ ਕਬੂਲ ਕਰਨ ਲਈ ਨਹੀਂ ਮੰਨੇ ਤਾਂ ਉਹਨਾਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਦੁਨੀਆ ਵਿੱਚ ਇਹ ਪਹਿਲੀ ਮਿਸਾਲ ਹੈ ਕਿ ਜਦੋਂ ਇਨੀ ਛੋਟੀ ਉਮਰ ਉਮਰ ਵਿੱਚ ਆਪਣੇ ਧਰਮ ਦੀ ਖਾਤਰ ਉਹਨਾਂ ਗੁਰੂ ਦੇ ਲਾਲਾਂ ਨੇ ਸ਼ਹੀਦੀ ਦਾ ਜਾਮ ਪੀਣਾ ਕਬੂਲ ਕੀਤਾ। ਸਾਹਿਬਜ਼ਾਦਿਆਂ ਦੀ ਇਹ ਕੁਰਬਾਨੀ ਦੁਨੀਆ ਦੇ ਇਤਿਹਾਸ ਵਿੱਚ ਲਾਸਾਨੀ ਅਤੇ ਅਦੁਤੀ ਸ਼ਹਾਦਤ ਵਜੋਂ ਜਾਣੀ ਜਾਂਦੀ ਹੈ। ਛੋਟੇ ਸਾਹਿਬਜ਼ਾਦੇ ਨੀਹਾਂ ਵਿੱਚ ਚਿਣੇ ਜਾਣ ਤੋਂ ਬਾਅਦ ਸਿੱਖ ਧਰਮ ਦੀਆਂ ਨੀਹਾਂ ਮਜਬੂਤ ਕਰ ਗਏ। ਇਸ ਕਰਕੇ ਸੰਗਤ ਇਸ ਸ਼ਹਾਦਤ ਨੂੰ 'ਨਿੱਕੀਆਂ ਜਿੰਦਾਂ ਵੱਡਾ ਸਾਕਾ' ਕਰਕੇ ਸਿਰ ਨਿਵਾਉਂਦੀਆਂ ਆ ਰਹੀਆਂ ਹਨ।

ਹੁਣ ਗੱਲ ਕਰਦੇ ਹਾਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਨੂੰ "ਵੀਰ ਬਾਲ", ਵਜੋਂ ਕਹੇ ਜਾਣ ਦੀ। ਅਸਲ ਵਿੱਚ ਕਿਸੇ ਕੌਮ ਨੂੰ ਖਤਮ ਕਰਨ ਲਈ ਟੈਂਕ, ਤੋਪਾਂ ਜਾਂ ਬਰੂਦ ਦੀ ਲੋੜ ਨਹੀਂ ਪੈਂਦੀ। ਉਸ ਕੌਮ ਦਾ ਇਤਿਹਾਸ ਖ਼ਰਾਬ ਕਰ ਦਿਓ, ਉਸ ਦੀ ਮਾਂ ਬੋਲੀ ਖ਼ਤਮ ਕਰ ਦਿਓ, ਉਹ ਕੌਮ ਆਪਣੇ ਆਪ ਸਮੇਂ ਨਾਲ ਖਤਮ ਹੋ ਜਾਵੇਗੀ। ਭਾਰਤ ਵਿੱਚ ਸਿੱਖ ਕੌਮ ਘੱਟ ਗਿਣਤੀ ਵਿੱਚ ਹੈ। ਇਹ ਭਾਰਤ ਦੀ ਕੁਲ ਆਬਾਦੀ ਦਾ ਸਿਰਫ 1.7% (2011) ਹਿੱਸਾ ਹੈ। ਇਹ ਭਾਵੇਂ ਕਹਿਣ ਨੂੰ ਪੰਜਾਬ ਵਿੱਚ ਬਹੁਤ ਗਿਣਤੀ ਵਿੱਚ ਹੈ, ਪਰ ਸਮਾਂ ਬੀਤਣ ਨਾਲ ਇਸ ਦੀ ਗਿਣਤੀ ਘੱਟਦੀ ਜਾ ਰਹੀ ਹੈ। ਦੁਨੀਆਂ ਵਿੱਚ ਖਾਸ ਤੌਰ ਤੇ ਭਾਰਤ ਵਿੱਚ ਬਹੁ ਗਿਣਤੀ ਧਾਰਮਿਕ ਸਮੂਹ ਨੂੰ ਇਹ ਪਤਾ ਹੈ ਕਿ ਸਿੱਖ ਕੌਮ ਯੋਧਿਆਂ ਅਤੇ ਸੂਰਵੀਰਾਂ ਦੀ ਕੌਮ ਹੈ, ਜਿਸ ਦਾ ਮੁੱਖ ਨਿਸ਼ਚਾ ਭਾਵੇਂ ਸਰਬੱਤ ਦਾ ਭਲਾ ਹੈ, ਪਰ ਇਹ ਕੌਮ ਨਾ ਆਪਣੇ ਤੇ ਜੁਲਮ ਜਾਂ ਅਨਿਆਏ ਸਹਿੰਦੀ ਹੈ, ਨਾ ਹੀ ਕਿਸੇ ਹੋਰ ਉੱਤੇ। ਇਤਿਹਾਸ ਇਸ ਗੱਲ ਦਾ ਗਵਾਹ ਹੈ। ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਤਾਂ ਦੀ ਪੁਕਾਰ ਤੇ ਉਹਨਾਂ ਦਾ ਹਿੰਦੂ ਧਰਮ ਬਚਾਉਣ ਲਈ ਖ਼ੁਦ ਦਿੱਲੀ ਜਾ ਕੇ ਚਾਂਦਨੀ ਚੌਂਕ ਵਿੱਚ ਸ਼ਹੀਦੀ ਪ੍ਰਾਪਤ ਕੀਤੀ, ਜੋ ਇਕ ਵਿਲੱਖਣ ਇਤਿਹਾਸਿਕ ਮਿਸਾਲ ਹੈ। ਜਿਥੇ ਦੋਨੋਂ ਵੱਡੇ ਸਾਹਿਬਜ਼ਾਦਿਆਂ ਨੇ ਚਮਕੌਰ ਦੀ ਗੜੀ ਵਿੱਚ ਮੁਗ਼ਲ ਫੌਜਾਂ ਦਾ ਡੱਟ ਕੇ ਮੁਕਾਬਲਾ ਕਰਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ, ਉਥੇ ਹੀ ਦੋਨੋਂ ਛੋਟੇ ਸਾਹਿਬਜ਼ਾਦਿਆਂ ਨੇ ਸਿੱਖ ਧਰਮ ਤੋਂ ਇਸਲਾਮ ਵਿੱਚ ਪਰਿਵਰਤਿਤ ਹੋ ਕੇ ਆਪਣੀ ਜ਼ਿੰਦਗੀ ਬਚਾਉਣ ਦੀ ਬਜਾਏ ਅਣਮਨੁੱਖੀ ਤਸੀਹੇ ਸਹਿੰਦੇ ਹੋਏ, ਸਿੱਖ ਧਰਮ ਲਈ ਆਪਣੀ ਸ਼ਹਾਦਤ ਦੇਣਾ ਕਬੂਲ ਕੀਤਾ। ਸ਼ਾਇਦ ਦੁਨੀਆ ਦੇ ਇਤਿਹਾਸ ਵਿੱਚ ਇਹ ਇੱਕੋ ਇੱਕ ਅਜਿਹੀ ਉਦਾਹਰਨ ਹੈ, ਜਿੱਥੇ ਨੌ ਅਤੇ ਸੱਤ ਸਾਲ ਦੇ ਮਾਸੂਮ ਸਾਹਿਬਜ਼ਾਦਿਆਂ ਨੇ ਸਿੱਖ ਧਰਮ ਦੀ ਰਾਖੀ ਲਈ ਸ਼ਹਾਦਤ ਦਾ ਜਾਮ ਪੀਤਾ। ਇਹ ਠੀਕ ਹੈ ਕਿ ਭਾਵੇਂ ਸਿੱਖਾਂ ਨੂੰ 1947 ਤੋਂ ਭਾਰਤ ਦੀ ਆਜ਼ਾਦੀ ਮਿਲਣ ਤੋਂ ਬਾਅਦ ਉਹਨਾਂ ਨੂੰ ਆਪਣਾ ਬਣਦਾ ਹੱਕ ਨਹੀਂ ਮਿਲਿਆ, ਪਰ ਪਿਛਲੇ ਦਹਾਕੇ ਵਿੱਚ ਭਾਰਤ ਵਿੱਚ ਸ਼ੁਰੂ ਹੋਈ ਫਿਰਕੂਵਾਦ ਦੀ ਲਹਿਰ ਵਿੱਚ ਸਿੱਖਾਂ ਦੀ ਆਜ਼ਾਦ ਹਸਤੀ ਨੂੰ ਹੋਰ ਖਤਰਾ ਪੈਦਾ ਹੋ ਗਿਆ ਹੈ। ਸਾਨੂੰ ਸਭ ਨੂੰ ਪਤਾ ਹੈ ਕਿ ਕਿਸ ਤਰੀਕੇ ਦੇ ਨਾਲ ਬਹੁ ਗਿਣਤੀ ਧਾਰਮਿਕ ਸਮੂਹ ਸਿੱਖਾਂ ਨੂੰ ਆਪਣਾ ਹਿੱਸਾ ਦਰਸਾਉਣ ਲਈ ਕੋਝੀਆਂ ਚਾਲਾਂ ਚੱਲ ਰਿਹਾ ਹੈ। ਇਹ ਵੀ ਸੱਚ ਹੈ ਕਿ ਇਹ ਲੋਕ ਭਲੀ ਭਾਂਤ ਜਾਣਦੇ



ਹਨ ਕਿ ਸਿੱਖਾਂ ਨੂੰ ਸਾਹਮਣੇ ਤੋਂ ਜ਼ਬਰਦਸਤੀ ਨਾਲ ਨਹੀਂ ਮਿਟਾਇਆ ਜਾ ਸਕਦਾ। ਇਸ ਕਰਕੇ ਉਹ ਸਿੱਖੀ ਦੇ ਬੂਟੇ ਨੂੰ ਕੱਟਣ ਦੀ ਬਜਾਏ ਜੜਾਂ ਵਿੱਚ ਤੇਲ ਪਾ ਕੇ ਚੁੱਪ ਚੁਪੀਤੇ ਇਸ ਨੂੰ ਸੁਕਾਉਣ ਤੇ ਲੱਗੇ ਹੋਏ ਹਨ। ਪਿਛਲੇ ਕੁਝ ਸਾਲਾਂ ਵਿੱਚ ਅਸੀਂ ਵੇਖਿਆ ਹੈ ਕਿ ਇਹ ਸਮੂਹ ਕਿਸ ਤਰ੍ਹਾਂ ਜ਼ਮੀਰੋਂ ਮਰ ਚੁੱਕੇ ਸਿੱਖ ਵਿਕਾਊ ਲੀਡਰਾਂ ਨੂੰ ਲਾਲਚ ਦੇ ਕੇ ਜਾਂ ਮਹੱਤਵਪੂਰਨ ਪਦਵੀ ਦੇ ਕੇ ਜਾਂ ਡਰਾ ਧਮਕਾ ਕੇ ਆਪਣੇ ਖੇਮੇ ਵਿੱਚ ਕਰ ਰਹੇ ਹਨ। ਉਹਨਾਂ ਵੱਲੋਂ ਸਿੱਖਾਂ ਵਿੱਚ ਖਾਨਾ ਜੰਗੀ ਕਰਵਾ ਕੇ ਅਤੇ ਆਪਸ ਵਿੱਚ ਲੜਵਾ ਕੇ ਆਪਣੀਆਂ ਸਿਆਸੀ ਅਤੇ ਧਾਰਮਿਕ ਰੋਟੀਆਂ ਸੇਕਣ ਦਾ ਚੰਗਾ ਤਰੀਕਾ ਅਪਣਾਇਆ ਜਾ ਰਿਹਾ ਹੈ। ਆਪਾਂ ਸਾਰੇ ਜਾਣਦੇ ਹਾਂ ਕਿ ਸਿੱਖਾਂ ਨੂੰ ਬਾਹਰੀ ਦੁਸ਼ਮਣਾਂ ਤੋਂ ਉਨਾ ਖਤਰਾ ਨਹੀਂ ਹੈ, ਜਿੰਨਾ ਆਪਣੇ ਅੰਦਰੋਂ ਬੇਜ਼ਮੀਰ ਗ਼ਦਾਰਾਂ ਤੋਂ ਹੈ। ਇਸ ਲਈ ਸਮੇਂ ਦੀ ਲੋੜ ਹੈ ਕਿ ਇਹਨਾਂ ਜ਼ਮੀਰੋਂ ਮਰ ਚੁੱਕੇ ਲਾਲਚੀ ਧਾਰਮਿਕ ਅਤੇ ਰਾਜਸੀ ਨੇਤਾਵਾਂ ਜਾਂ ਸ਼ਖਸ਼ੀਅਤਾਂ ਨੂੰ ਪਹਿਚਾਨਣ ਦੀ।

ਭਾਵੇਂ ਕਿ ਭਾਰਤ ਸਰਕਾਰ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਧੁੰਦਲਾ ਕਰਨ ਦੀ ਕੋਸ਼ਿਸ਼ ਜਨਵਰੀ 2022 ਵਿੱਚ ਕੀਤੀ ਗਈ, ਜਦੋਂ ਉਹਨਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ ਛੋਟੇ ਸਾਹਿਬਜ਼ਾਦਿਆਂ ਦੀ ਬੇਮਿਸਾਲ ਅਦੁੱਤੀ ਸ਼ਹਾਦਤ ਨੂੰ "ਵੀਰ ਬਾਲ ਦਿਵਸ" ਵਜੋਂ ਐਲਾਨਿਆ , ਪਰ ਮੇਰੇ ਵੱਲੋਂ ਸਿੱਖ ਸੰਗਤ ਨੂੰ ਇਸ "ਬਾਲ ਦਿਵਸ" ਬਾਰੇ ਘੜੀ ਜਾ ਰਹੀ ਸਾਜਿਸ਼ ਬਾਰੇ ਸੁਚੇਤ ਕਰਨ ਲਈ ਅਖਬਾਰਾਂ ਵਿੱਚ ਇੱਕ ਲੇਖ ਜਿਸ ਦਾ ਸਿਰਲੇਖ ਸੀ, "ਇੱਕ ਖੁੱਲਾ ਖੱਤ ਸਿੱਖ ਸੰਗਤ ਦੇ ਨਾਮ: ਬਾਲ ਦਿਵਸ ਵਜੋਂ ਮਨਾਉਣ ਦੀ ਮੰਗ ਪਿੱਛੇ ਸਾਜਸ਼ੀ ਮਨਸੇ" ਛਾਪਿਆ ਗਿਆ ਸੀ, ਜਿਸ ਦੇ ਕੁਝ ਅੰਸ਼ ਇਸ ਤਰਾਂ ਸਨ,"ਮੈਂ ਇਸ ਖਤ ਰਾਹੀਂ ਹਰ ਉਸ ਨਾਨਕ ਨਾਮ ਲੇਵਾ ਨੂੰ ਸੰਬੋਧਿਤ ਹਾਂ, ਜੋ ਨਿਰਸਵਾਰਥ ਭਾਵਨਾ ਨਾਲ ਖਾਲਸਾ ਇਤਿਹਾਸ, ਖਾਲਸਾਈ ਆਨ ਬਾਨ ਸ਼ਾਨ ਨੂੰ ਨਿੱਜਸਵਾਰਥ ਤੋਂ ਹੱਟ ਕੇ ਸਹੀ ਅਰਥਾਂ ਵਿੱਚ ਸਵੀਕਾਰਦਾ ਅਤੇ ਸਤਿਕਾਰਦਾ ਹੈ। ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੇ ਸ਼ਹੀਦੀ ਹਫ਼ਤੇ ਵਿੱਚ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਮਨਾ ਰਹੇ ਹਾਂ। ਇਸ ਹਫਤੇ ਨੂੰ ਦੁਨੀਆਂ ਭਰ ਵਿੱਚ ਬਹੁਤ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਪਿਛਲੇ ਕੁਝ ਸਮੇਂ ਤੋਂ ਕੁਝ ਅਖੌਤੀ ਸਿੱਖਾਂ ਦੀ ਦਿੱਲੀ ਵਿੱਚ ਬੈਠੇ ਲੀਡਰ ਅਤੇ ਧਾਰਮਿਕ ਜਥੇਬੰਦੀਆਂ ਵੱਲੋਂ 28 ਦਸੰਬਰ ਨੂੰ 'ਬਾਲ ਦਿਵਸ' ਵਜੋਂ ਮਨਾਉਣ ਦੀ ਮੰਗ ਸਾਜਿਸ਼ ਤਹਿਤ ਕੀਤੀ ਜਾ ਰਹੀ ਹੈ। ਇਸ ਵਿੱਚ ਕੁਝ ਕੁ ਅਖੌਤੀ ਸਿੱਖਾਂ ਦੀ ਲੀਡਰਸ਼ਿਪ ਵੀ ਸ਼ਾਮਿਲ ਹੈ। ਮੈਂ ਇਸ ਖੁੱਲੇ ਖਤ ਰਾਹੀਂ ਇਸ ਸਾਜਿਸ਼ ਤੋਂ ਸੁਚੇਤ ਕਰਨ ਲਈ ਸਮੂਹ ਸੰਗਤ ਨੂੰ ਮੁਖਾਤਿਬ ਹਾਂ... .ਸਾਹਿਬਜ਼ਾਦਿਆਂ ਦੀ ਕੁਰਬਾਨੀ ਦੁਨੀਆਂ ਦੇ ਇਤਿਹਾਸ ਵਿੱਚ ਲਾਸਾਨੀ ਸ਼ਹਾਦਤ ਵਜੋਂ ਅਨੋਖੀ ਮਿਸਾਲ ਹੈ। ਨੌ ਸਾਲ ਅਤੇ ਸੱਤ ਸਾਲ ਦੇ ਗੁਰੂ ਦੇ ਲਾਲਾਂ ਨੇ ਆਪਣੇ ਧਰਮ ਖਾਤਰ ਸ਼ਹੀਦੀ ਦਾ ਜਾਮ ਪੀਣਾ ਕਬੂਲ ਕੀਤਾ। ਮੈਂ ਇਹਨਾਂ ਸਤਰਾਂ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਪਿਛੋਕੜ ਦੀ ਕੁਰਬਾਨੀ ਨਹੀਂ ਦੱਸ ਰਿਹਾ ਸਗੋਂ ਸਾਹਿਬਜ਼ਾਦਿਆਂ ਦੇ ਨਾਮ ਤੇ ਰਚੀ ਜਾ ਰਹੀ ਡੂੰਘੀ ਸਾਜਿਸ਼ ਜਾਂ ਕੁਝ ਬਕਾਊ ਨੇਤਾਵਾਂ ਦੁਆਰਾ ਰਚੀ ਜਾ ਰਹੀ ਸਾਜਿਸ਼ ਤੋਂ ਆਗਾਹ ਕਰ ਰਿਹਾ ਹਾਂ। ਪਿਛਲੇ ਕੁਝ ਸਮੇਂ ਤੋਂ ਕੁਝ ਰਾਜਨੀਤਿਕ ਨੇਤਾ ਅਤੇ ਅਖੌਤੀ ਧਾਰਮਿਕ ਜਥੇਬੰਦੀਆਂ ਇਸ ਦਿਨ ਨੂੰ ਬਾਲ ਦਿਵਸ ਦਾ ਨਾਮ ਦੇਣਾ ਚਾਹੁੰਦੀਆਂ ਹਨ। ਇਹ ਰਾਜਨੀਤਿਕ ਅਤੇ ਅਖੌਤੀ ਧਾਰਮਿਕ ਲੋਕ ਸਿੱਖ ਧਰਮ ਦੀ ਵੱਡਮੁੱਲੀ ਸ਼ਾਖ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ.... ਦਿੱਲੀ ਦੀ ਸਿੱਖ ਲੀਡਰਸ਼ਿਪ, ਜਿਸ ਸਬੰਧੀ ਅਕਸਰ ਇਹ ਕਿਹਾ ਜਾਂਦਾ ਹੈ ਕਿ ਉਹ ਸਵੇਰ ਨੂੰ ਕੋਟ ਟਾਈ ਲਾ ਕੇ ਨਿਕਲਦੀ ਹੈ ਅਤੇ ਸੋਚਦੀ ਹੈ ਕਿ ਸਿੱਖੀ ਕਿਸ ਤਰਾਂ ਵੇਚੀ ਜਾ ਸਕਦੀ ਹੈ। ਉਹ ਲੀਡਰਸ਼ਿਪ ਇਸ ਭੂਮਿਕਾ ਵਿੱਚ ਵੱਡੀ ਭੂਮਿਕਾ ਨਿਭਾਉਣ ਲਈ ਪੱਬਾਂ ਭਾਰ ਹੈ। ਮੈਂ ਦਿੱਲੀ ਦੀ ਸਿੱਖ ਸੰਗਤ ਨੂੰ ਸੁਚੇਤ ਰੂਪ ਕਹਿ ਰਿਹਾ ਹਾਂ ਕਿ ਸਿੱਖ ਮਰਿਆਦਾ ਅਤੇ ਸਿੱਖੀ ਆਨ ਬਾਨ ਸ਼ਾਨ ਲਈ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਸਿਰਫ ਤੇ ਸਿਰਫ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਵਜੋਂ ਯਾਦ ਕਰਨ ਅਤੇ ਮਨਾਉਣ ਦੀ ਪਰੰਪਰਾ ਜਾਰੀ ਰੱਖੀ ਜਾਵੇ।

ਮੇਰੀ ਇਹ ਮੰਗ ਅਤੇ ਬੇਨਤੀ ਹੈ ਕਿ ਆਉ, ਸੁਚੇਤ ਰੂਪ ਵਿੱਚ ਜਾਗਰੂਕ ਹੋ ਕੇ ਖੁੱਲੀਆਂ ਅੱਖਾਂ ਨਾਲ ਇਸ ਸਾਜਿਸ਼ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਅਤੇ ਆਪਣੇ ਧਰਮ ਨੂੰ ਇਸ ਸੌੜੀ ਰਾਜਨੀਤੀ ਅਤੇ ਕੋਝੀ ਸੋਚ ਤੋਂ ਦੂਰ ਰੱਖਦੇ ਹੋਏ ਆਪਣੇ ਇਤਿਹਾਸ ਦੀ ਮਹਾਨਤਾ ਅਤੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਯਾਦ ਕਰਨ ਅਤੇ ਮਨਾਉਣ ਦੀ ਪਰੰਪਰਾ ਨੂੰ ਜਾਰੀ ਰੱਖੀਏ ਅਤੇ ਕੇਂਦਰ ਸਰਕਾਰ ਤੋਂ ਮੰਗ ਕਰੀਏ ਕਿ ਇਸ ਦਿਨ ਨੂੰ ਸਾਰੇ ਦੇਸ਼ ਵਿੱਚ ਸਾਹਿਬਜ਼ਾਦਾ ਸ਼ਹੀਦੀ ਦਿਵਸ ਵਜੋਂ ਮਨਾਉਣ ਦਾ ਐਲਾਨ ਕਰੇ।" ਅਫਸੋਸ, ਕਿਸੇ ਵੀ ਸਿੱਖ ਸੰਸਥਾ, ਸਿੱਖ ਨੇਤਾ ਜਾ ਸਿੱਖ ਧਾਰਮਿਕ ਸਮਾਜ ਵੱਲੋਂ ਉਸ ਵਕਤ ਮੇਰੀ ਇਸ ਬੇਨਤੀ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਨਤੀਜੇ ਵਜੋਂ ਦੋ ਸਾਲ ਬਾਅਦ ਪੂਰੀ ਗਿਣੀ ਮਿਥੀ ਸਾਜਿਸ਼ ਅਧੀਨ ਸਿੱਖ ਧਰਮ ਦੀ ਆਨ ਬਾਨ ਤੇ ਸ਼ਾਨ, ਸਾਹਿਬਜ਼ਾਦਿਆਂ ਦੇ 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਨੂੰ 'ਵੀਰ ਬਾਲ ਦਿਵਸ' ਦਾ ਚੋਲਾ ਪਹਿਨਾ ਦਿੱਤਾ ਗਿਆ।

ਇਹ ਠੀਕ ਹੈ ਕਿ 25-26 ਦਸੰਬਰ 2022 ਦੀਆਂ ਅਖਬਾਰਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ "ਵੀਰ ਬਾਲ ਦਿਵਸ" ਨੂੰ ਰੱਦ ਕਰਦਿਆਂ, ਸਿੱਖ ਇਤਿਹਾਸ ਛੁਟਿਆਉਣ ਵਾਲੀ ਸਰਕਾਰੀ ਚਾਲ ਤੋਂ ਸੰਗਤ ਨੂੰ ਸੁਚੇਤ ਰਹਿਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਭਾਰਤ ਸਰਕਾਰ ਸਿੱਖਾਂ ਦੇ ਇਤਿਹਾਸ ਨੂੰ ਰਲ਼ਗੱਡ ਕਰਨ ਦੇ ਰਾਹ ਤੁਰੀ ਹੋਈ ਹੈ ਅਤੇ ਦੁੱਖ ਦੀ ਗੱਲ ਇਹ ਹੈ ਕਿ ਦਿੱਲੀ ਕਮੇਟੀ ਦਾ ਪ੍ਰਧਾਨ ਹਰਮੀਤ ਸਿੰਘ ਕਾਲਕਾ ਇਸ ਵਿੱਚ ਸਹਿਯੋਗ ਕਰ ਰਹੇ ਹਨ। ਉਹਨਾਂ ਕਿਹਾ ਕਿ ਸਿੱਖ ਕੌਮ ਦੀਆਂ ਪਰੰਪਰਾਵਾਂ ਦੇ ਵਿਰੁੱਧ ਜਾ ਕੇ ਭਾਰਤ ਸਰਕਾਰ ਵੱਲੋਂ ਸਾਹਿਬਜ਼ਾਦਿਆਂ ਦੇ ਸ਼ਹਾਦਤ ਦਿਵਸ ਨੂੰ 'ਵੀਰ ਬਾਲ ਦਿਵਸ' ਵਜੋਂ ਮਨਾਉਣਾ ਦੁਨੀਆ ਦੇ ਧਰਮ ਇਤਿਹਾਸ ਅੰਦਰ ਸਭ ਤੋਂ ਵੱਡੀ ਸ਼ਹਾਦਤ ਤੇ ਮੁੱਲਵਾਨ ਵਿਰਾਸਤ ਨੂੰ ਖੋਰਾ ਲਗਾਉਣ ਦੀ ਕੋਜੀ ਸਾਜਿਸ਼ ਹੈ।"

ਇੱਥੇ ਇਹ ਜਾਨਣਾ ਵੀ ਜਰੂਰੀ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਆਦੇਸ਼ ਤੇ ਸਿੱਖ ਵਿਦਵਾਨਾਂ ਦੀ ਕਮੇਟੀ ਵੱਲੋਂ 'ਵੀਰ ਬਾਲ ਦਿਵਸ' ਦੀ ਥਾਂ ਤੇ ਸਾਹਿਬਜ਼ਾਦਾ ਸ਼ਹਾਦਤ ਦਿਵਸ ਨਾਮ ਸੁਝਾਇਆ ਗਿਆ ਸੀ ਅਤੇ ਇਸ ਸਬੰਧ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਸੱਭਿਆਚਾਰਕ ਮੰਤਰਾਲੇ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਪੱਤਰ ਵੀ ਭੇਜਿਆ ਗਿਆ ਸੀ। ਐਡਵੋਕੇਟ ਧਾਮੀ ਨੇ ਆਪਣੇ ਬਿਆਨ ਵਿੱਚ ਇਹ ਵੀ ਕਿਹਾ ਸੀ ਕਿ ਸਰਕਾਰ ਵੱਲੋਂ ਇਸ ਦੇ ਬਾਵਜੂਦ ਵੀ ਨਾਮ ਨਾ ਬਦਲਣਾ ਅਤੇ ਦਿੱਲੀ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਵੱਲੋਂ ਸਰਕਾਰੀ ਸਮਾਗਮਾਂ ਦਾ ਹਿੱਸਾ ਬਣਨਾ ਕੌਮ ਲਈ ਦੁਖਦਾਈ ਹੈ। ਉਹਨਾਂ ਇਹ ਵੀ ਕਿਹਾ ਸੀ ਕਿ ਸਿੱਖ ਕੌਮ ਆਪਣੇ ਇਤਿਹਾਸ ਦੀ ਮੌਲਿਕਤਾ ਅਤੇ ਮਹੱਤਤਾ ਨੂੰ ਕਦੇ ਵੀ ਘੱਟ ਨਹੀਂ ਹੋਣ ਦੇਵੇਗੀ ਅਤੇ ਆਪਣੇ ਇਤਿਹਾਸ ਦੀ ਭਾਵਨਾ ਅਨੁਸਾਰ ਹੀ ਸਾਹਿਬਜ਼ਾਦਿਆਂ ਨੂੰ ਸ਼ਰਧਾ ਅਤੇ ਸਤਿਕਾਰ ਭੇਟ ਕਰਦੇ ਹੋਏ, ਸਾਹਿਬਜ਼ਾਦਾ ਸ਼ਹਾਦਤ ਵਜੋਂ ਹੀ ਮਨਾਵੇਗੀ। ਭਾਵੇਂ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਵੱਲੋਂ ਸਰਕਾਰ ਦੁਆਰਾ 'ਵੀਰ ਬਾਲ ਦਿਵਸ' ਮਨਾਉਣ ਪਿੱਛੇ ਸਿੱਖ ਇਤਿਹਾਸ ਨੂੰ ਕਮਜ਼ੋਰ ਕਰਨ ਦੀ ਸ਼ਰਾਰਤੀ ਸਾਜਿਸ਼ ਕਰਾਰ ਦਿੱਤਾ ਗਿਆ ਸੀ, ਪਰ ਦੋ ਸਾਲ ਬੀਤਣ ਤੋਂ ਬਾਅਦ ਵੀ ਉਹਨਾਂ ਵੱਲੋਂ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ ਅਤੇ ਨਾ ਹੀ ਕੋਈ ਭਾਰਤ ਸਰਕਾਰ ਨੂੰ ਇਸ ਬਾਰੇ ਤਾੜਨਾ ਕੀਤੀ ਗਈ।

ਸਾਨੂੰ ਸਭ ਨੂੰ ਪਤਾ ਹੈ ਕਿ ਅੱਜ ਦਾ ਸਮਾਂ ਸੋਸ਼ਲ ਮੀਡੀਆ ਦਾ ਹੈ। ਸਿੱਖ ਇਤਿਹਾਸ ਨੂੰ ਗੰਧਲਾ ਕਰਨ ਵਾਲੇ, 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਨੂੰ ਧੁੰਦਲਾ ਕਰਨ ਲਈ ਪੂਰਾ ਜੋਰ ਲਗਾ ਰਹੇ ਹਨ ਅਤੇ 'ਵੀਰ ਬਾਲ ਦਿਵਸ' ਨੂੰ ਉਭਾਰਨ ਵਿੱਚ ਲੱਗੇ ਹੋਏ ਹਨ। ਹੋਰ ਤਾਂ ਹੋਰ ਜ਼ਿਆਦਾਤਰ ਪੋਸਟਾਂ ਵਿਚ ਸਾਹਿਬਜ਼ਾਦਾ ਸ਼ਬਦ ਵਰਤਣ ਤੋਂ ਵੀ ਗੁਰੇਜ ਕੀਤਾ ਜਾ ਰਿਹਾ ਹੈ। ਕਈ ਪੋਸਟਾਂ ਵਿੱਚ ਸਾਹਿਬਜ਼ਾਦਾ ਸ਼ਬਦ ਲਿਖਣ ਦੀ ਬਜਾਏ ਉਹਨਾਂ ਨੂੰ 'ਬ੍ਰੇਵ ਲਿਟਲ ਵਾਰਈਅਰ' (ਭਰਓਵਇ ਲ਼ਿਟਟਲਇ ਾਂਓਰਰਿਰ) ਜਾ 'ਯੰਗ ਹੀਰੋ' (ੰਨਗ ੍ਹਏਰੋਏਸ) ਲਿਖਿਆ ਹੋਇਆ ਹੈ। ਸਾਧ ਸੰਗਤ ਜੀ ਇਸ ਸਾਰੇ ਵਰਤਾਰੇ ਨੂੰ ਰੋਕਣ ਲਈ ਸਾਨੂੰ ਵੀ ਹੰਭਲਾ ਮਾਰਨਾ ਚਾਹੀਦਾ ਹੈ। ਸਿੱਖਾਂ ਦੇ ਵਿੱਚ ਵੀ ਬਹੁਤ ਕਾਬਲ ਤੇ ਹੋਣਹਾਰ ਡਿਜ਼ਾਈਨਰ ਬੈਠੇ ਹਨ। ਉਹਨਾਂ ਨੂੰ 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਦੇ ਬੈਨਰ ਥੱਲੇ ਸਾਹਿਬਜ਼ਾਦਾ ਜੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਦਾ ਸੰਪੂਰਨ ਨਾਮ ਲਿਖ ਕੇ ਬੈਨਰ ਜਾਂ ਪੋਸਟ ਜਾਂ ਇਸ਼ਤਿਹਾਰ ਤਿਆਰ ਕਰਨੇ ਚਾਹੀਦੇ ਹਨ ਤਾਂ ਕਿ ਆਉਂਦੇ ਦਿਨਾਂ ਵਿੱਚ ਵੀਰ ਬਾਲ ਦਿਵਸ ਦੀ ਬਜਾਏ 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਨੂੰ ਅਸੀਂ ਵੀ ਉਬਾਰ ਸਕੀਏ।

ਆਓ, ਅਸੀ ਸਾਰੇ ਰੱਲ਼ਕੇ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਕਰੀਏ ਕਿ ਉਹ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਿੱਖ ਮਰਿਆਦਾ ਅਨੁਸਾਰ ਯਾਦ ਕਰਨ ਲਈ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਨਾਲ ਇਸ ਗੰਭੀਰ ਮੁੱਦੇ ਨੂੰ ਉਠਾਉਣ ਤਾਂ ਕਿ ਸਾਹਿਬਜ਼ਾਦਿਆਂ ਦੀ ਅਦੁੱਤੀ ਅਤੇ ਲਾਸਾਨੀ ਸ਼ਹਾਦਤ ਨੂੰ 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਵਜੋਂ ਹੀ ਮਨਾਇਆ ਜਾਵੇ। ਇਹੋ ਸਾਡੀ ਸਾਹਿਬਜ਼ਾਦਿਆਂ ਨੂੰ 13 ਪੋਹ (27 ਦਸੰਬਰ, 2024) ਨੂੰ ਸੱਚੀ ਸੁੱਚੀ ਅਤੇ ਭਾਵਨਾ ਭਰਪੂਰ ਸ਼ਰਧਾਂਜਲੀ ਹੋਵੇਗੀ।

# ਕੌਮ ਦੇ ਹੀਰੇ ਮਹਾਨ ਬੁਧੀਜੀਵੀ 'ਗਿਆਨੀ ਦਿੱਤ ਸਿੰਘ ਜੀ'

**ਲਿਖਤ : ਮੇਜਰ ਸਿੰਘ 'ਬੁਢਲਾਡਾ', 94176 42327**

ਸਿੱਖ ਕੌਮ ਦੇ ਹੀਰੇ ਗਿਆਨੀ ਦਿੱਤ ਸਿੰਘ ਜੀ ਨੂੰ ਪ੍ਰੋਫੇਸਰ ਤੇ ਭਾਈ ਦਿੱਤ ਸਿੰਘ ਜੀ ਕਰਕੇ ਵੀ ਜਾਣਿਆ ਜਾਂਦਾ ਹੈ। ਮਹਾਨ ਬੁਧੀਜੀਵੀ ਗਿਆਨੀ ਦਿੱਤ ਸਿੰਘ ਜੀ ਨੂੰ ਵਿਸ਼ਵ ਭਰ ਵਿਚ ਪੰਜਾਬੀ ਦੇ ਪਹਿਲੇ ਪ੍ਰੋਫੈਸਰ ਹੋਣ ਦਾ ਮਾਣ ਹੈ ਅਤੇ ਪੰਜਾਬੀ ਪੱਤਰਕਾਰੀ ਦੇ ਪਿਤਾਮਾ ਵੀ ਕਿਹਾ ਜਾਂਦਾ ਹੈ। ਸ੍ਰ.ਪ੍ਰੀਤਮ ਸਿੰਘ ਐੱਮ.ਏ.ਮੋਹਾਲੀ ਦੀ ਖੋਜ ਮੁਤਾਬਕ ਗਿਆਨੀ ਜੀ ਨੇ 72 ਕਿਤਾਬਾਂ ਲਿਖੀਆਂ ਹਨ ਅਤੇ ਇਹਨਾਂ ਸਾਰੀਆਂ ਕਿਤਾਬਾਂ ਦੇ ਨਾਮ ਵੀ ਦਿੱਤੇ ਹਨ, ਜਿਹਨਾਂ ਵਿੱਚੋਂ – ਮੇਰਾ ਤੇ ਸਵਾਮੀ ਦਇਆ ਨੰਦ ਦਾ ਸੰਵਾਦ, ਗੁੱਗਾ ਗਪੌੜਾ, ਸੁਲਤਾਨ ਪੁਆੜਾ, ਨਕਲੀ ਸਿਖ ਪ੍ਰਬੋਧ, ਸਵਪਨ ਨਾਟਕ, ਦੁਰਗਾ ਪ੍ਰਬੋਧ, ਦਲੇਰ ਸਿੰਘ, ਡਰਪੋਕ ਸਿੰਘ, ਅਬਲਾ ਨਾਰੀ, ਆਦਿ ਕਾਫੀ ਕਿਤਾਬਾਂ ਚਰਚਾ ਵਿੱਚ ਹਨ।

72 ਕਿਤਾਬਾਂ, ਸਿੱਖ ਕੌਮ ਅਤੇ ਪੰਜਾਬੀ ਸਹਿਤ ਦੀ ਝੋਲੀ ਵਿੱਚ ਪਾਉਣੀਆਂ, ਕੋਈ ਛੋਟੀ-ਮੋਟੀ ਗੱਲ ਨਹੀਂ,ਇਹ ਉਸ ਸਮੇਂ ਦਾ ਰਿਕਾਰਡ, ਉਸ ਇਨਸਾਨ ਨੇ ਬਣਾਇਆ ਹੈ, ਜਿਹਨਾਂ ਪ੍ਰਤੀ ਬਹੁਤਿਆਂ ਦਾ ਅੱਜ ਵੀ ਖਿਆਲ ਇਹਨਾਂ ਅਖੌਤੀ ਅਛੂਤ ਜਾਤੀਆਂ ਲਈ ਗਲਤ ਬਣਿਆ ਹੋਇਆ ਹੈ, ਜੋ ਕਿਸੇ ਤੋਂ ਲੁਕਿਆ ਛੁਪਿਆ ਨਹੀਂ ਹੈ।

ਗਿਆਨੀ ਦਿੱਤ ਸਿੰਘ ਜੀ ਦਾ ਜਨਮ 21 ਅਪ੍ਰੈਲ 1850 ਨੂੰ ਪਿੰਡ ਨੰਦਪੁਰ ਕਲੌੜ ( ਫਤਿਹਗੜ੍ਹ ਸਾਹਿਬ ) ਵਿਖੇ ਅਖੌਤੀ ਨੀਵੀਂ ਸਮਝੀ ਜਾਂਦੀ ਰਵਿਦਾਸੀਆ ਜਾਤੀ ਵਿਚ ਮਾਤਾ ਰਾਮ ਕੌਰ ਦੀ ਕੁੱਖੋਂ ਪਿਤਾ ਸੰਤ ਦਿਵਾਨ ਸਿੰਘ ਦੇ ਗ੍ਰਹਿ ਵਿਖੇ ਹੋਇਆ। ਗਿਆਨੀ ਦਿੱਤ ਸਿੰਘ ਦਾ ਵਿਆਹ ਜੂਨ 1872 ਵਿਚ 'ਗੁਲਾਬਦਾਸੀਏ' ਮੱਤ ਦੇ ਪ੍ਰਚਾਰਕ ਭਾਗ ਸਿੰਘ ਦੀ ਪੁੱਤਰੀ ਜੋ ਕਿ ਬਹੁਤ ਹੀ ਸੂਝਵਾਨ ਸੀ, ਬੀਬੀ ਬਿਸਨ ਕੌਰ ਨਾਲ ਹੋਇਆ, ਜਿਸ ਦੀ ਕੁੱਖੋਂ ਕੋਈ ਦਸ ਸਾਲ ਪਿੱਛੋਂ ਪੁੱਤਰ ਬਲਦੇਵ ਸਿੰਘ 'ਤੇ ਪੁੱਤਰੀ ਵਿਦਿਆਵੰਤ ਕੌਰ ਨੇ ਜਨਮ ਲਿਆ। (ਪੁੱਤਰੀ ਵਿਦਿਆਵੰਤ ਕੌਰ ਦੀ 1901 ਵਿੱਚ ਅਕਾਲ ਚਲਾਣਾ ਕਰ ਗਈ ਸੀ ਅਤੇ ਪੁੱਤਰ ਬਲਦੇਵ ਸਿੰਘ ਦੀ ਉਲਾਦ ਵਿੱਚੋਂ ਇਹਨਾਂ ਇਕ ਪੁੱਤਰੀ ਬੀਬੀ ਊਸ਼ਾ ਰਾਣੀ ਲਖਨਪਾਲ ਪਤਨੀ ਪ੍ਰੋ. ਐੱਸ ਕੇ.'ਲਖਨਪਾਲ' "ਪੋਤਰੀ, ਗਿਆਨੀ ਦਿੱਤ ਸਿੰਘ ਜੀ" ਅੱਜ-ਕੱਲ ਸਸਕਾਤੂਨ (ਕਨੇਡਾ) ਵਿਖੇ ਆਪਣੇ ਪਰਿਵਾਰ ਨਾਲ ਰਹਿ ਰਹੇ ਹਨ। (ਪ੍ਰਿੰ.ਨਸੀਬ ਸਿੰਘ 1918)

ਗਿਆਨੀ ਦਿੱਤ ਸਿੰਘ ਜੀ 8/9 ਸਾਲਾਂ ਦੀ ਉਮਰ ਆਪਣੇ ਪਿਤਾ ਪਾਸੋਂ ਪੰਜ ਗ੍ਰੰਥੀ ਤੋਂ ਬਾਅਦ ਦਸ ਗ੍ਰੰਥੀ ਦੀ ਸੰਥਿਆ ਵੀ ਲੈ ਚੁੱਕਿਆ ਸੀ ਅਤੇ ਘਰ ਆਏ ਸਾਧੂ-ਸੰਤਾਂ ਨਾਲ ਵਿਚਾਰ-ਚਰਚਾ ਵੀ ਕਰਨ ਲਗ ਪਏ ਸੀ।, ਗਿਆਨੀ ਦਿੱਤ ਸਿੰਘ ਜੀ ਆਪ ਲਿਖਦੇ ਨੇ-" ਜਨਮ ਲਿਆ ਮੈਂ ਸੰਤ ਘਰ ਜੋ ਕਰਦੇ ਉਪਦੇਸ਼।ਜਿਸ ਮੈਂ ਬਾਲਕ ਉਮਰ ਮਹਿੰ ਮੈਂ ਭੀ ਹਰੇ ਕਲੇਸ਼। ਜਿਸ ਕਰਕੇ ਇਹਨਾਂ ਦੇ ਪਿਤਾ ਨੇ ਘਰੋ ਇਹ ਕਹਿਕੇ ਤੋਰ ਦਿਤਾ, " ਜਾਓ, ਮੇਰੇ ਪਿੱਛੇ ਕਿਉਂ ਫਿਰਦਾ ਹੈ, ਤੂੰ ਵੀ ਬ੍ਰਹਮਤੇ ਮੈਂ ਵੀ ਬ੍ਰਹਮਹਾਂ, ਬ੍ਰਹਮੰਡ ਤੇਰਾ ਹੀ ਹੈ, ਜਾਕੇ ਸੰਭਾਲ।" ਇਸ ਲਈ ਗਿਆਨੀ ਦਿੱਤ ਸਿੰਘ ਜੀ ਤੁਰਦੇ-ਫਿਰਦੇ ਆਪਣੇ ਪਿਤਾ ਦੇ ਗੁਰਭਾਈ ਭਾਗ ਸਿੰਘ ਬਡਾਲਾ ਕੋਲ (ਖਰੜ) ਪਹੁੰਚ ਗਏ। ਇਥੇ ਕੁਝ ਚਿਰ ਠਹਿਰਣ ਤੋਂ ਬਾਅਦ ਭਾਗ ਸਿੰਘ ਜੀ ਨੇ, ਗਿਆਨੀ ਦਿੱਤ ਸਿੰਘ ਜੀ ਨੂੰ ਪਿੰਡ ਤਿਉੜ (ਜਿਲ੍ਹਾ ਅੰਬਾਲਾ) ਦੇ 'ਗੁਲਾਬਦਾਸੀਏ' ਮੱਤ ਦੇ ਡੇਰੇ, ਸੰਤ ਕੌਲ ਦਾਸ ਕੋਲ ਪੜਨ-ਲਿਖਣ ਲਈ ਛੱਡ ਦਿੱਤਾ ਗਿਆ।

19 ਕੁ ਸਾਲ ਦੀ ਉਮਰ ਵਿੱਚ ਭਾਈ ਦਿੱਤ ਸਿੰਘ ਜੀ, ਵੱਖ-ਵੱਖ ਨਿਰਮਲੇ ਸਾਧੂ-ਸੰਤਾਂ ਕੋਲੋ ਅਤੇ ਹੋਰਨਾਂ ਪਾਸੋਂ ਗੁਰਮੁਖੀ, ਉਰਦੂ, ਬ੍ਰਿਜ, ਫਾਰਸੀ, ਸੰਸਕ੍ਰਿਤ, ਆਦਿ ਭਾਸ਼ਾਵਾਂ ਦੇ ਗਿਆਨ ਤੋਂ ਇਲਾਵਾ ਪਿੰਗਲ, ਵਿਆਕਰਣ, ਵੇਦਾਂਤ, ਸਮੇਤ ਕਈ ਗ੍ਰੰਥਾਂ ਦਾ ਅਧਿਐਨ ਕੀਤਾ ਅਤੇ ਭਾਈ ਦਿੱਤ ਸਿੰਘ ਜੀ ਹਰ ਤਰਾਂ ਦੀਆਂ ਬਹਿਸਾਂ ਵਿਚ ਖੁੱਲਕੇ ਹਿੱਸਾ ਲੈਣ ਲੱਗ ਪਏ ਸਨ, ਜਿਸ ਕਰਕੇ ਡੇਰੇ ਵਿੱਚ ਆਉਂਦੇ/ਜਾਂਦੇ ਸਾਧਾਂ ਸੰਤਾਂ ਰਾਹੀਂ ਦੂਰ ਦੂਰ ਤੱਕ ਵੱਡੇ ਵਿਦਵਾਨਾਂ ਤੱਕ ਆਪ ਜੀ ਦੇ ਨਾਮ ਦੀ ਚਰਚਾ ਹੋਣ ਲੱਗ ਪਈ, ਕਿਉਂਕਿ ਉਸ ਵਕਤ 'ਗੁਲਾਬਦਾਸੀਏ' ਡੇਰੇ, ਵਿਚਾਰ ਚਰਚਾ ਦੇ ਕੇਂਦਰ ਬਣੇ ਹੋਏ ਸਨ। ਗਿਆਨੀ ਦਿੱਤ ਸਿੰਘ ਜੀ ਦੀ ਵਿਦਵਤਾ ਅਤੇ ਖੂਬ ਚਰਚਾ ਨੂੰ ਵੇਖਦੇ ਹੋਏ 'ਗੁਲਾਬਦਾਸੀਏ' ਸੰਤਾਂ ਨੇ ਆਪਣੇ ਪ੍ਰਚਾਰ ਲਈ ਗਿਆਨੀ ਦਿੱਤ ਸਿੰਘ ਜੀ ਨੂੰ 'ਗੁਲਾਬਦਾਸੀਆਂ' ਦੇ ਪ੍ਰਸਿੱਧ ਡੇਰੇ "ਚੱਠਿਆਂ ਵਾਲੇ" ਲਾਹੌਰ ਵਿਖੇ ਭੇਜ ਦਿੱਤਾ, ਜਿੱਥੇ ਲੋਕਾਂ ਵਿੱਚ ਆਪਣੇ ਪ੍ਰਭਾਵਸ਼ਾਲੀ ਵਿਚਾਰ (ਲੈਕਚਰ) ਦੇਣੇ ਸ਼ੁਰੂ ਕਰ ਦਿੱਤੇ ਅਤੇ ਲੋਕਾਂ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ। ਇਥੇ ਰਹਿੰਦਿਆਂ ਹੀ ਇਹਨਾਂ ਦਾ ਮੇਲ "'ਕੰਵਰ ਬਿਕ੍ਰਮ ਸਿੰਘ'(ਕਪੂਰਥਲਾ) ਦੀ ਨਿਗਰਾਨੀ ਵਿੱਚ ਵੱਡੇ ਹੋਏ ਅਤੇ ਪੜੇ -ਲਿਖੇ" ਸਿੱਖ ਸਿਧਾਂਤਾਂ ਵਿੱਚ ਰੰਗੇ ਹੋਏ ਓਰੀਐਂਟਲ ਕਾਲਜ ਦੇ ਪ੍ਰੋਫੈਸਰ ਗੁਰਮੁਖ ਸਿੰਘ ਜੀ ਨਾਲ ਹੋਇਆ, ਜੋ ਬਹੁਤ ਹੀ ਸੂਝਵਾਨ ਵਿਦਵਾਨ ਸਨ। ਜਿਹਨਾਂ ਨੇ ਭਾਈ ਦਿੱਤ ਸਿੰਘ ਜੀ ਦੀ ਲਿਆਕਤ ਨੂੰ ਵੇਖਦੇ ਹੋਏ ਭਾਈ ਦਿੱਤ ਸਿੰਘ ਜੀ ਨੂੰ 'ਗਿਆਨੀ' ਦੀ ਪ੍ਰੀਖਿਆ ਪਾਸ ਕਰਨ ਲਈ ਜੋਰ ਦਿੱਤਾ ਅਤੇ ਆਪਣੇ ਕੋਲ ਹੀ ਰਹਿਣ ਦਾ ਪ੍ਰਬੰਧ ਕੀਤਾ। ਪ੍ਰੋਫੈਸਰ ਗੁਰਮੁਖ ਸਿੰਘ ਦੇ ਕੋਲ ਰਹਿੰਦਿਆਂ ਭਾਈ ਦਿੱਤ ਸਿੰਘ ਤੇ ਸਿੱਖੀ ਦੇ ਪ੍ਰਚਾਰ ਦਾ ਗੂੜਾ ਅਸਰ ਹੋ ਗਿਆ ਸੀ ਅਤੇ ਬਾਅਦ ਵਿਚ ਅਮ੍ਰਿਤਧਾਰੀ ਵੀ ਬਣ ਗਏ ਸਨ। ਗਿਆਨੀ ਵਿੱਚੋਂ ਫਸਟ ਆਉਣ ਤੇ, ਕਾਲਜ ਪ੍ਰਿੰਸੀਪਲ ਵਲੋਂ ਉਸ ਟਾਇਮ ਵਿੱਚ ਵਧੀਆ 'ਘੜੀ' ਦਾ ਗਿਫਟ ਵੀ ਪ੍ਰਾਪਤ ਕੀਤਾ। ਦਿੱਤ ਸਿੰਘ ਜੀ ਤੋਂ ਪ੍ਰਭਾਵਤ ਕਾਲਜ ਦੇ ਪ੍ਰਿੰਸੀਪਲ ਨੇ ਕਾਲਜ ਦੇ ਸਟਾਫ ਵਿੱਚ ਭਰਤੀ ਕਰ ਲਿਆ, ਭਾਈ ਦਿੱਤ ਸਿੰਘ ਜੀ ਇਸੇ ਕਾਲਜ ਵਿੱਚ ਪੜਾਉਣ ਲੱਗ ਪਏ, ਪੜਾਉਣ ਦੇ ਵਧੀਆ ਢੰਗ ਨੂੰ ਵੇਖਦੇ ਹੋਏ, ਇਸੇ ਕਾਲਜ ਵਿੱਚ ਧਾਰਮਿਕ ਪ੍ਰੋਫੈਸਰ ਦੀ ਪੱਕੀ ਪਦਵੀ ਦਿੱਤੀ ਗਈ, ਜਿੱਥੇ 1877 ਤੋਂ 1885 ਤੱਕ ਪੜਾਉਂਦੇ ਰਹੇ ਅਤੇ ਗਿਆਨੀ ਦਿੱਤ ਸਿੰਘ ਜੀ ਨੂੰ ਹੁਣ ਤੱਕ ਗੁਰਮੁਖੀ, ਉਰਦੂ, ਹਿੰਦੀ, ਫਾਰਸੀ, ਬ੍ਰਿਜ, ਸੰਸਕ੍ਰਿਤ, ਅੰਗਰੇਜ਼ੀ ਆਦਿ ਭਸਾਵਾਂ ਦਾ ਵੀ ਕਾਫੀ ਗਿਆਨ ਹੋ ਚੁੱਕਾ ਸੀ । ਹੈਰਾਨੀ ਜਨਕ ਗੱਲ ਇਹ ਹੈ ਕਿ, ਇਕ ਅਛੂਤ ਸਮਝੀ ਜਾਣ ਵਾਲੀ ਅਖੌਤੀ ਨੀਵੀਂ ਜਾਤੀ ਵਿੱਚ ਜਨਮ ਲੈਕੇ ਭਾਈ ਦਿੱਤ



ਸਿੰਘ ਜੀ ਨੇ ਇਸ ਤਰਾਂ ਦੀ ਯੋਗਤਾ ਗਿਆਨ ਹਾਸਲ ਕਰਕੇ ਵੱਡੇ- ਵੱਡੇ ਪੰਡਤਾਂ ਦੇ ਮੂੰਹ ਵਿਚ ਉਂਗਲਾਂ ਪਵਾ ਦਿੱਤੀਆਂ ਸਨ ਅਤੇ ਇਕ ਵੱਡੀ ਕਰਾਮਾਤ ਕਰ ਦਿੱਤੀ ਸੀ। ਖੋਜ ਬਿਰਤੀ ਅਤੇ ਤੇਜ ਬੁੱਧੀ ਦੇ ਮਾਲਕ ਨੇ ਉਦੋਂ ਤਾਂ ਹੱਦ ਹੀ ਕਰ ਦਿੱਤੀ ਜਦ ਆਰੀਆ ਸਮਾਜੀ ਸਵਾਮੀ ਦਯਾਨੰਦ ਨੂੰ ਆਪ ਜੀ ਨੇ

1. **'ਜਗਤ ਦਾ ਕਰਤਾ ਕੌਣ ਹੈ?'**
2. **'ਵੇਦਾਂ ਦਾ ਕਰਤਾ ਈਸ਼ਵਰ ਨਹੀਂ"**
3. **'ਮੁਕਤੀ ਦਾ ਸਰੂਪ ਕਿਆ ਹੈ'**,

ਵਿਸ਼ੇ 'ਤੇ ਅਪ੍ਰੈਲ ਤੇ ਜੂਨ 1877 ਵਿਚ ਤਿੰਨ ਵਾਰ ਜਬਰਦਸਤ ਬਹਿਸ ਹੋਈ ਅਤੇ ਤਿੰਨਾਂ ਵਿੱਚੋਂ ਸਵਾਮੀ ਦਯਾਨੰਦ ਨੂੰ ਹਰਾਕੇ ਜਿੱਤ ਪ੍ਰਾਪਤ ਕੀਤੀ ਅਤੇ ਸਵਾਮੀ ਦਯਾਨੰਦ ਦੀ ਵਿਦਵਾਨੀ ਦਾ ਹੰਕਾਰ ਤੋੜ ਦਿੱਤਾ। ਇਹਨਾਂ ਜਿੱਤਾਂ ਨਾਲ ਗਿਆਨੀ ਦਿੱਤ ਸਿੰਘ ਜੀ ਦੀਆਂ ਹਰ ਪਾਸੇ ਧੁੰਮਾਂ ਪੈ ਗਈਆਂ।

ਇਥੇ ਮਾਣ ਨਾਲ ਕਿਹਾ ਜਾ ਸਕਦਾ, ਚੌਧਵੀਂ ਸਦੀ ਅੰਦਰ ਗੁਰੂ ਰਵਿਦਾਸ ਜੀ ਨੇ ਰਾਜੇ ਦੀ ਕਚਿਹਰੀ ਵਿੱਚ ਹੰਕਾਰੀ ਵਿਦਵਾਨ ਪੰਡਤਾਂ ਦਾ ਹੰਕਾਰ ਤੋੜਿਆ ਸੀ, ਹੁਣ ਫਿਰ ਉਸੇ ਦੀ ਫੁੱਲਵਾੜੀ ਦੇ ਬੂਟੇ ਗਿਆਨੀ ਦਿੱਤ ਸਿੰਘ ਜੀ ਨੇ ਇਕ ਆਰੀਆਂ ਸਮਾਜੀ ਵਿਦਵਾਨ ਦਾ ਹੰਕਾਰ ਚਕਨਾਚੂਰ ਕਰ ਦਿੱਤਾ,ਇਹ ਇਕ ਬਹੁਤ ਵੱਡੀ ਗੱਲ ਸੀ।

ਉਧਰ ਇਹਨਾਂ ਦਿਨਾਂ ਵਿੱਚ ਹੀ 'ਗੁਲਾਬਦਾਸੀਏ', ਸਵਾਮੀ ਦਇਆ ਨੰਦ ਦਾ ਪ੍ਰਭਾਵ ਕਬੂਲਕੇ ਆਰੀਆ ਸਮਾਜੀ ਬਣ ਗਏ ਸਨ, ਜਿਸ ਕਰਕੇ ਭਾਈ ਦਿੱਤ ਸਿੰਘ ਜੀ ਨੇ ਇਹਨਾਂ 'ਗੁਲਾਬਦਾਸੀਆਂ' ਦਾ ਖਹਿੜਾ ਛੱਡ ਦਿੱਤਾ ਸੀ।

ਦੂਜੇ ਪਾਸੇ ਇਸ ਸਮੇਂ ਅੰਦਰ ਸਿੱਖੀ ਦੀ ਬਹੁਤ ਬੁਰੀ ਹਾਲਤ ਹੋ ਰਹੀ ਸੀ, ਦਰਬਾਰ ਸਾਹਿਬ ਵਿਖੇ ਮੂਰਤੀ ਪੂਜਾ ਕੀਤੀ ਜਾ ਰਹੀ ਸੀ ਅਤੇ ਹਿੰਦੂ ਸ਼ਾਸਤਰਾਂ ਵਿਚੋਂ ਕਥਾ ਕੀਤੀ ਤੇ ਸੁਣਾਈ ਜਾ ਰਹੀ ਸੀ, ਸਰੋਵਰ ਦੇ ਦੁਆਲੇ ਕਈ ਤਰਾਂ ਦੀ ਮਨਮੱਤ ਹੋ ਰਹੀ ਸੀ, ਹਰ ਤਰਾਂ ਦਾ ਕਰਮਕਾਂਡ ਇਥੇ ਹੋ ਰਿਹਾ ਸੀ, ਇਥੋ ਤੱਕ ਕਿ ਭੈੜੇ ਆਚਰਣ ਵਾਲੇ ਮਰਦ ਔਰਤਾਂ ਦਾ ਬੋਲਬਾਲਾ ਵੀ ਹੋ ਗਿਆ ਸੀ, ਜਾਤ-ਪਾਤ ਦੇ ਅਧਾਰ 'ਤੇ ਲੋਕਾਂ ਨਾਲ ਭੈੜਾ ਸਲੂਕ ਕੀਤਾ ਜਾ ਰਿਹਾ ਸੀ। ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਸਾਰੇ ਇਤਿਹਾਸਕ ਗੁਰਦੁਆਰਿਆਂ 'ਤੇ ਮਹੰਤਾਂ ਦਾ ਕਬਜਾ ਸੀ। ਗੁਰੂਆਂ ਦੇ ਬੰਸ ਵਿਚੋਂ ਹੋਣ ਕਰਕੇ, ਬੇਦੀ, ਸੋਢੀ, ਭੱਲੇ ਆਦਿ, ਲੋਕਾਂ ਵਿਚ ਸ੍ਰੇਸ਼ਟ ਬਣੇ ਹੋਏ ਸਨ, ਤੇ ਲੋਕਾਂ ਕੋਲੋਂ ਆਪਣੀ ਪੂਜਾ ਕਰਵਾਉਂਦੇ ਸਨ। ਉੱਪਰ ਗਾਤਰਾ, ਹੇਠ ਦੀ ਜਨਾਊ ਪਾਕੇ ਰੱਖਣ ਵਾਲੇ ਬਾਬਾ ਖੇਮ ਸਿੰਘ ਬੇਦੀ ਨੂੰ ਅੰਗਰੇਜ਼ਾਂ ਦੀ ਪੂਰੀ ਸ਼ਹਿ ਸੀ। ਅੰਗਰੇਜ਼ ਸਰਕਾਰ ਨੇ ਉਸ ਨੂੰ ਕਾਫੀ ਖਿਤਾਬ ਦਿੱਤੇ ਹੋਏ ਸੀ। ਗੁਰੂ ਨਾਨਕ ਦੀ ਤੇਰਵੀਂ ਬੰਸ ਵਿੱਚੋਂ ਬਾਬਾ ਖੇਮ ਸਿੰਘ ਬੇਦੀ, ਲੱਗਭਗ 2700 ਏਕੜ ਜਮੀਨ ਦਾ ਮਾਲਕ ਹੋਣ ਕਰਕੇ ਆਪਣੇ ਆਪ ਨੂੰ ਗੁਰੂ ਅਖਵਾ ਰਿਹਾ ਸੀ, ਉਹ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਗੱਦੀ ਲਾ ਕੇ ਬਹਿੰਦਾ ਸੀ, ਸਾਰੀਆਂ ਰਹੁ-ਰੀਤਾ, ਬ੍ਰਾਹਮਣ ਵਿਧੀ ਅਨੁਸਾਰ ਹੁੰਦੀਆਂ ਸਨ। ਸਾਰੇ ਗੁਰਦੁਆਰਿਆਂ ਵਿੱਚ ਬ੍ਰਾਹਮਣਵਾਦ ਮੁਤਾਵਕ ਕਰਮਕਾਂਡ ਜੋਰਾਂ ਤੇ ਕੀਤੇ ਜਾ ਰਹੇ ਸਨ।

ਗੁਰੂ ਸਹਿਬਾਨਾਂ ਦੀ ਸੋਚ ਦੇ ਉਲਟ ਹੋ ਰਹੇ ਗਲਤ ਕੰਮਾਂ ਨੂੰ ਰੋਕਣ ਤੇ ਖਤਮ ਕਰਨ ਲਈ ਬਣਾਈ ਗਈ 'ਸਿੰਘ ਸਭਾ ਅੰਮ੍ਰਿਤਸਰ' ਵੀ ਦੋ ਫਾੜ ਹੋ ਗਈ ਸੀ, ਜਿਸ ਤੋਂ ਬਾਅਦ, ਪ੍ਰੋ ਗੁਰਮੁਖ ਸਿੰਘ, ਭਾਈ ਦਿੱਤ ਸਿੰਘ ਜੀ ਆਦਿ ਦੀ ਅਗਵਾਈ ਵਿੱਚ ਕੰਵਰ ਬਿਕ੍ਰਮ ਸਿੰਘ ਦੇ ਸਹਿਯੋਗ ਨਾਲ 'ਸਿੰਘ ਸਭਾ ਲਾਹੌਰ' ਦੀ ਸਥਾਪਨਾ ਕੀਤੀ ਗਈ, ਜਿਸ ਦੀਆਂ ਬਹੁਤ ਸਾਰੀਆਂ ਹੋਰ ਸਖਾਵਾਂ ਹੋਂਦ ਵਿੱਚ ਆਈਆਂ। ਇਸ ਸਭਾ ਦੇ ਜੋਰਦਾਰ ਪ੍ਰਚਾਰ ਲਈ ਜੂਨ 1886 ਵਿਚ ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਦਿਹਾੜੇ ਤੇ 'ਖਾਲਸਾ ਅਖ਼ਵਾਰ ਚਾਲੂ ਕੀਤਾ ਗਿਆ, ਜਿਸ ਦਾ ਸੰਪਾਦਕ ਗਿਆਨੀ ਦਿੱਤ ਸਿੰਘ ਜੀ ਬਣਾਇਆ ਗਿਆ । ਇਸ ਅਖ਼ਬਾਰ ਦੇ ਲੇਖਾਂ ਅਤੇ ਹੋਰ ਭਰਭੂਰ ਜਾਣਕਾਰੀ ਨੇ ਜਿੱਥੇ ਸੁੱਤੀ ਪਈ ਅਤੇ ਕੁਰਾਹੇ ਪਈ ਕੌਮ ਨੂੰ ਝੰਜੋੜਕੇ ਰੱਖ ਦਿੱਤਾ, ਉਥੇ ਗੁਰੂ ਘਰਾਂ ਤੇ ਕਾਬਜ ਮਹੰਤਾਂ ਪਖੰਡੀਆਂ ਨੂੰ ਵੀ ਭਾਜੜਾਂ ਪੈ ਗਈਆਂ। ਇਕ ਸਮੇਂ ਤਾਂ ਗਿਆਨੀ ਦਿੱਤ ਸਿੰਘ ਜੀ ਨੇ ਬਾਬਾ ਖੇਮ ਸਿੰਘ ਹੇਠੋਂ 'ਗਦੈਲਾ' (ਗੱਦੀ) ਖਿੱਚਕੇ ਬਾਹਰ ਸੁੱਟ ਦਿਤਾ/ਦਿੱਤੀ ਸੀ। ਇਸ ਸਮੇਂ 'ਸਿੰਘ ਸਭਾ ਅੰਮ੍ਰਿਤਸਰ' ਵਾਲਿਆਂ ਨੂੰ 'ਗਦੈਲਾ' ਪਾਰਟੀ' ਕਿਹਾ ਜਾਣ ਲੱਗ ਪਿਆ ਸੀ।

ਜਿਸ ਕਰਕੇ ਅਖੌਤੀ ਬਾਬਾ ਖੇਮ ਸਿੰਘ ਬੇਦੀ ਅਤੇ ਇਹਨਾਂ ਦੇ ਸਾਥੀਆਂ ਨੇ ਭਾਈ ਦਿੱਤ ਸਿੰਘ ਜੀ ਨੂੰ ਚੁਮਾਰ ਅਤੇ ਪ੍ਰੋ. ਗੁਰਮੁਖ ਸਿੰਘ ਲਾਂਗਰੀ ਦਾ ਪੁੱਤ ਕਹਿਕੇ ਜਲੀਲ ਵੀ ਕੀਤਾ ਜਾਣ ਲੱਗ ਪਿਆ ਤੇ ਨੀਵੀਂ ਜਾਤ ਦਾ ਮੁੱਦਾ ਉਛਾਲਕੇ, ਜਾਤੀ ਤੋਰ ਤੇ ਅਪਮਾਨ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਅਤੇ ਇਹਨਾਂ ਤੇ ਗੁਰਦੁਆਰਿਆਂ ਅੰਦਰ ਪ੍ਰਚਾਰ ਕਰਨ ਉਤੇ ਪਾਬੰਦੀ ਲਾ ਦਿੱਤੀ।

ਪਰ 'ਸਿੰਘ ਸਭਾ ਲਾਹੌਰ' ਦੀ ਚੜ੍ਹਤ ਹੀ ਐਨੀ ਸੀ, ਇਹਨਾਂ ਪਖੰਡੀ ਬਾਬਿਆਂ ਦੀ ਕੋਈ ਪੇਸ਼ ਨਹੀਂ ਜਾ ਰਹੀ ਸੀ। ਆਖਰ ਖੇਮ ਸਿੰਘ ਬੇਦੀ ਨੇ ਮਾਰਚ 1887 ਨੂੰ, ਪ੍ਰੋ ਗੁਰਮੁਖ ਸਿੰਘ ਨੂੰ ਪੰਥ ਵਿਚੋਂ ਛੇਕਣ ਦਾ ਫੈਸਲਾ ਕਰਵਾ ਦਿੱਤਾ। ਇਸ ਫੈਸਲੇ ਦਾ ਗਿਆਨੀ ਦਿੱਤ ਸਿੰਘ ਜੀ ਨੇ ਜੋਰਦਾਰ ਵਿਰੋਧ ਕੀਤਾ ਅਤੇ ਇਹਨਾਂ ਪੂਜਾਰੀਆਂ ਦੇ ਗੁੰਡਿਆਂ ਦੀ ਕੋਈ ਪ੍ਰਵਾਹ ਨਾ ਕਰਦਿਆਂ 'ਸਵਪਨ ਨਾਟਕ' ਲਿਖਕੇ ਪਿੰਡਾਂ ਵਿੱਚ ਸਟੇਜਾਂ ਲਾਕੇ, ਇਹਨਾਂ ਦੀ ਖੂਬ ਮਿੱਟੀ ਪਲੀਤ ਕੀਤੀ, ਅਤੇ ਹੁਕਮਨਾਮੇ ਅਤੇ ਪਖੰਡੀਆਂ ਦੀਆਂ ਦੀਆਂ ਧੱਜੀਆਂ ਉਡਾ ਦਿੱਤੀਆਂ। ਗਿਆਨੀ ਦਿੱਤ ਸਿੰਘ ਦੇ ਇਸ ਪ੍ਰਚਾਰ ਤੋਂ ਬੁਖਲਾਹਟ ਵਿੱਚ ਆਏ ਇਹਨਾਂ ਪੁਜਾਰੀਆਂ ਨੇ 'ਉਦੇ ਸਿੰਘ ਬੇਦੀ' ਰਾਹੀਂ ਅਖਵਾਰ ਅਤੇ ਗਿਆਨੀ ਦਿੱਤ ਸਿੰਘ ਤੇ ਅਦਾਲਤ ਵਿਚ ਮੁਕੱਦਮਾ ਦਰਜ਼ ਕਰਵਾ ਦਿੱਤਾ ਗਿਆ। ਲੰਮੇ ਸਮੇਂ ਬਾਅਦ ਗਿਆਨੀ ਦਿੱਤ ਸਿੰਘ ਜੀ ਦੇ ਖਿਲਾਫ ਫੇਸਲਾ ਸੁਣਾਇਆ ਗਿਆ ਅਤੇ ਗਿਆਨੀ ਜੀ ਨੂੰ 51 ਨੂੰ ਰੁਪੈ ਜੁਰਮਾਨਾ ਕੀਤਾ ਗਿਆ, ਜੋ ਕਿ ਉਪਰਲੀ ਅਦਾਲਤ ਵਿਚ ਕੀਤੀ ਗਈ ਅਪੀਲ ਕਰਕੇ ਸਾਰੇ ਦੋਸ਼ਾਂ ਤੋਂ ਬਰੀ ਹੋ ਗਿਆ। ਇਸ ਮੁਕੱਦਮੇ ਵਿੱਚ ਆਰਥਿਕ ਪੱਖੋ ਸਥਿਤੀ ਕਾਫੀ ਡਾਵਾਂ- ਡੋਲ ਹੋ ਗਈ, ਜੋ ਕਾਫੀ ਮਿਹਨਤ ਤੋਂ ਬਾਅਦ ਫਿਰ ਸਥਿਤੀ ਠੀਕ ਹੋਈ।

20 ਫਰਵਰੀ 1890 ਵਿੱਚ ਫਿਰ ਸਭਾ ਦੀ ਮੀਟਿੰਗ ਹੋਈ, ਜਿਸ ਵਿਚ ਸਰਦਾਰਾਂ ਨੂੰ ਵੀ ਸੱਦਾ ਦੇਕੇ ਉਚੇਚੇ ਤੌਰ ਤੇ ਬੁਲਾਇਆ ਗਿਆ। ਇਸ ਇੱਕਤਰਤਾ ਵਿੱਚ ਸ੍ਰ.ਅਤਰ ਸਿੰਘ ਭਦੌੜ ਵਾਲਿਆਂ ਦੀ ਅਗਵਾਈ ਵਿੱਚ ਇਕ ਕਮੇਟੀ ਬਣਾਈ ਗਈ, ਜਿਸ ਵਿੱਚ 'ਖਾਲਸਾ ਕਾਲਜ ਨੂੰ ਸਿਰੇ ਲਾਉਣ ਦੀ ਡਿਊਟੀ ਲਾਈ ਗਈ। ਇਸ ਕਾਲਜ ਨੂੰ ਸਿਰੇ ਚਾੜਨ ਲਈ, ਕਈ ਮੁਸੀਬਤਾਂ ਪਾਰ ਕਰਦੇ ਹੋਏ ਆਖਿਰ 5 ਮਾਰਚ 1892 ਨੂੰ ਅੰਮ੍ਰਿਤਸਰ ਵਿਖੇ ਪੰਜਾਬ ਦੇ ਗਵਰਨਰ ਸਰ ਜੇਮਜ ਬਰਾਡਵੁੱਡ ਲਾਇਲ ਨੇ ਨੀਂਹ ਪੱਥਰ ਰੱਖਕੇ ਸ਼ੁਰੂਆਤ ਕਰ ਦਿੱਤੀ ਗਈ, ਜੋ ਕਿ ਇਕ ਸਾਲ ਦੇ ਕਰੀਬ ਬਣਕੇ ਤਿਅਰ ਹੋ ਗਿਆ, ਜਿਸ ਨੂੰ 22 ਅਕਤੂਬਰ 1893 ਵਿੱਚ ਹਾਈ ਸਕੂਲ ਦੀ ਸ਼ਕਲ ਕਾਲਜ ਨੂੰ ਸ਼ੁਰੂ ਕੀਤਾ ਗਿਆ। ਗਿਆਨੀ ਦਿੱਤ ਸਿੰਘ ਜੀ ਦੇ ਪ੍ਰਚਾਰ ਤੋਂ ਕਈ ਸਰਦਾਰ ਵੀ ਬਹੁਤ ਪ੍ਰਭਾਵਤ ਸਨ, ਬਹੁਤ ਸਾਰੇ ਗੈਰ ਸਿੱਖ ਵੀ ਸਿੱਖ ਧਰਮ ਵਿੱਚ ਸਾਮਲ ਹੋਣੇ ਸ਼ੁਰੂ ਹੋ ਗਏ ਸਨ। ਜਦ ਇਹ ਪ੍ਰਚਾਰ ਜੋਰਾਂ ਤੇ ਚੱਲ ਰਿਹਾ ਸੀ ਤਾਂ, ਇਸੇ ਵਕਤ 1895 ਵਿੱਚ ਖਾਲਸਾ ਦਿਵਾਨ ਦੇ ਮੋਢੀਆਂ ਵਿੱਚੋਂ ਸ੍ਰ.ਅਤਰ ਸਿੰਘ ਜੀ ਭਦੌੜ ਵਾਲੇ ਅਤੇ ਇਹਨਾਂ ਤੋਂ ਬਾਅਦ ਭਾਈ ਦਿੱਤ ਸਿੰਘ ਦੀ ਸੱਜੀ ਬਾਂਹ ਪ੍ਰੋ. ਗੁਰਮੁਖ ਜੀ 1898 ਵਿੱਚ ਇਸ ਦੁਨੀਆਂ ਨੂੰ ਸਦਾ ਲਈ ਛੱਡਕੇ ਇਸ ਦੁਨੀਆਂ ਤੋਂ ਚਲੇ ਗਏ, ਜਿਹਨਾਂ ਦੇ ਜਾਣ ਨਾਲ ਭਾਈ ਦਿੱਤ ਸਿੰਘ ਅਤੇ ਕੌਮ ਨੂੰ ਪੂਰਾ ਨਾ ਹੋਣ ਵਾਲਾ ਘਾਟਾ ਪਿਆ। ਜਿਸ ਕਰਕੇ ਇਕ ਵਾਰ ਫੇਰ ਗਿਆਨੀ ਦਿੱਤ ਸਿੰਘ ਨੂੰ ਕਈ ਮੁਸ਼ਕਿਲਾਂ ਨੇ ਘੇਰ ਲਿਆ, ਇਸ ਦੇ ਬਾਵਜੂਦ ਉਨ੍ਹਾਂ ਨੇ ਆਪਣੇ ਹੋਰਨਾਂ ਸਾਥੀਆਂ ਨਾਲ ਮਿਲਕੇ, ਸਿੱਖ ਕੌਮ ਦੀ ਚੜਦੀ ਕਲਾ ਲਈ ਆਪਣਾ ਸੰਘਰਸ਼ ਤੇ ਅਖਵਾਰ ਨੂੰ ਅਖ਼ਬਾਰ ਜਾਰੀ ਰੱਖਿਆ।

1900 ਵਿੱਚ ਆਪ ਜੀ ਦੀ ਸਿਹਤ ਢਿੱਲੀ ਰਹਿਣ ਲੱਗ ਪਈ, ਫਿਰ ਵੀ ਹਰ ਪ੍ਰੋਗਰਾਮ ਵਿਚ ਵਧ ਚੜਕੇ ਹਿੱਸਾ ਲੈਂਦੇ ਰਹੇ, ਕਦੇ ਠੀਕ ਹੋ ਜਾਂਦੇ ,ਕਿਤੇ ਬਿਮਾਰ ਹੋ ਜਾਂਦੇ ਸਨ। ਜੂਨ 1901 ਵਿੱਚ ਆਪ ਜੀ ਦੀ ਹੋਣਹਾਰ ਬਹੁਤ ਹੀ ਪਿਆਰੀ ਨੌਵੀਂ ਕਲਾਸ ਵਿਚ ਪੜ੍ਹਦੀ ਬੇਟੀ ਵਿੱਦਿਆਵੰਤ ਦੀ ਮੌਤ ਹੋ ਗਈ, ਜਿਸ ਨਾਲ ਗਿਆਨੀ ਜੀ ਨੂੰ ਬਹੁਤ ਗਹਿਰਾ ਸਦਮਾ ਲੱਗਿਆ, ਅੰਤ 6 ਸਤੰਬਰ 1901 ਨੂੰ ਕੋਈ 10/11 ਵਜੇ ਦੇ ਕਰੀਬ 51 ਸਾਲ ਦੀ ਉਮਰ ਵਿੱਚ ਗਿਆਨੀ ਦਿੱਤ ਸਿੰਘ ਜੀ ਸਦਾ ਵਾਸਤੇ ਇਸ ਦੁਨੀਆਂ ਤੋਂ ਉਥੇ ਚਲੇ ਗਏ, ਜਿੱਥੋ ਮੁੜਕੇ ਅੱਜ ਤੱਕ ਕੋਈ ਵਾਪਸ ਨਹੀਂ ਆਇਆ।

ਉਸ ਟਾਇਮ 'ਖਾਲਸਾ ਸਮਾਚਾਰ" ਦੇ ਸੰਪਾਦਕ ਭਾਈ ਵੀਰ ਸਿੰਘ ਨੇ ਲਿਖਿਆ ਸੀ - "ਕੌਮ ਲੁੱਟੀ ਗਈ, ਜੋ ਐਡੀਟਰੀ ਗਿਆਨੀ ਦਿੱਤ ਸਿੰਘ ਕਰ ਗਏ, ਉਹ ਨਾਲ ਹੀ ਲੈ ਗਏ।"

ਅਫਸੋਸ! ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਆਖਰੀ ਦਮ ਤੱਕ ਲੜਨ ਤੇ ਕੰਮ ਕਰਨ ਵਾਲਾ, ਸਿੱਖ ਕੌਮ ਦੀ 19 ਲੱਖ ਤੋਂ ਵੀ ਘੱਟ ਅਬਾਦੀ ਨੂੰ ਕਰੋੜਾਂ ਵਿੱਚ ਲਿਜਾਣ ਵਾਲਾ ਅਤੇ ਆਰੀਆਂ ਸਮਾਜੀ ਦਿਆ ਨੰਦ ਨੂੰ ਹਰਾਕੇ, ਸਿੱਖ ਕੌਮ ਦਾ ਨਾਮ ਰੋਸ਼ਨ ਵਾਲੇ ਭਲੇ ਵਿਦਵਾਨ ਇਨਸਾਨ ਦਾ ਸਿੱਖਾਂ ਦੀ ਸਿਰਮੌਰ ਜਥੇਬੰਦੀ ਸ੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਤੇ ਅਕਾਲ ਤਖ਼ਤ ਦੇ ਜਥੇਦਾਰਾਂ ਨੇ ਗਿਆਨੀ ਦਿੱਤ ਸਿੰਘ ਜੀ ਦੀ ਕਦਰ ਇਸ ਕਰਕੇ ਨਹੀਂ ਪਾਈ ਨਹੀਂ ਲਗਦੀ, ਕਿਉਂਕਿ ਇਹ ਵਿਦਵਾਨ ਇਨਸਾਨ ਦਾ ਜਨਮ ਕਿਸੇ ਅਖੌਤੀ ਓੱਚ ਜਾਤੀ ਵਿੱਚ ਨਹੀਂ ਹੋਇਆ।

ਇਕ ਗਰੀਬ ਪਰਿਵਾਰ ਵਿੱਚ ਜਨਮ ਲੈਕੇ,
'ਦਿੱਤ ਸਿੰਘ' ਨੇ ਵੱਡੀਆਂ ਮੱਲਾਂ ਮਾਰੀਆਂ ਜੀ।
ਨੀਅਤ ਸਾਫ਼ ਨਹੀਂ ਹੈ ਕੌਮ ਦੇ ਆਗੂਆਂ ਦੀ,
ਮੇਜਰ ਤਾਂਹੀਓਂ ਸਭੇ ਗਈਆਂ ਵਿਸਾਰੀਆਂ ਜੀ।

ਦੂਜੇ ਪਾਸੇ ਗਿਆਨੀ ਦਿੱਤ ਸਿੰਘ ਜੀ ਤੋਂ ਹਾਰ ਖਾਣ ਵਾਲੇ 'ਸਵਾਮੀ ਦਿਆ ਨੰਦ' ਦੇ ਵਾਰਸਾ ਨੇ 'ਸਵਾਮੀ ਦਿਆ ਨੰਦ' ਦੇ ਨਾਮ ਤੇ ਪੂਰੇ ਦੇਸ਼ ਵਿੱਚ ਸਕੂਲਾਂ ਕਾਲਜਾਂ, ਹਸਪਤਾਲਾਂ ਦੀ ਹਨੇਰੀ ਲਿਆਕੇ ਨਾਮ ਰੌਸ਼ਨ ਕੀਤਾ ਹੋਇਆ ਹੈ।

# ਆਰਥਿਕ ਪੱਖ ਤੋਂ ਪੰਜਾਬ ਲਈ ਕਿਵੇਂ ਰਿਹਾ ਸਾਲ 2024?

ਲਿਖਤ : ਸੁੱਚਾ ਸਿੰਘ ਗਿੱਲ, ਮੋਬਾਈਲ : 98550-82857

ਨਵੇਂ ਵਰ੍ਹੇ ਦੀ ਆਮਦ ਦਾ ਸਵਾਗਤ ਕਰਦਿਆਂ ਪਿਛਲੇ ਵਰ੍ਹੇ ਵੱਲ ਝਾਤ ਮਾਰਨੀ ਜ਼ਰੂਰੀ ਹੈ। ਇਸ ਤੋਂ ਮੌਜੂਦਾ ਸਾਲ ਵਿਚ ਹੋਣ ਵਾਲੀਆਂ ਘਟਨਾਵਾਂ ਦੀ ਝਲਕ ਮਿਲਦੀ ਹੈ। ਭੂਤਕਾਲ ਦਾ ਸੰਬੰਧ ਵਰਤਮਾਨ ਨਾਲ ਅਤੇ ਵਰਤਮਾਨ ਦਾ ਸੰਬੰਧ ਭਵਿੱਖ ਨਾਲ ਜੁੜਿਆ ਹੋਇਆ ਹੁੰਦਾ ਹੈ। ਸਮੇਂ ਨੂੰ ਨਿਰੰਤਰਤਾ ਨਾਲ ਵੇਖਣ 'ਤੇ ਵਾਪਰਨ ਵਾਲੀਆਂ ਘਟਨਾਵਾਂ ਅਤੇ ਮਸਲਿਆਂ ਨੂੰ ਸਮਝਣ ਵਿਚ ਮਦਦ ਮਿਲਦੀ ਹੈ। ਪੰਜਾਬ ਨੂੰ ਇਸ ਲਗਾਤਾਰਤਾ ਨਾਲ ਵੇਖਣਾ ਸਮੇਂ ਦੀ ਜ਼ਰੂਰਤ ਹੈ। ਪਿਛਲੇ ਸਾਲ ਦੀਆਂ ਘਟਨਾਵਾਂ ਨੇ ਆਉਣ ਵਾਲੇ ਸਾਲਾਂ ਦੀਆਂ ਕਈ ਘਟਨਾਵਾਂ ਅਤੇ ਮਸਲਿਆਂ ਦੀ ਦਿਸ਼ਾ ਅਤੇ ਦਸ਼ਾ ਨੂੰ ਪ੍ਰਭਾਵਿਤ ਕਰਨਾ ਹੈ। ਇਸ ਕਰਕੇ ਪੰਜਾਬ ਵਿਚ ਜਿਹੜਾ ਕੁਝ ਪਿਛਲੇ ਸਾਲ ਵਾਪਰਿਆ ਉਸ ਦਾ ਲੇਖਾ-ਜੋਖਾ ਕਰਕੇ ਆਉਣ ਵਾਲੇ ਸਾਲ ਦੌਰਾਨ ਸੰਭਾਵਿਤ ਸਮੱਸਿਆਵਾਂ ਨੂੰ ਸੁਲਝਾਉਣ ਅਤੇ ਤਰੱਕੀ ਦੇ ਨਵੇਂ ਟੀਚੇ ਮਿੱਥਣ ਵਾਸਤੇ ਕੋਸ਼ਿਸ਼ ਕੀਤੀ ਜਾ ਸਕਦੀ ਹੈ।

ਪੰਜਾਬ ਦੀ ਆਰਥਿਕਤਾ ਲਈ 2024 ਦੇ ਸਾਲ ਦੌਰਾਨ ਪਿਛਲੇ ਤਿੰਨ ਦਹਾਕਿਆਂ ਤੋਂ ਚਲਦੀਆਂ ਆਰਥਿਕ ਨੀਤੀਆਂ ਨੂੰ ਹੀ ਜਾਰੀ ਰੱਖਿਆ ਗਿਆ ਸੀ। ਇਨ੍ਹਾਂ ਨੀਤੀਆਂ ਦੌਰਾਨ ਪਬਲਿਕ ਵਿੱਤ ਦੇ ਸਿਧਾਂਤਾਂ ਨੂੰ ਉਲਟਾ ਕਰਕੇ ਸਬਸਿਡੀਆਂ ਨੂੰ ਚਲਾਇਆ ਗਿਆ ਹੈ। ਪਬਲਿਕ ਵਿੱਤ ਦੇ ਸਿਧਾਂਤਾਂ ਅਨੁਸਾਰ ਗ਼ਰੀਬ ਅਤੇ ਲੋੜਵੰਦਾਂ ਨੂੰ ਸਬਸਿਡੀਆਂ ਦੇਣੀਆਂ ਜਾਇਜ਼ ਹਨ ਪਰ ਖਾਂਦੇ-ਪੀਂਦੇ ਲੋਕਾਂ ਨੂੰ ਸਬਸਿਡੀਆਂ ਦੇਣੀਆਂ ਗ਼ੈਰਵਾਜਬ ਕਰਾਰ ਦਿੱਤੀਆਂ ਜਾਂਦੀਆਂ ਹਨ। ਪਰ ਪੰਜਾਬ ਵਿਚ ਪਿਛਲੇ ਲੰਮੇ ਸਮੇਂ ਤੋਂ ਇਨ੍ਹਾਂ ਖਾਂਦੇ-ਪੀਂਦੇ ਲੋਕਾਂ ਨੂੰ ਸਬਸਿਡੀਆਂ ਜਾਰੀ ਰੱਖੀਆਂ ਗਈਆਂ ਹਨ। ਟੈਕਸਾਂ ਦੀ ਉਗਰਾਹੀ ਵਿਚ ਢਿੱਲ ਅਤੇ ਚੋਰੀ ਨੂੰ ਰੋਕਣ ਵਿਚ ਸਰਕਾਰ ਅਸਫਲ ਰਹੀ ਹੈ। ਸਰਕਾਰੀ ਅੰਕੜਿਆਂ ਅਨੁਸਾਰ ਮੌਜੂਦਾ ਸਰਕਾਰ ਦੇ ਸਿਰ 2022 ਵਿਚ ਕਰਜ਼ੇ ਦਾ ਬੋਝ 2.82 ਲੱਖ ਕਰੋੜ ਤੋਂ ਵੱਧ ਕੇ ਮਾਰਚ 2024 ਵਿਚ 3.44 ਲੱਖ ਕਰੋੜ ਰੁਪਏ ਹੋ ਗਿਆ ਸੀ, ਜਿਹੜਾ ਮਾਰਚ 2025 ਨੂੰ 3.74 ਲੱਖ ਕਰੋੜ ਰੁਪਏ ਹੋ ਜਾਣਾ ਨਿਸ਼ਚਿਤ ਹੈ। ਇਹ ਕਰਜ਼ਾ ਸੂਬੇ ਦੀ ਕੁੱਲ ਆਮਦਨ ਦਾ 46.81 ਫ਼ੀਸਦੀ ਹੋ ਜਾਵੇਗਾ। ਜੇਕਰ ਇਸ ਨੂੰ ਠੀਕ ਕਰਨ ਵੱਲ ਤਵੱਜੋ ਨਹੀਂ ਦਿੱਤੀ ਜਾਂਦੀ, ਤਾਂ ਇਹ ਬੋਝ ਮੌਜੂਦਾ ਸਾਲ ਦੌਰਾਨ ਹੋਰ ਵੱਧ ਜਾਵੇਗਾ। ਵਿਆਜ ਅਤੇ ਕਿਸ਼ਤਾਂ ਮੋੜਨ ਵਿਚ ਖਰਚਾ ਸੂਬਾ ਸਰਕਾਰ ਦੀ ਆਪਣੀ ਆਮਦਨ ਦਾ 55.23 ਫ਼ੀਸਦੀ ਤੋਂ ਵੱਧ ਜਾਵੇਗਾ। ਪੰਜਾਬ ਸਰਕਾਰ ਵਲੋਂ ਕਰਜ਼ੇ ਦੀਆਂ ਕਿਸ਼ਤਾਂ ਅਤੇ ਵਿਆਜ 'ਤੇ ਸਾਲ 2024-25 ਦੌਰਾਨ 59068 ਕਰੋੜ ਰੁਪਏ ਖਰਚੇ ਜਾਣਗੇ। ਤਨਖਾਹਾਂ ਅਤੇ ਪੈਨਸ਼ਨਾਂ ਤੋਂ ਬਾਅਦ ਸਰਕਾਰ ਕੋਲ ਪੂੰਜੀ ਨਿਵੇਸ਼ ਕਰਨ ਲਈ ਬਹੁਤ ਹੀ ਘੱਟ ਸਾਧਨ ਰਹਿ ਜਾਂਦੇ ਹਨ। ਨਤੀਜੇ ਵਜੋਂ ਪੰਜਾਬ ਦੇਸ਼ ਦੇ ਦੂਜੇ ਸੂਬਿਆਂ ਦੇ ਮੁਕਾਬਲੇ ਆਰਥਿਕ ਵਿਕਾਸ ਅਤੇ ਪ੍ਰਤੀ ਵਿਅਕਤੀ ਆਮਦਨ ਵਿਚ ਲਗਾਤਾਰ ਪਛੜਦਾ ਜਾ ਰਿਹਾ ਹੈ। ਪਿਛਲੇ ਸਾਲ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਕੀਤੀ ਗਈ ਦਰਜਾਬੰਦੀ ਵਿਚ ਪੰਜਾਬ 19ਵੇਂ ਸਥਾਨ 'ਤੇ ਪਹੁੰਚ ਗਿਆ ਸੀ। ਜੇਕਰ ਮੌਜੂਦਾ ਨੀਤੀਆਂ ਜਾਰੀ ਰੱਖੀਆਂ ਜਾਂਦੀਆਂ ਹਨ ਤਾਂ ਪੰਜਾਬ ਇਸ ਦਰਜਾਬੰਦੀ ਵਿਚ ਹੋਰ ਪਛੜ ਸਕਦਾ ਹੈ। ਮੌਜੂਦਾ ਸਰਕਾਰ ਵਲੋਂ ਦਾਅਵਾ ਕੀਤਾ ਜਾਂਦਾ ਹੈ ਕਿ ਸਿੱਖਿਆ ਅਤੇ ਸਿਹਤ ਸਰਕਾਰ ਦੇ ਪ੍ਰਥਾਮਿਕਤਾ ਵਾਲੇ ਖੇਤਰ ਹਨ। ਪਰ ਅੰਕੜੇ ਕੋਈ ਹੋਰ ਹੀ ਕਹਾਣੀ ਦੱਸਦੇ ਹਨ। 2024-25 ਦੇ ਬਜਟ ਵਿਚ ਸਿਹਤ ਸੇਵਾਵਾਂ ਤੇ ਖਰਚੇ ਦਾ ਟੀਚਾ 4.56% ਰੱਖਿਆ ਗਿਆ ਸੀ, ਜਦੋਂ ਕਿ ਪੁਲਿਸ ਵਾਸਤੇ 6.25% ਬਜਟ ਅਲਾਟ ਕੀਤਾ ਗਿਆ ਸੀ। ਸਿੱਖਿਆ ਵਾਸਤੇ ਕੁੱਲ ਬਜਟ (135,051 ਕਰੋੜ) ਵਿਚੋਂ 17303 ਕਰੋੜ ਅਲਾਟ ਕੀਤੇ ਗਏ ਸਨ। ਇਹ ਕੁੱਲ ਬਜਟ ਦਾ 12.8% ਸੀ। ਪੰਜਾਬ ਦੀ ਖੇਤੀ ਲਗਾਤਾਰ ਸੰਕਟ ਗ੍ਰਸਤ ਹੈ, ਇਸ ਵਾਸਤੇ 13660 ਕਰੋੜ ਰੁਪਏ ਰੱਖੇ ਗਏ ਸਨ। ਇਸ ਵਿਚ ਬਿਜਲੀ ਸਬਸਿਡੀ ਵਾਲੇ 9330 ਕਰੋੜ ਰੁਪਏ ਵੀ ਸ਼ਾਮਿਲ ਕਰ ਲਏ ਗਏ ਸਨ। ਇਸ ਕਰਕੇ ਖੇਤੀ ਦੇ ਵਿਕਾਸ ਦਾ ਬਜਟ ਸਿਰਫ਼ 4330 ਕਰੋੜ ਰਹਿ ਜਾਂਦਾ ਹੈ, ਜਿਹੜਾ ਕੁੱਲ ਬਜਟ ਦਾ 3.21% ਹੀ ਹੈ। ਸਾਧਨਾਂ ਦੀ ਸਖ਼ਤ ਘਾਟ ਕਾਰਨ ਸੂਬੇ ਦੇ ਵਿਕਾਸ ਨੂੰ ਮੁੜ ਲੀਹਾਂ 'ਤੇ ਲਿਆਉਣ ਦੀ ਸਮਰੱਥਾ ਪੰਜਾਬ ਸਰਕਾਰ ਗਵਾ ਚੁੱਕੀ ਹੈ। ਇਸ ਕਰਕੇ ਜ਼ਰੂਰੀ ਹੈ ਕਿ ਸੂਬੇ ਵਿਚ ਟੈਕਸਾਂ ਦੀ ਵੱਡੀ ਪੱਧਰ 'ਤੇ ਹੋ ਰਹੀ ਚੋਰੀ ਨੂੰ ਰੋਕਿਆ ਜਾਵੇ। ਕਰਜ਼ੇ ਦੀ ਵੱਧਦੀ ਪੰਡ ਨੂੰ ਹੌਲਾ ਕੀਤਾ ਜਾਵੇ। ਇਸ ਵਾਸਤੇ ਖਾਂਦੇ-ਪੀਂਦੇ ਲੋਕਾਂ ਨੂੰ ਦਿੱਤੀ ਜਾਂਦੀ ਸਬਸਿਡੀ 'ਤੇ ਰੋਕ ਲਾਈ ਜਾਵੇ। ਸਿੱਖਿਆ, ਸਿਹਤ ਅਤੇ ਖੇਤੀ ਵਿਚ ਬਜਟ ਦੀ ਰਾਸ਼ੀ ਨੂੰ ਵਧਾਇਆ ਜਾਵੇ ਅਤੇ ਸੂਬੇ ਦੇ ਵਿਕਾਸ ਲਈ ਸਰਕਾਰ ਵਲੋਂ ਪੂੰਜੀ ਨਿਵੇਸ਼ ਵਧਾਇਆ ਜਾਵੇ। ਯੋਜਨਾਬੱਧ ਤਰੀਕੇ ਨਾਲ ਖੇਤੀ ਅਤੇ ਉਦਯੋਗਿਕ ਵਿਕਾਸ ਦਾ ਸੁਮੇਲ ਕੀਤਾ ਜਾਵੇ, ਜਿਸ ਨਾਲ ਪੰਜਾਬ ਦੇ ਲੋਕਾਂ ਦੀ ਆਮਦਨ ਅਤੇ ਰੁਜ਼ਗਾਰ ਵਿਚ ਵਾਧਾ ਹੋਵੇ।

ਰੁਜ਼ਗਾਰ ਅਤੇ ਸਿੱਖਿਆ ਦੀ ਗੁਣਵੱਤਾ ਵਿਚ ਆਏ ਨਿਘਾਰ ਅਤੇ ਨਸ਼ਿਆਂ ਵਿਚ ਵਧੇ ਰੁਝਾਨ ਕਾਰਨ ਪੰਜਾਬ ਦੇ ਨੌਜਵਾਨ ਕਾਫ਼ੀ ਗਿਣਤੀ ਵਿਚ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ। ਇਸ ਨਾਲ ਪੰਜਾਬ ਵਿਚੋਂ ਬੌਧਿਕ ਅਤੇ ਵਿੱਤੀ ਸਰਮਾਇਆ ਵਿਦੇਸ਼ਾਂ ਵੱਲ ਜਾ ਰਿਹਾ ਹੈ। ਇਸ ਵਰਤਾਰੇ ਨੂੰ ਸਮਝਣ ਅਤੇ ਠੱਲ੍ਹ ਪਾਉਣ ਤੋਂ ਬਗ਼ੈਰ ਪੰਜਾਬ ਦੇ ਵਿਕਾਸ ਨੂੰ ਮੁੜ ਲੀਹਾਂ 'ਤੇ ਲਿਆਉਣਾ ਔਖਾ ਹੋਵੇਗਾ ਅਤੇ ਸੱਭਿਆਚਾਰ ਨੂੰ ਸੁਰੱਖਿਅਤ ਰੱਖਣਾ ਮੁਸ਼ਕਿਲ ਹੋਵੇਗਾ। ਇਸ ਵਾਸਤੇ ਰੁਜ਼ਗਾਰ ਦੀ ਗੁਣਵੱਤਾ ਨੂੰ ਠੀਕ ਕਰਨਾ, ਸਿੱਖਿਆ ਅਤੇ ਸਿਹਤ ਦੇ ਮਿਆਰ ਨੂੰ ਉੱਚਾ ਚੁੱਕਣਾ, ਨਸ਼ਿਆਂ ਨੂੰ ਰੋਕਣਾ ਅਤੇ ਲੋਕਾਂ ਦੀ ਜਾਨਮਾਲ ਨੂੰ ਸੁਰੱਖਿਅਤ ਕਰਨਾ ਆਦਿ ਕਦਮ ਲਾਹੇਵੰਦ ਹੋ ਸਕਦੇ ਹਨ। ਕੈਨੇਡਾ ਅਤੇ ਹੋਰ ਪੱਛਮੀ ਦੇਸ਼ਾਂ ਵਲੋਂ ਪਰਵਾਸ ਦੀਆਂ ਸ਼ਰਤਾਂ ਨੂੰ ਸਖ਼ਤ ਕਰਨ ਅਤੇ ਪ੍ਰਵਾਸ ਨੂੰ ਸੀਮਤ ਕਰਨ ਤੋਂ ਬਾਅਦ ਸਾਨੂੰ ਸੋਚਣਾ ਪਵੇਗਾ ਕਿ ਅਸੀਂ ਪੰਜਾਬ ਨੂੰ ਆਪਣੀ ਕਰਮਭੂਮੀ ਕਿਵੇਂ ਬਣਾਈਏ? ਇਹ ਆਉਣ ਵਾਲੇ ਸਾਲ ਵਾਸਤੇ ਵਿਕਾਸ ਦੇ ਏਜੰਡੇ ਦੀ ਮਹੱਤਵਪੂਰਨ ਮੱਦ ਹੋ ਸਕਦੀ ਹੈ। ਪੰਜਾਬ ਜਿਸ ਮੋੜ 'ਤੇ ਆਣ ਖੜ੍ਹਾ ਹੋ ਗਿਆ ਹੈ, ਸਾਨੂੰ ਸਾਰਥਕ ਅਤੇ ਉਸਾਰੂ ਸੋਚ ਨਾਲ ਅਗੇ ਵਧਣ ਦੀ ਤਿਆਰੀ ਕਰਨੀ ਪਵੇਗੀ।

ਅਜੋਕੇ ਸਮੇਂ ਵਿਚ ਪੰਜਾਬ ਮਾਯੂਸੀ ਅਤੇ ਗੁੱਸੇ ਦੇ ਦੌਰ ਵਿਚੋਂ ਲੰਘ ਰਿਹਾ ਹੈ। ਮਾਯੂਸੀ ਦਾ ਮੁੱਖ ਕਾਰਨ ਸੂਬੇ ਵਿਚ ਵਿਆਪਕ ਪੱਧਰ ਤੇ ਫੈਲਿਆ ਭ੍ਰਿਸ਼ਟਾਚਾਰ, ਨੌਜਵਾਨਾਂ ਵਿਚ ਫੈਲੀ ਨਸ਼ਿਆਂ ਦੀ ਸਮੱਸਿਆ, ਬੇਰੁਜ਼ਗਾਰੀ ਅਤੇ ਸੰਬੰਧਿਤ ਸਮੱਸਿਆਵਾਂ ਹਨ। ਪੰਜਾਬ ਵਿਚ ਨੌਜਵਾਨਾਂ ਦੀ ਬੇਰੁਜ਼ਗਾਰੀ ਦੀ ਦਰ 27% ਹੈ ਜਿਹੜੀ ਦੇਸ਼ ਵਿਚਲੀ ਬੇਰੁਜ਼ਗਾਰੀ ਦੀ ਦਰ 22% ਤੋਂ ਕਾਫੀ ਜ਼ਿਆਦਾ ਹੈ। ਪਿਛਲੇ ਸਾਲਾਂ ਦੌਰਾਨ ਰੁਜ਼ਗਾਰ ਪੈਦਾ ਕਰਨ ਅਤੇ ਰੁਜ਼ਗਾਰ ਦੀ ਗੁਣਵੱਤਾ ਵਧਾਉਣ ਵੱਲ ਧਿਆਨ ਨਹੀਂ ਦਿੱਤਾ ਗਿਆ। ਇਸ ਨੂੰ ਨਵੇਂ ਸਾਲ ਵਿਚ ਸਰਕਾਰ ਦਾ ਏਜੰਡਾ ਬਣਾਉਣਾ ਸਾਰਥਿਕ ਕਾਰਜ ਹੋ ਸਕਦਾ ਹੈ। ਰੁਜ਼ਗਾਰ ਦੇ ਮੌਕੇ ਪੈਦਾ ਕਰਨ, ਵਿੱਦਿਆ ਦਾ ਮਿਆਰ ਉੱਚਾ ਚੁੱਕਣ ਅਤੇ ਨਸ਼ਿਆਂ ਦੀ ਰੋਕਥਾਮ ਨਾਲ ਸੂਬੇ ਵਿਚੋਂ ਮਾਯੂਸੀ ਦਾ ਮਾਹੌਲ ਖ਼ਤਮ ਕਰਨ ਵਿਚ ਮਦਦ ਮਿਲ ਸਕਦੀ ਹੈ। ਦੂਜੇ ਪਾਸੇ ਪੰਜਾਬ ਦੇ ਲੋਕਾਂ ਦੇ ਵੱਡੇ ਹਿੱਸੇ ਵਿਚ ਅਫ਼ਸਰਸ਼ਾਹੀ, ਪੁਲਿਸ ਅਤੇ ਸਰਕਾਰ ਖ਼ਿਲਾਫ਼ ਗੁੱਸਾ ਵਧਦਾ ਜਾ ਰਿਹਾ ਹੈ। ਇਹ ਗੁੱਸਾ ਭ੍ਰਿਸ਼ਟਾਚਾਰ, ਪੁਲਿਸ ਜ਼ਿਆਦਤੀਆਂ ਅਤੇ ਸਰਕਾਰ ਵਲੋਂ ਬਦਲਾਅ ਲਿਆਉਣ ਦੇ ਵਾਅਦੇ ਪੂਰੇ ਨਾ ਹੋਣ ਕਾਰਨ ਹੈ। ਆਸ ਕੀਤੀ ਜਾਂਦੀ ਹੈ ਕਿ ਆਉਣ ਵਾਲੇ ਸਾਲ ਵਿਚ ਸਰਕਾਰ ਇਸ ਪਾਸੇ ਧਿਆਨ ਦੇਣ ਦੀ ਖੇਚਲ ਕਰੇਗੀ।

ਮੌਜੂਦਾ ਹਾਲਤਾਂ ਵਿਚ ਪਿਛਲੇ ਸਾਲ ਕਿਸਾਨ ਜਥੇਬੰਦੀਆਂ ਕਿਸਾਨੀ ਮਸਲਿਆਂ ਨੂੰ ਲੈ ਕੇ ਕਾਫ਼ੀ ਸਰਗਰਮੀ ਨਾਲ ਜੱਦੋਜਹਿਦ ਵਿਚ ਲੱਗੀਆਂ ਰਹੀਆਂ ਹਨ। ਨਵੇਂ ਸਾਲ ਵਿਚ ਇਨ੍ਹਾਂ ਸਰਗਰਮੀਆਂ ਵਿਚ ਹੋਰ ਵਾਧੇ ਦੀਆਂ ਸੰਭਾਵਨਾਵਾਂ ਹਨ। ਇਸ ਕਰਕੇ ਪੰਜਾਬ ਸਰਕਾਰ ਨੂੰ ਕਿਸਾਨੀ ਮਸਲਿਆਂ ਨੂੰ ਹੱਲ ਕਰਨ ਲਈ ਠੋਸ ਕਦਮ ਪੁੱਟਣ ਵੱਲ ਤੁਰਨਾ ਪਵੇਗਾ। ਇਸ ਦੀ ਸ਼ੁਰੂਆਤ ਮਾਹਿਰਾਂ ਵਲੋਂ ਤਿਆਰ ਖੇਤੀ ਨੀਤੀ ਨੂੰ ਪ੍ਰਵਾਨ ਕਰਕੇ ਨੋਟੀਫਿਕੇਸ਼ਨ ਕਰਨ ਨਾਲ ਕੀਤੀ ਜਾ ਸਕਦੀ ਹੈ। ਇਹ ਝਾਕ ਛੱਡਣੀ ਪਵੇਗੀ ਕਿ ਕੇਂਦਰ ਸਰਕਾਰ ਪੰਜਾਬ ਦੀ ਮਦਦ ਕਰੇਗੀ। ਪੰਜਾਬ ਸਰਕਾਰ ਨੂੰ ਆਪਣੇ ਵਿੱਤੀ ਸਾਧਨ ਪੈਦਾ ਕਰਕੇ ਕਿਸਾਨਾਂ ਦੇ ਮਸਲਿਆਂ ਨੂੰ ਨਜਿੱਠਣ ਵੱਲ ਧਿਆਨ ਕੇਂਦਰਿਤ ਕਰਨਾ ਪਵੇਗਾ। ਇਸ ਦੇ ਨਾਲ ਹੀ ਪੰਜਾਬ ਵਿਚ ਨਿੱਜੀ ਪੂੰਜੀ ਨਿਵੇਸ਼ ਵਾਸਤੇ ਸਾਜ਼ਗਾਰ ਵਾਤਾਵਰਨ ਪੈਦਾ ਕਰਨਾ ਪਵੇਗਾ। ਭਾਰਤ -ਪਾਕਿਸਤਾਨ ਵਪਾਰ ਨੂੰ ਵਾਹਗਾ ਬਾਰਡਰ ਰਾਹੀਂ ਦੁਬਾਰਾ ਖੋਲ੍ਹਣ ਨਾਲ ਸੂਬੇ ਵਿਚ ਪੂੰਜੀ ਨਿਵੇਸ਼ ਅਤੇ ਉਦਯੋਗਿਕ ਵਿਕਾਸ ਲਈ ਮਾਹੌਲ ਪੈਦਾ ਕੀਤਾ ਜਾ ਸਕਦਾ ਹੈ। ਇਸ ਨਾਲ ਸੂਬੇ ਦੇ ਬੰਦਰਗਾਹਾਂ ਤੋਂ ਦੂਰ ਹੋਣ ਦੀ ਕਸਰ ਨੂੰ ਲਾਭ ਵਿਚ ਬਦਲਿਆ ਜਾ ਸਕਦਾ ਹੈ। ਇਸ ਵਾਸਤੇ ਇਹ ਵੀ ਜ਼ਰੂਰੀ ਹੋਵੇਗਾ ਕਿ ਕਿਸਾਨਾਂ, ਮੁਲਾਜ਼ਮਾਂ ਅਤੇ ਮਜ਼ਦੂਰਾਂ ਦੇ ਮਸਲਿਆਂ ਪ੍ਰਤੀ ਸੰਜੀਦਗੀ ਵਾਲੀ ਪਹੁੰਚ ਅਪਣਾਈ ਜਾਵੇ। ਮੁਜ਼ਾਹਰਾਕਾਰੀਆਂ ਨੂੰ ਡਾਂਗਾਂ ਨਾਲ ਕੁੱਟਣ ਦੀ ਬਜਾਏ ਸਰਕਾਰ ਨੂੰ ਗੱਲਬਾਤ ਰਾਹੀਂ ਮਸਲੇ ਹੱਲ ਕਰਨ ਵੱਲ ਵਧਣਾ ਚਾਹੀਦਾ ਹੈ। ਵਪਾਰੀਆਂ ਅਤੇ ਉਦਯੋਗਿਕ ਇਕਾਈਆਂ ਦੇ ਮਾਲਕਾਂ ਨੂੰ ਪ੍ਰਦੂਸ਼ਣ ਰਹਿਤ ਵਿਕਾਸ ਵਾਸਤੇ ਸਹਿਮਤ ਕਰਨਾ ਪਵੇਗਾ।

ਸਿਆਸੀ ਪਿੜ ਵਿਚ ਜਮਹੂਰੀ ਕਦਰਾਂ ਕੀਮਤਾਂ ਵਿਚ ਨਿਘਾਰ ਬਹੁਤ ਨੀਵੇਂ ਪੱਧਰ 'ਤੇ ਪਹੁੰਚ ਗਿਆ ਹੈ। ਇਸ ਦੀ ਝਲਕ ਪਿਛਲੇ ਸਾਲ ਪੰਚਾਇਤਾਂ ਦੀਆਂ ਚੋਣਾਂ ਤੋਂ ਮਿਲਦੀ ਹੈ। ਇਹ ਸ਼ਰਮਨਾਕ ਪੱਧਰ 'ਤੇ ਉਸ ਵਕਤ ਪਹੁੰਚ ਗਿਆ ਜਦੋਂ ਸਰਬਸੰਮਤੀ ਨਾਲ ਸਰਪੰਚੀ ਜਿੱਤਣ ਲਈ ਪਿੰਡਾਂ ਵਿਚ ਬੋਲੀਆਂ ਲੱਗਣ ਲਗ ਪਈਆਂ ਸਨ। ਵਿਰੋਧੀਆਂ ਦੇ ਕਾਗਜ਼ ਅਨੇਕਾਂ ਥਾਵਾਂ 'ਤੇ ਅਫਸਰਾਂ ਤੋਂ ਰੱਦ ਕਰਵਾਏ ਗਏ ਸਨ। ਹਾਈ ਕੋਰਟ ਦੇ ਆਦੇਸ਼ਾਂ ਨਾਲ ਕਈ ਪਿੰਡਾਂ ਦੀਆਂ ਚੋਣਾਂ ਰੱਦ ਹੋਈਆਂ ਸਨ। ਇਹੋ ਹਾਲ ਮਿਊਂਸਪਲ ਚੋਣਾਂ ਵਿਚ ਹੋਇਆ ਸੀ।

ਮਹੀਨਾ ਪਹਿਲਾਂ ਕਈ ਥਾਣਿਆਂ ਵਿਚ ਬੰਬ ਧਮਾਕੇ ਹੋਏ ਹਨ। ਕੁਝ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਕੁਝ ਨੂੰ ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ ਹੈ। ਇਨ੍ਹਾਂ ਘਟਨਾਵਾਂ ਬਾਰੇ ਕੁਝ ਸ਼ਹਿਰੀਆਂ ਵਲੋਂ ਪੁਲਿਸ ਦੀ ਕਾਰਗੁਜ਼ਾਰੀ ਨੂੰ ਸ਼ੱਕੀ ਨਜ਼ਰ ਨਾਲ ਦੇਖਿਆ ਗਿਆ ਹੈ। ਇਨ੍ਹਾਂ ਘਟਨਾਵਾਂ ਨੂੰ ਮੁੜ ਕਾਲੇ ਦੌਰ ਵੱਲ ਪੰਜਾਬ ਨੂੰ ਧੱਕਣ ਦੀ ਕੋਸ਼ਿਸ਼ ਵਜੋਂ ਵੇਖਿਆ ਜਾਣਾ ਚਾਹੀਦਾ ਹੈ। ਇਵੇਂ ਕਿਸਾਨਾਂ ਦੇ ਖਨੌਰੀ ਅਤੇ ਸ਼ੰਭੂ ਬਾਰਡਰ 'ਤੇ ਅੰਦੋਲਨ ਨੂੰ ਸੁਪਰੀਮ ਕੋਰਟ ਰਾਹੀਂ ਕੇਂਦਰ ਸਰਕਾਰ ਪੰਜਾਬ ਸਰਕਾਰ ਵੱਲ ਸੇਧਤ ਕਰਕੇ ਇਕ ਮਾੜੀ ਚਾਲ ਚਲ ਰਹੀ ਹੈ। ਪੰਜਾਬ ਦੇ ਕਿਸਾਨਾਂ ਅਤੇ ਆਮ ਲੋਕਾਂ ਨੂੰ ਨਵੇਂ ਸਾਲ ਵਿਚ ਬੜੀ ਸੂਝਬੂਝ ਨਾਲ ਵਿਚਰਨਾ ਪਵੇਗਾ।

ਪੰਜਾਬ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਦੇ ਹੋਏ ਪੰਜਾਬ ਦੇ ਆਰਥਿਕ, ਸਮਾਜਿਕ ਅਤੇ ਜਮਹੂਰੀ ਵਿਕਾਸ ਵੱਲ ਵਧਣ ਲਈ ਉਸਾਰੂ ਸੋਚ ਨਵੇਂ ਸਾਲ ਵਿਚ ਹਾਲਾਤ ਨੂੰ ਹਾਂ-ਪੱਖੀ ਦਿਸ਼ਾ ਦੇ ਸਕਦੀ ਹੈ। ਅਜੇ ਵੀ ਸਮਾਂ ਹੈ ਕਿ ਪੰਜਾਬ ਨੂੰ ਸਮਾਜਿਕ, ਆਰਥਿਕ ਅਤੇ ਜਮਹੂਰੀ ਲੀਹਾਂ 'ਤੇ ਦੁਬਾਰਾ ਪਾਇਆ ਜਾ ਸਕਦਾ ਹੈ। ਸੂਬੇ ਵਿਚ ਕੁਦਰਤੀ ਅਤੇ ਵਿੱਤੀ ਸਾਧਨ, ਸਮਾਜਿਕ ਚੇਤਨਾ ਅਤੇ ਮਨੁੱਖੀ ਸਰੋਤ ਉਪਲੱਬਧ ਹਨ। ਇਨ੍ਹਾਂ ਨੂੰ ਸੁਚੱਜੇ ਅਤੇ ਯੋਜਨਾਬੱਧ ਢੰਗ ਨਾਲ ਵਰਤ ਕੇ ਅੱਗੇ ਵਧਿਆ ਜਾ ਸਕਦਾ ਹੈ। ਇਸ ਵਾਸਤੇ ਸੁਯੋਗ ਸਿਆਸੀ ਅਗਵਾਈ ਹੀ ਕਾਰਗਰ ਸਾਬਤ ਹੋ ਸਕਦੀ ਹੈ। ਨਵੇਂ ਸਾਲ ਵਿਚ ਮੌਜੂਦਾ ਪ੍ਰਸਥਿਤੀਆਂ ਨੂੰ ਇਸ ਆਸ ਨਾਲ ਠੀਕ ਕਰਨਾ ਸਾਰਥਕ ਨਜ਼ਰ ਆਉਂਦਾ ਹੈ। ਇਹ ਕਥਨ ਠੀਕ ਅਤੇ ਢੁਕਵਾਂ ਹੈ 'ਜੀਵੇ ਆਸਾ ਮਰੇ ਨਿਰਾਸਾ'।

# ਅੰਗਰੇਜ਼ੀ ਰੋਣਾ

ਲਿਖਤ : ਰੰਜੀਵਨ ਸਿੰਘ, ਸੰਪਰਕ: 98150-68816

ਸਾਡੇ ਗੁਆਂਢੀ ਕੋਈ ਵੀਹ ਸਾਲ ਪਹਿਲਾਂ ਆਪਣੇ ਪਿੰਡੋਂ ਆ, ਸ਼ਹਿਰ ਸਾਡੇ ਨਾਲ ਦੇ ਪਲਾਟ ਵਿੱਚ ਕੋਠੀ ਉਸਾਰ ਕੇ ਰਹਿਣ ਲੱਗੇ। ਦੋ ਬੱਚੇ ਸਨ ਉਨ੍ਹਾਂ ਦੇ। ਇੱਕ ਮੁੰਡਾ ਤੇ ਉਸ ਤੋਂ ਛੋਟੀ ਕੁੜੀ। ਦੋਵਾਂ ਦਾ ਫ਼ਰਕ ਕੋਈ ਦੋ ਕੁ ਸਾਲ ਦਾ ਹੀ ਹੋਵੇਗਾ। ਸੋ ਕੁੜੀ ਪਹਿਲਾਂ ਵਿਆਹ ਦਿੱਤੀ ਲਾਗਲੇ ਸ਼ਹਿਰ ਕਿਸੇ ਡਾਕਟਰ ਨਾਲ। ਸਾਲ ਵਿੱਚ ਹੀ ਕੁੜੀ ਦੇ ਮੁੰਡਾ ਹੋ ਗਿਆ। ਦੋਵੇਂ ਪਰਿਵਾਰ ਖੁਸ਼ ਸਨ। ਹਾਲਾਂਕਿ ਸਾਡੇ ਗੁਆਂਢੀਆਂ ਦਾ ਕੱਪੜੇ ਦੇ ਥੋਕ ਦਾ ਚੰਗਾ ਕਾਰੋਬਾਰ ਸੀ ਪਰ ਦੇਖੋ-ਦੇਖੀ ਮੁੰਡਾ ਆਪਣੀ ਪਤਨੀ ਅਤੇ ਆਪਣੇ ਦੋ ਨਿੱਕੇ-ਨਿੱਕੇ ਬੱਚਿਆਂ ਨਾਲ ਕੈਨੇਡਾ 'ਸੈਟ' ਹੋ ਗਿਆ। ਮੁੰਡਾ, ਉਸ ਦੀ ਪਤਨੀ ਅਤੇ ਬੱਚਿਆਂ ਨਾਲ ਗੁਆਂਢੀ ਫੇਸ-ਟਾਈਮ ਉਤੇ ਲੰਮਾ ਲੰਮਾ ਸਮਾਂ ਗੱਲਾਂ ਕਰਦੇ ਰਹਿੰਦੇ। ਜਦੋਂ ਪੋਤਰਾ ਪੋਤਰੀ ਉਨ੍ਹਾਂ ਨੂੰ ਤੋਤਲੀ ਜ਼ੁਬਾਨ ਵਿਚ ਦਾਦੂ-ਦਾਦੂ, ਦਾਮਾ-ਦਾਮਾ ਕਹਿੰਦੇ ਤਾਂ ਸਾਡੇ ਗੁਆਂਢੀ ਬੜੇ ਖੁਸ਼ ਹੁੰਦੇ। ਭਾਵੇਂ ਪਿੰਡੋਂ ਆਇਆਂ ਨੂੰ ਵੀਹ ਸਾਲ ਹੋ ਗਏ ਸਨ ਪਰ ਗੁਆਂਢੀ ਸਾਡੇ ਆਪਣਾ ਪੇਂਡੂ ਖਾਸਾ ਨਹੀਂ ਸਨ ਛੱਡਦੇ। ਕਣਕ, ਮੱਕੀ, ਸਰ੍ਹੋਂ ਅੱਜ ਵੀ ਉਨ੍ਹਾਂ ਦੇ ਪਿੰਡੋਂ ਹੀ ਆਉਂਦੀ।

ਉਧਰ ਗੁਆਂਢੀਆਂ ਦਾ ਦੋਹਤਾ ਵੀ ਸੁੱਖ ਨਾਲ ਢਾਈ-ਤਿੰਨ ਵਰ੍ਹਿਆਂ ਦਾ ਹੋ ਗਿਆ ਸੀ। ਉਨ੍ਹਾਂ ਦੀ ਧੀ ਕਿਸੇ ਪ੍ਰਾਈਵੇਟ ਸਕੂਲ ਵਿਚ ਅਧਿਆਪਕਾ ਲੱਗ ਗਈ। ਐਵੇਂ ਮਸ਼ਰੂਫ ਰਹਿਣ ਲਈ। ਹਾਲਾਂਕਿ ਜਵਾਈ ਦੀ ਡਾਕਟਰੀ ਚੰਗੀ ਚਲਦੀ ਸੀ। ਕਿਉਂਕਿ ਦੋਹਤਾ ਹਾਲੇ ਕਾਫ਼ੀ ਛੋਟਾ ਸੀ ਅਤੇ ਸਕੂਲ ਨਹੀਂ ਸੀ ਜਾਣ ਲੱਗਿਆ, ਉਸ ਦੀ ਮਾਂ ਅਕਸਰ ਉਸ ਨੂੰ ਉਸ ਦੇ ਨਾਨਕੇ ਛੱਡ ਜਾਂਦੀ। ਬੜਾ ਹੀ ਪਿਆਰਾ ਬੱਚਾ ਸੀ। ਗੋਗਲੂ ਜਿਹਾ। ਘੁੰਗਰਾਲੇ ਵਾਲ, ਮੋਟੀਆਂ ਅੱਖਾਂ ਤੇ ਗੋਰਾ ਰੰਗ। ਉਸ ਦੇ ਨਾਲ ਹੀ ਸਾਡੇ ਗੁਆਂਢੀਆਂ ਦੀ ਕੁੜੀ ਨੇ ਆਪਣੇ ਕੋਲ ਰੱਖੀ 'ਆਇਆ' ਨੂੰ ਵੀ ਛੱਡ ਜਾਣਾ। ਲਗਭਗ ਸਾਰਾ ਹੀ ਦਿਨ ਦੋਹਤਰਾ ਅਤੇ ਉਸ ਦੀ ਮੋਨਾ ਆਂਟੀ ਸਾਡੇ ਗੁਆਂਢ ਰਹਿੰਦੇ। ਸ਼ਾਮ ਨੂੰ ਗੁਆਂਢੀਆਂ ਦੀ ਧੀ ਜਾਂ ਜਵਾਈ ਆ ਕੇ ਅੰਕੁਰ ਅਤੇ ਮੋਨਾ ਨੂੰ ਵਾਪਸ ਲੈ ਜਾਂਦੇ।

ਬੱਚਾ ਸਾਰਾ ਦਿਨ ਗੁਆਂਢ ਵਿਚ ਰੌਣਕ ਲਾਈ ਰੱਖਦਾ। ਨਾਨਾ-ਨਾਨੀ ਦਾ ਵੀ ਦਿਲ ਪਰਚਿਆ ਰਹਿੰਦਾ। ਪਰ ਧੀ-ਜੁਆਈ ਵੱਲੋਂ ਇਕ ਬੜੀ ਸਖ਼ਤ ਹਦਾਇਤ ਸੀ ਨਾਨੇ-ਨਾਨੀ ਅਤੇ ਮੋਨਾ ਨੂੰ ਕਿ ਬੱਚੇ ਨਾਲ ਪੰਜਾਬੀ 'ਚ ਗੱਲ ਨੀ ਕਰਨੀ। ਅੱਵਲ ਤਾਂ ਅੰਗਰੇਜ਼ੀ ਵਿਚ ਬੋਲੋ, ਨਹੀਂ ਤਾਂ ਹਿੰਦੀ। ਡਾਕਟਰ ਪਾਪਾ ਤੇ ਟੀਚਰ ਮੰਮੀ ਭਾਵੇਂ ਆਪਸ ਵਿਚ ਪੰਜਾਬੀ 'ਚ ਗੱਲਾਂ ਕਰਦੇ ਪਰ ਅੰਕੁਰ ਸਾਹਮਣੇ ਸਿਰਫ਼ ਅੰਗਰੇਜ਼ੀ ਵਿਚ ਹੀ ਬੋਲਦੇ। ਪੇਂਡੂ ਨਾਨਾ-ਨਾਨੀ ਅਤੇ ਬਿਹਾਰਨ ਮੋਨਾ ਵਾਹ ਲੱਗਦੀ ਜੁਆਕ ਨਾਲ ਅੰਗਰੇਜ਼ੀ ਵਿਚ ਗੱਲਾਂ ਕਰਦੇ ਜਿੰਨੀ ਕੁ ਉਨ੍ਹਾਂ ਨੂੰ ਸਿਖਾਈ ਗਈ ਜਾਂ ਆਉਂਦੀ ਹੁੰਦੀ।

''ਵੋਹ ਦੇਖੋ ਟਰੀ ਪਰ ਕਰੋਅ; ਅੰਕੁਰ ਬਾਬਾ, ਵਹਾਂ ਨਹੀਂ ਯਹਾਂ ਸਿੱਟ; ਉਰੇ ਆਓ, ਕਮ-ਕਮ, ਸਲੋਅ, ਰਨ ਮਤ ਕਰੋ; ਵੋਹ ਦੇਖੋ, ਸਕਾਈ ਮੇਂ ਐਰੋਪਲੇਨ; ਅੰਕੁਰ ਪੋਟੀ ਆਈ ਤੋਂ ਬਤਾ ਦੇਣਾ, ਕਲੋਥਜ਼ ਮੇਂ ਨਹੀਂ ਕਰਨੀ; ਚਲੋ ਅੰਕੁਰ ਪੁੱਤ ਸਲੀਪੀ ਸਲੀਪੀ ਕਰੋ'' ਨਾਨਕੇ ਘਰ ਅੰਕੁਰ ਅਜਿਹੇ ਵਾਕ ਡੌਰ-ਭੌਰ ਹੋਇਆ ਸੁਣਦਾ ਰਹਿੰਦਾ ਤੇ ਵਿੱਚੇ ਹੀ ਆਪਣੀਆਂ ਤੋਤਲੀਆਂ ਮੋਤਲੀਆਂ ਕਹਿ ਛੱਡਦਾ।

ਅੱਜ ਤਾਂ ਅੰਕੁਰ ਨੇ ਜਵੇਂ ਸਾਰਾ ਨਾਨਕਾ ਘਰ ਹੀ ਸਿਰ ਉੱਤੇ ਚੁੱਕਿਆ ਹੋਇਆ ਸੀ। ਪਤਾ ਨੀ ਕਿਹੜੀ ਗੱਲੋਂ ਉਹ ਜਿਉਂ ਰੋਣ ਲੱਗਿਆ, ਜਿਉਂ ਰੋਣ ਲੱਗਿਆ ਕਿ ਹਟਣ ਦਾ ਨਾਂ ਹੀ ਨਾ ਲਵੇ।

''ਨੋ, ਨੋ ਕਰਾਈ... ਨੋ'' ਨਾਨਾ-ਨਾਨੀ ਅੰਕੁਰ ਨੂੰ ਚੁੱਪ ਕਰਵਾਉਣ ਦੀ ਅਸਫ਼ਲ ਕੋਸ਼ਿਸ਼ ਕਰ ਰਹੇ ਸਨ। ਹੁਣ ਉਸ ਦੇ ਲਗਾਤਾਰ ਰੋਣ ਦੀ ਆਵਾਜ਼ ਆਲੇ-ਦੁਆਲੇ ਦੀ ਸ਼ਾਂਤੀ ਭੰਗ ਕਰਨ ਲੱਗੀ। ਮੈਥੋਂ ਰਿਹਾ ਨਾ ਗਿਆ। ਬਨੇਰੇ ਤੋਂ ਹੀ ਗੁਆਂਢੀਆਂ ਨੂੰ ਪੁੱਛਿਆ, ''ਕੀ ਗੱਲ ਭਾਈ ਸਾਹਿਬ... ਕੀ ਹੋਇਆ ਅੱਜ ਅੰਕੁਰ ਨੂੰ? ਤਬੀਅਤ ਤਾਂ ਠੀਕ ਹੈ... ਅੱਗੇ ਤਾਂ ਕਦੇ ਐਨਾ ਚਿਰ ਨੀ ਰੋਇਆ।''

''ਕੀ ਦੱਸੀਏ ਜੀ... ਇਹਦਾ ਕਿਤੇ ਟੁਆਏ ਟੁੱਟ ਗਿਆ। ਲੱਗ ਗਿਆ ਰੋਣ। ਧੀ-ਜੁਆਈ ਨੇ ਕਿਹੈ ਬਈ ਇਹਦੇ ਨਾਲ ਅੰਗਰੇਜ਼ੀ 'ਚ ਹੀ ਗੱਲ ਕਰਨੀ ਹੈ। ਜੇ ਨਾ ਕਰੀਏ ਤਾਂ ਮੋਨਾ ਸ਼ਿਕਾਇਤਾਂ ਕਰਦੀ ਹੈ। ਆਪਣੇ ਤਰੀਕੇ ਅਸੀਂ ਬਥੇਰਾ ਜ਼ੋਰ ਲਾ ਲਿਆ ਇਹਨੂੰ ਚੁੱਪ ਕਰਵਾਉਣ ਲਈ। ਗੱਲ ਨਹੀਂ ਬਣੀ...। ਹੁਣ ਸਾਨੂੰ ਇਹ ਨੀ ਪਤਾ ਬਈ ਇਹਨੂੰ ਅੰਗਰੇਜ਼ੀ 'ਚ ਕਵੇਂ ਵਰਾਈਏ।'' ਗੁਆਂਢੀ ਅੰਕੁਰ ਦੇ ਅੰਗਰੇਜ਼ੀ ਰੋਣੇ ਮੂਹਰੇ ਜਵੇਂ ਰੋਣਹਾਕੇ ਹੋਏ ਖੜ੍ਹੇ ਸਨ।

# ਨਹੀਂ ਸੁਧਰ ਰਹੀ ਭਾਰਤ ਦੀ ਆਰਥਿਕ ਤਸਵੀਰ



ਅਨਿਲ ਜੈਨ

ਕੇਂਦਰ ਸਰਕਾਰ ਨੇ ਨਵੇਂ ਸਾਲ ਦੇ ਪਹਿਲੇ ਦਿਨ ਵਸਤੂ ਤੇ ਸੇਵਾ ਕਰ (ਜੀ.ਐੱਸ.ਟੀ.) ਕੁਲੈਕਸ਼ਨ ਦਾ ਜੋ ਅੰਕੜਾ ਪੇਸ਼ ਕੀਤਾ, ਉਸ ਮੁਤਾਬਿਕ ਦਸੰਬਰ 'ਚ ਸਰਕਾਰ ਨੂੰ 1.77 ਲੱਖ ਕਰੋੜ ਰੁਪਏ ਦਾ ਮਾਲੀਆ ਮਿਲਿਆ। ਇਹ ਇਕ ਮਹੀਨੇ ਪਹਿਲਾਂ ਭਾਵ ਨਵੰਬਰ ਦੇ ਮੁਕਾਬਲੇ ਪੰਜ ਹਜ਼ਾਰ ਕਰੋੜ ਰੁਪਏ ਘੱਟ ਹੈ। ਨਵੰਬਰ 'ਚ ਸਰਕਾਰ ਨੂੰ 1.82 ਲੱਖ ਕਰੋੜ ਰੁਪਏ ਦਾ ਮਾਲੀਆ ਮਿਲਿਆ ਸੀ। ਨਵੰਬਰ ਦਾ ਅੰਕੜਾ ਵੀ ਉਸ ਤੋਂ ਪਹਿਲਾਂ ਦੇ ਤਿੰਨ ਸਭ ਤੋਂ ਜ਼ਿਆਦਾ ਮਾਲੀਆ ਇਕੱਤਰ ਹੋਣ ਦੇ ਅੰਕੜਿਆਂ ਤੋਂ ਘੱਟ ਸੀ, ਜਦੋਂ ਕਿ ਉਹ ਅਕਤੂਬਰ ਦੇ ਤਿਉਹਾਰ ਵਾਲੇ ਮਹੀਨੇ ਦਾ ਸੰਗ੍ਰਹਿ ਸੀ। ਉਸ ਤੋਂ ਪਹਿਲਾਂ ਜੁਲਾਈ ਤੋਂ ਸਤੰਬਰ ਦੌਰਾਨ ਜੀ.ਐੱਸ.ਟੀ. ਦਾ ਔਸਤ ਕੁਲੈਕਸ਼ਨ 1.77 ਲੱਖ ਕਰੋੜ ਰੁਪਏ ਰਿਹਾ ਸੀ। ਸਰਕਾਰ ਨੇ ਦੱਸਿਆ ਸੀ ਕਿ ਵਿੱਤੀ ਸਾਲ 2023-24 ਦੀ ਦੂਜੀ ਤਿਮਾਹੀ ਭਾਵ ਜੁਲਾਈ ਤੋਂ ਸਤੰਬਰ 'ਚ ਵਿਕਾਸ ਦਰ ਸਿਰਫ਼ 5.4 ਫ਼ੀਸਦੀ ਰਹੀ। ਇੰਨਾ ਹੀ ਨਹੀਂ ਸਾਲ ਦੇ ਪਹਿਲੇ ਦਿਨ ਇਹ ਅੰਕੜਾ ਵੀ ਆਇਆ ਹੈ ਕਿ ਕਾਰਾਂ ਦੀ ਵਿਕਰੀ ਚਾਰ ਸਾਲ 'ਚ ਸਭ ਤੋਂ ਘੱਟ ਰਹੀ ਹੈ। ਕਾਰਾਂ ਦੀ ਵਿਕਰੀ 'ਚ ਵੀ ਇਕ ਅੰਕੜਾ ਇਹ ਹੈ ਕਿ ਐੱਸ.ਯੂ.ਵੀ. ਦਾ ਹਿੱਸਾ ਵਧ ਕੇ 53 ਫ਼ੀਸਦੀ ਤੋਂ ਜ਼ਿਆਦਾ ਹੋ ਗਿਆ ਹੈ, ਭਾਵ ਵੱਡੀਆਂ ਗੱਡੀਆਂ ਜ਼ਿਆਦਾ ਵਿਕੀਆਂ ਹਨ। ਕੁਝ ਸਮਾਂ ਪਹਿਲਾਂ ਹੀ ਖ਼ਬਰ ਆਈ ਸੀ ਕਿ ਛੋਟੀਆਂ ਗੱਡੀਆਂ ਦੀ ਵਿਕਰੀ ਲਗਾਤਾਰ ਘੱਟ ਹੋ ਰਹੀ ਹੈ। ਮਾਰੂਤੀ ਸੁਜ਼ੂਕੀ ਦੇ ਚੇਅਰਮੈਨ ਆਰ.ਸੀ. ਭਾਰਗਵ ਨੇ ਕਿਹਾ ਸੀ ਕਿ ਇਕ ਸਮਾਂ ਸੀ, ਜਦੋਂ ਕਾਰਾਂ ਦੀ ਵਿਕਰੀ 'ਚ 80 ਫ਼ੀਸਦੀ ਹਿੱਸਾ 10 ਲੱਖ ਰੁਪਏ ਤੋਂ ਘੱਟ ਕੀਮਤ ਦੀਆਂ ਗੱਡੀਆਂ ਦਾ ਹੁੰਦਾ ਸੀ। ਹੁਣ ਅਜਿਹੀਆਂ ਕਾਰਾਂ ਦੀ ਵਿਕਰੀ ਘੱਟ ਹੁੰਦੀ ਜਾ ਰਹੀ ਹੈ। ਅਰਥਵਿਵਸਥਾ ਦੀ ਇਹ ਰਫ਼ਤਾਰ ਨਵੇਂ ਸਾਲ 'ਚ ਚਿੰਤਾ ਦਾ ਵਿਸ਼ਾ ਰਹੇਗੀ।

ਭਾਜਪਾ ਦੀ ਮਹਾਂਬਲੀ ਕੇਂਦਰੀ ਲੀਡਰਸ਼ਿਪ ਆਖ਼ਰ ਮਨੀਪੁਰ ਦੇ ਮੁੱਖ ਮੰਤਰੀ ਐੱਨ.ਬੀਰੇਨ ਸਿੰਘ ਦਾ ਕੁਝ ਵੀ ਵਿਗਾੜ ਨਹੀਂ ਸਕੀ। ਉਨ੍ਹਾਂ ਤੋਂ ਅਸਤੀਫ਼ਾ ਲੈਣ ਜਾਂ ਉਨ੍ਹਾਂ ਨੂੰ ਹਟਾਉਣ ਦੀਆਂ ਤਮਾਮ ਕੋਸ਼ਿਸ਼ਾਂ ਨਾਕਾਮ ਹੋ ਗਈਆਂ ਅਤੇ ਅਖੀਰ ਉਨ੍ਹਾਂ ਦੀ ਮੁਆਫ਼ੀ ਨਾਲ ਕੰਮ ਚਲਾਉਣਾ ਪਿਆ ਹੈ। ਪਿਛਲੇ 10 ਸਾਲ 'ਚ ਇਹ ਪਹਿਲਾ ਮੌਕਾ ਹੈ, ਜਦੋਂ ਭਾਜਪਾ ਦੇ ਕਿਸੇ ਨੇਤਾ ਨੇ ਮੁਆਫ਼ੀ ਮੰਗੀ ਹੈ, ਨਹੀਂ ਤਾਂ ਵੱਡੇ-ਵੱਡੇ ਮਾਮਲਿਆਂ ਵਿਚ ਨਾ ਤਾਂ ਕਿਸੇ ਭਾਜਪਾ ਨੇਤਾ ਨੇ ਮੁਆਫ਼ੀ ਮੰਗੀ ਹੈ ਅਤੇ ਨਾ ਅਸਤੀਫ਼ਾ ਦਿੱਤਾ ਹੈ।

ਹੁਣ ਇਹ ਤੈਅ ਹੋ ਗਿਆ ਹੈ ਕਿ ਮਨੀਪੁਰ 'ਚ ਹਿੰਸਾ ਰੁਕ ਜਾਏ ਜਾਂ ਜਾਰੀ ਰਹੇ ਪਰ ਬੀਰੇਨ ਸਿੰਘ ਮੁੱਖ ਮੰਤਰੀ ਬਣੇ ਰਹਿਣਗੇ। ਉਨ੍ਹਾਂ ਨੇ ਆਪਣੀ ਤਾਕਤ ਮੂਹਰੇ ਭਾਜਪਾ ਦੀ ਸਿਖਰਲੀ ਲੀਡਰਸ਼ਿਪ ਨੂੰ ਉਸ ਦੀ ਹੈਸੀਅਤ ਦਿਖਾ ਦਿੱਤੀ ਹੈ। ਉਹ ਸਿੱਧੇ ਤੌਰ 'ਤੇ ਭਾਜਪਾ ਲੀਡਰਸ਼ਿਪ ਨੂੰ ਇਹ ਸਮਝਾਉਣ 'ਚ ਸਫਲ ਰਹੇ ਕਿ ਜੇਕਰ ਉਨ੍ਹਾਂ ਨੂੰ ਹਟਾਇਆ ਜਾਂਦਾ ਹੈ, ਤਾਂ ਫਿਰ ਭਾਜਪਾ ਸਰਕਾਰ ਵੀ ਨਹੀਂ ਰਹਿ ਸਕੇਗੀ। ਬੀਰੇਨ ਸਿੰਘ ਨੂੰ ਹਟਾਉਣ ਦੀ ਮੁਹਿੰਮ 'ਚ ਸ਼ਾਮਿਲ ਲੋਕਾਂ ਨੇ ਜਿਵੇਂ-ਤਿਵੇਂ 19 ਵਿਧਾਇਕਾਂ ਦਾ ਸਮਰਥਨ ਜੁਟਾਇਆ ਸੀ, ਪਰ ਉਨ੍ਹਾਂ 'ਚੋਂ ਵੀ ਕਈ ਵਿਧਾਇਕ ਵਾਪਸ ਬੀਰੇਨ ਸਿੰਘ ਦੇ ਖੇਮੇ 'ਚ ਪਰਤ ਆਏ। ਅਸਲ 'ਚ ਬੀਰੇਨ ਸਿੰਘ ਨੇ ਬਹੁਗਿਣਤੀ ਮੈਤੇਈ ਭਾਈਚਾਰੇ ਦੀ ਪਛਾਣ ਦਾ ਮਾਮਲਾ ਬਣਾ ਕੇ ਉਸ ਨਾਲ ਖ਼ੁਦ ਨੂੰ ਜੋੜ ਦਿੱਤਾ।

ਉਨ੍ਹਾਂ ਨੇ ਇਹ ਤਸਵੀਰ ਪੇਸ਼ ਕੀਤੀ ਕਿ ਕੁਕੀ ਭਾਈਚਾਰੇ ਅਤੇ ਉਸ ਨਾਲ ਜੁੜੇ ਅੱਤਵਾਦੀ ਸਮੂਹਾਂ ਨੂੰ ਬਾਹਰੀ ਮਦਦ ਮਿਲ ਰਹੀ ਹੈ ਅਤੇ ਅਜਿਹੇ 'ਚ ਬਹੁਗਿਣਤੀ ਮੈਤੇਈ ਭਾਈਚਾਰੇ ਦੀ ਰੱਖਿਆ ਉਹ ਹੀ ਕਰ ਸਕਦੇ ਹਨ। ਇਸ ਲਈ ਤਮਾਮ ਮੈਤੇਈ ਵਿਧਾਇਕ ਅਤੇ ਕੁਝ ਨਾਗਾ ਵਿਧਾਇਕ ਵੀ ਉਨ੍ਹਾਂ ਦੇ ਸਮਰਥਨ 'ਚ ਆ ਗਏ। ਉਨ੍ਹਾਂ ਦੇ ਖ਼ਿਲਾਫ਼ ਚੱਲੀ ਮੁਹਿੰਮ ਦੀ ਹਵਾ ਨਿਕਲ ਗਈ। ਉਸ ਤੋਂ ਬਾਅਦ ਇਹ ਰਸਤਾ ਕੱਢਿਆ ਗਿਆ ਕਿ ਉਹ ਮੁਆਫ਼ੀ ਮੰਗ ਲੈਣ।

ਕਾਂਗਰਸ ਨੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਅੰਤਿਮ ਸੰਸਕਾਰ ਦੌਰਾਨ ਹੋਈ ਬਦਇੰਤਜ਼ਾਮੀ ਦਾ ਮਾਮਲਾ ਚੁੱਕਿਆ ਅਤੇ ਕੇਂਦਰ ਸਰਕਾਰ 'ਤੇ ਹਮਲਾ ਕੀਤਾ ਤਾਂ ਜਵਾਬ ਦੇਣ ਦੀ ਜ਼ਿੰਮੇਵਾਰੀ ਭਾਜਪਾ ਦੇ ਆਈ.ਟੀ. ਸੈੱਲ ਦੇ ਪ੍ਰਮੁੱਖ ਅਮਿਤ ਮਾਲਵੀਆ ਨੇ ਚੁੱਕੀ। ਉਨ੍ਹਾਂ ਦਾ ਮਕਸਦ ਸਰਕਾਰ ਅਤੇ ਭਾਜਪਾ ਦੇ ਵੱਡੇ ਨੇਤਾਵਾਂ ਨੂੰ ਬਚਾਉਣਾ ਸੀ, ਪਰ ਇਸ ਕ੍ਰਮ 'ਚ ਉਨ੍ਹਾਂ ਨੇ ਕੇਂਦਰ ਸਰਕਾਰ ਦੀਆਂ ਤਮਾਮ ਏਜੰਸੀਆਂ ਨੂੰ ਕਟਹਿਰੇ 'ਚ ਖੜ੍ਹਾ ਕਰ ਦਿੱਤਾ। ਪਵਨ ਖੇੜਾ ਦੇ ਚੁੱਕੇ 9 ਸਵਾਲਾਂ ਦੇ ਜਵਾਬ 'ਚ ਉਨ੍ਹਾਂ ਨੇ ਇਕ ਵਾਰ ਨਹੀਂ ਕਿਹਾ ਕਿ ਇਸ ਤਰ੍ਹਾਂ ਨਹੀਂ ਹੋਇਆ ਹੈ, ਜਿਵੇਂ ਖੇੜਾ ਕਹਿ ਰਹੇ ਹਨ। ਉਨ੍ਹਾਂ ਨੇ ਹਰ ਸਵਾਲ ਦੇ ਜਵਾਬ 'ਚ ਕਿਸੇ ਨਾ ਕਿਸੇ ਏਜੰਸੀ ਨੂੰ ਜ਼ਿੰਮੇਵਾਰ ਦੱਸਿਆ। ਮਿਸਾਲ ਦੇ ਤੌਰ 'ਤੇ ਪਵਨ ਖੇੜਾ ਨੇ ਕਿਹਾ ਕਿ ਅੰਤਿਮ ਸੰਸਕਾਰ ਦੇ ਸਮੇਂ ਸਾਰਾ ਫੋਕਸ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਉਪਰ ਸੀ। ਇਸ ਦਾ ਜਵਾਬ ਦਿੰਦੇ ਹੋਏ ਮਾਲਵੀਆ ਨੇ ਕਿਹਾ ਕਿ ਕਵਰੇਜ ਦਾ ਕੰਮ ਦੂਰਦਰਸ਼ਨ ਦੇ ਜ਼ਿੰਮੇ ਸੀ। ਇਸੇ ਤਰ੍ਹਾਂ ਖੇੜਾ ਨੇ ਕਿਹਾ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਕਾਫਲੇ ਦੀ ਵਜ੍ਹਾ ਨਾਲ ਅੰਤਿਮ ਯਾਤਰਾ ਪ੍ਰਭਾਵਿਤ ਹੋਈ। ਇਸ ਦੇ ਜਵਾਬ 'ਚ ਮਾਲਵੀਆ ਨੇ ਕਿਹਾ ਕਿ ਆਵਾਜਾਈ ਦੇ ਪ੍ਰਬੰਧ ਟ੍ਰੈਫਿਕ ਪੁਲਿਸ ਨੇ ਕੀਤੇ ਸਨ। ਇਵੇਂ ਹੀ ਖੇੜਾ ਨੇ ਕਿਹਾ ਕਿ ਪਰਿਵਾਰ ਦੇ ਲੋਕਾਂ ਦੇ ਬੈਠਣ ਲਈ ਸਿਰਫ਼ ਤਿੰਨ ਕੁਰਸੀਆਂ ਲਗਾਈਆਂ ਗਈਆਂ ਸਨ, ਜਦੋਂ ਕਿ ਸਾਰਿਆਂ ਨੂੰ ਪਤਾ ਹੈ ਕਿ ਮਨਮੋਹਨ ਸਿੰਘ ਦੀ ਪਤਨੀ, ਉਨ੍ਹਾਂ ਦੀਆਂ ਤਿੰਨ ਬੇਟੀਆਂ ਅਤੇ ਪਰਿਵਾਰ ਦੇ ਹੋਰ ਮੈਂਬਰ ਵੀ ਹਨ। ਇਸ ਦੇ ਜਵਾਬ 'ਚ ਵੀ ਮਾਲਵੀਆ ਨੇ ਸੀ.ਪੀ.ਡਬਲਿਊ.ਡੀ. ਅਤੇ ਪੁਲਿਸ ਨੂੰ ਜ਼ਿੰਮੇਵਾਰ ਠਹਿਰਾਇਆ। ਸਵਾਲ ਹੈ ਕਿ ਕੀ ਦੂਰਦਰਸ਼ਨ, ਸੀ.ਪੀ.ਡਬਲਿਊ.ਡੀ., ਟ੍ਰੈਫਿਕ ਪੁਲਿਸ ਅਤੇ ਦਿੱਲੀ ਪੁਲਿਸ ਖ਼ੁਦਮੁਖਤਿਆਰ ਜਾਂ ਨਿੱਜੀ ਏਜੰਸੀਆਂ ਹਨ?

ਛੱਤੀਸਗੜ੍ਹ ਦੇ ਬਸਤਰ 'ਚ ਪੱਤਰਕਾਰ ਮੁਕੇਸ਼ ਚੰਦਰਾਕਰ ਦੀ ਹੱਤਿਆ ਕਰ ਦਿੱਤੀ ਗਈ। ਉਹ ਬਸਤਰ 'ਚ ਇਕ ਸੜਕ ਨਿਰਮਾਣ 'ਚ ਹੋ ਰਹੇ ਭ੍ਰਿਸ਼ਟਾਚਾਰ 'ਤੇ ਰਿਪੋਰਟ ਕਰ ਰਹੇ ਸਨ। ਸੜਕ ਠੇਕੇਦਾਰ ਨੇ ਉਨ੍ਹਾਂ ਦੀ ਹੱਤਿਆ ਕਰਵਾਈ ਅਤੇ ਉਨ੍ਹਾਂ ਦੀ ਮ੍ਰਿਤਕ ਦੇਹ ਆਪਣੇ ਸੈਪਟਿਕ ਟੈਂਕ 'ਚ ਸੁਟਵਾ ਦਿੱਤੀ। ਇਸ ਖ਼ੌਫਨਾਕ ਹੱਤਿਆਕਾਂਡ ਨੇ ਬਸਤਰ 'ਚ ਪੱਤਰਕਾਰਤਾ ਕਰਨ ਦੇ ਖ਼ਤਰੇ ਨੂੰ ਇਕ ਵਾਰ ਫਿਰ ਉਜਾਗਰ ਕੀਤਾ ਹੈ। ਸਾਲ 2016 'ਚ ਐਡੀਟਰਜ਼ ਗਿਲਡ ਆਫ਼ ਇੰਡੀਆ ਦੀ ਫੈਕਟ ਫਾਈਂਡਿੰਗ ਟੀਮ ਨੇ ਆਪਣੀ ਰਿਪੋਰਟ 'ਚ ਇਨ੍ਹਾਂ ਖ਼ਤਰਿਆਂ ਦਾ ਵਿਸਥਾਰ ਨਾਲ ਜ਼ਿਕਰ ਕੀਤਾ ਸੀ। ਉਂਜ ਇਹ ਖ਼ਤਰਾ ਸਿਰਫ਼ ਬਸਤਰ ਤੱਕ ਹੀ ਸੀਮਤ ਨਾ ਹੋ ਕੇ ਦੇਸ਼ਵਿਆਪੀ ਹੋ ਚੁੱਕਾ ਹੈ। ਹਰਿਆਣਾ 'ਚ ਪੱਤਰਕਾਰ ਰਾਮਚੰਦਰ ਛੱਤਰਪਤੀ ਦੀ 22 ਸਾਲ ਪਹਿਲਾਂ ਹੱਤਿਆ ਹੋਈ ਸੀ, ਜਿਨ੍ਹਾਂ ਦੀ ਹੱਤਿਆ ਦਾ ਦੋਸ਼ੀ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਜੇਲ੍ਹ 'ਚ ਪਿਛਲੇ ਪੰਜ ਸਾਲ ਤੋਂ ਉਮਰਕੈਦ ਦੀ ਸਜ਼ਾ ਦੇ ਨਾਂਅ 'ਤੇ ਮੌਜ ਕਰ ਰਿਹਾ ਹੈ। ਮੱਧ ਪ੍ਰਦੇਸ਼ 'ਚ 7 ਸਾਲ ਪਹਿਲਾਂ ਪੱਤਰਕਾਰ ਸੰਦੀਪ ਸ਼ਰਮਾ, ਉੱਤਰ ਪ੍ਰਦੇਸ਼ 'ਚ ਪੱਤਰਕਾਰ ਸ਼ੁੱਭਮ ਮਨੀ ਤ੍ਰਿਪਾਠੀ ਦੀ ਹੱਤਿਆ ਵੀ ਰੇਤ ਮਾਫ਼ੀਆ ਨੇ ਕੀਤੀ ਸੀ। ਇਨ੍ਹਾਂ ਤੋਂ ਇਲਾਵਾ ਬਿਹਾਰ ਦੇ ਸੁਭਾਸ਼ ਕੁਮਾਰ ਮਹਤੋ, ਮਹਾਰਾਸ਼ਟਰ ਦੇ ਸ਼ਸ਼ੀਕਾਂਤ ਵਾਰਿਸੇ ਆਦਿ ਕਈ ਨਾਂਅ ਹਨ, ਜਿਨ੍ਹਾਂ ਦੀ ਹੱਤਿਆ ਉਨ੍ਹਾਂ ਦੇ ਡਿਊਟੀ ਨਿਭਾਉਂਦਿਆਂ ਹੋਇਆ ਕਰਵਾ ਦਿੱਤੀ ਗਈ ਜਾਂ ਜਿਨ੍ਹਾਂ ਦੀ ਜਾਨ 'ਤੇ ਖ਼ਤਰਾ ਮੰਡਰਾ ਰਿਹਾ ਹੈ ਜਾਂ ਜਿਨ੍ਹਾਂ 'ਤੇ ਗ਼ੈਰਕਾਨੂੰਨੀ ਕੰਮਾਂ 'ਚ ਸ਼ਾਮਿਲ ਤਾਕਤਵਰ ਤੱਤਾਂ ਨੇ ਮਾਣਹਾਨੀ ਦੇ ਮੁਕੱਦਮੇ ਦਾਇਰ ਕਰ ਰੱਖੇ ਹਨ। ਪਰ ਇਹ ਲੋਕ ਵੱਡੇ ਟੀ.ਵੀ. ਚੈਨਲ ਜਾਂ ਅਖ਼ਬਾਰ 'ਚ ਰਹਿ ਕੇ ਸਰਕਾਰਾਂ ਲਈ ਕੰਮ ਨਹੀਂ ਕਰਦੇ, ਇਸ ਲਈ ਇਨ੍ਹਾਂ ਪੱਤਰਕਾਰਾਂ ਨੂੰ ਸਰਕਾਰ ਸੁਰੱਖਿਆ ਕਿਉਂ ਦੇਵੇ? ਇਹ ਸਥਿਤੀ ਦੱਸਦੀ ਹੈ ਕਿ ਕਿਸੇ ਵੀ ਸਰਕਾਰ ਨੂੰ ਪੱਤਰਕਾਰ ਨਹੀਂ ਚਾਹੀਦੇ। ਜੇਕਰ ਸਰਕਾਰਾਂ ਨੂੰ ਭ੍ਰਿਸ਼ਟਾਚਾਰ ਤੋਂ ਪਰਹੇਜ਼ ਹੁੰਦਾ ਤਾਂ ਮਾਫ਼ੀਆ ਨੂੰ ਦੇਸ਼ ਭਰ 'ਚ ਪੈਰ ਪਸਾਰਨ ਦਾ ਮੌਕਾ ਹੀ ਨਾ ਮਿਲਦਾ।

ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਪਹਿਲਾਂ ਵੀ ਹਿੰਦੂਤਵ ਦੀ ਰਾਜਨੀਤੀ ਕਰਦੇ ਸਨ। ਉਹ ਭਾਜਪਾ ਦੀ ਤਰਜ਼ 'ਤੇ ਭਾਰਤ ਮਾਤਾ ਦੀ ਜੈ ਦੇ ਨਾਅਰੇ ਲਗਾਉਂਦੇ ਸਨ ਅਤੇ ਖ਼ੁਦ ਨੂੰ ਹਨੂੰਮਾਨ ਭਗਤ ਦੱਸਦੇ ਸਨ। ਵਿਧਾਨ ਸਭਾ ਚੋਣਾਂ 'ਚ ਗਿਣਤੀ ਦੇ ਮੁਸਲਿਮ ਉਮੀਦਵਾਰ ਉਤਾਰਦੇ ਸਨ, ਕਿਉਂਕਿ ਉਨ੍ਹਾਂ ਨੂੰ ਭਰੋਸਾ ਸੀ ਕਿ ਮੁਸਲਿਮ ਵੋਟਰ ਕਿਤੇ ਨਹੀਂ ਜਾਣਗੇ, ਪਰ ਹੁਣ ਉਹ ਭਾਜਪਾ ਤੋਂ ਵੀ ਜ਼ਿਆਦਾ ਹਿੰਦੂਤਵ ਦੀ ਰਾਜਨੀਤੀ ਕਰ ਰਹੇ ਹਨ। ਅਸਲ 'ਚ ਇਸ ਵਾਰ ਦੀਆਂ ਵਿਧਾਨ ਸਭਾ ਚੋਣਾਂ ਉਨ੍ਹਾਂ ਲਈ ਬੇਹੱਦ ਮੁਸ਼ਕਿਲ ਚੋਣਾਂ ਮੰਨੀਆਂ ਜਾ ਰਹੀਆਂ ਹਨ। 10 ਸਾਲ ਦੀ 'ਐਂਟੀ ਇਨਕੁੰਬੈਂਸੀ' (ਸੱਤਾ ਵਿਰੋਧੀ ਭਾਵਨਾ) ਅਤੇ ਕਾਂਗਰਸ ਦੇ ਪ੍ਰਤੀ ਮੁਸਲਿਮ ਅਤੇ ਪੂਰਬਾਂਚਲ ਦੇ ਵੋਟਰਾਂ ਦੀ ਸਦਭਾਵਨਾ ਨਾਲ ਉਨ੍ਹਾਂ ਦੀ ਮੁਸ਼ਕਿਲ ਵਧੀ ਹੈ। ਇਸ ਲਈ ਇਸ ਵਾਰ ਉਹ ਖੁੱਲ੍ਹ ਕੇ ਹਿੰਦੂਤਵ ਦੀ ਰਾਜਨੀਤੀ ਕਰ ਰਹੇ ਹਨ। ਭਾਜਪਾ ਨੇ ਦਿੱਲੀ 'ਚ ਬੰਗਲਾਦੇਸ਼ੀ ਘੁਸਪੈਠੀਆਂ ਅਤੇ ਰੋਹਿੰਗੀਆ ਸ਼ਰਨਾਰਥੀਆਂ ਦਾ ਮੁੱਦਾ ਬਣਾਇਆ ਅਤੇ ਉਪ ਰਾਜਪਾਲ ਨੇ ਦਿੱਲੀ ਪੁਲਿਸ ਨੂੰ ਆਦੇਸ਼ ਦਿੱਤਾ ਕਿ ਉਹ ਬੰਗਲਾਦੇਸ਼ੀਆਂ ਦੀ ਪਛਾਣ ਲਈ ਮੁਹਿੰਮ ਚਲਾਏ ਤਾਂ ਕੇਜਰੀਵਾਲ ਵੀ ਇਸ ਰਾਜਨੀਤੀ 'ਚ ਕੁੱਦ ਗਏ। ਉਨ੍ਹਾਂ ਦੀ ਪਾਰਟੀ ਦੇ ਕੰਟਰੋਲ ਵਾਲੇ ਦਿੱਲੀ ਨਗਰ ਨਿਗਮ ਨੇ ਨਿਗਮ ਦੇ ਸਕੂਲਾਂ 'ਚ ਬੰਗਲਾਦੇਸ਼ੀ ਬੱਚਿਆਂ ਦੀ ਪਛਾਣ ਦੀ ਮੁਹਿੰਮ ਛੇੜ ਦਿੱਤੀ। ਇਸੇ ਕੜੀ 'ਚ ਕੇਜਰੀਵਾਲ ਨੇ ਦਿੱਲੀ ਦੇ ਮੰਦਰਾਂ ਦੇ ਪੁਜਾਰੀਆਂ ਅਤੇ ਗੁਰਦੁਆਰਿਆਂ ਦੇ ਗ੍ਰੰਥੀਆਂ ਨੂੰ 18 ਹਜ਼ਾਰ ਰੁਪਏ ਮਹੀਨਾ ਦੇਣ ਦਾ ਐਲਾਨ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਮਸਜਿਦਾਂ ਦੇ ਇਮਾਮਾਂ ਨੂੰ 17 ਹਜ਼ਾਰ ਰੁਪਏ ਮਹੀਨਾ ਮਿਲਦਾ ਹੈ। ਹਾਲਾਂਕਿ ਇਮਾਮਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪਿਛਲੇ 17 ਮਹੀਨਿਆਂ ਤੋਂ ਤਨਖ਼ਾਹ ਨਹੀਂ ਮਿਲੀ ਹੈ। ਇਸ ਸਿਲਸਿਲੇ 'ਚ ਇਮਾਮਾਂ ਦਾ ਇਕ ਵਫ਼ਦ ਪਿਛਲੇ ਦਿਨੀਂ ਕੇਜਰੀਵਾਲ ਨਾਲ ਮਿਲਣ ਪਹੁੰਚਿਆ ਸੀ, ਪਰ ਉਨ੍ਹਾਂ ਨੇ ਮਿਲਣ ਤੋਂ ਇਨਕਾਰ ਕਰ ਦਿੱਤਾ। ਦਰਅਸਲ ਉਹ ਨਹੀਂ ਚਾਹੁੰਦੇ ਕਿ ਇਸ ਸਮੇਂ ਇਮਾਮਾਂ ਦੇ ਨਾਲ ਤਸਵੀਰ ਸਾਹਮਣੇ ਆਏ।

# ਅਸਲ ਗਹਿਣਾ !

**ਲਿਖਤ : ਸਰਬਜੀਤ ਲੌਂਗੀਆਂ ਜਰਮਨੀ**

ਹੱਸ, ਬੰਦ, ਹਾਰ, ਹਮੇਲ, ਸੱਗੀ, ਫੁੱਲੀਆਂ, ਕੰਢੀਆਂ, ਬਾਜੂਬੰਦ, ਚੂੜਾ, ਪਿੱਪਲ ਪੱਤੀਆਂ, ਰੇਲਾਂ, ਮਾਮੇ ਮੁਰਕੀਆਂ, ਟੋਕਾਂ, ਝੁੰਮਰ ਸੂਈ,ਟਿੱਕਾ, ਨੱਥ, ਮਛਲੀ , ਡੰਡੀਆਂ , ਕੋਕਾ, ਰਾਣੀ ਹਾਰ , ਕਲਿੱਪ ਆਦਿ ਭਾਵੇਂ ਪੁਰਾਣੇ ਵਕਤ ਵਿੱਚ ਪੰਜਾਬੀ ਵਿਰਸੇ ਦੇ ਔਰਤ ਦੇ ਰੋਜ਼ ਮੱਰਾ ਦੇ ਗਹਿਣੇ ਹੁੰਦੇ ਸਨ । ਕੋਈ ਔਰਤ ਵੱਧ ਗਹਿਣੇ ਪਹਿਨਣਾ ਪਸੰਦ ਕਰਦੀ ਸੀ ਤੇ ਕੋਈ ਬਹੁਤ ਘੱਟ। ਅਸੀਂ ਦੇਖ ਸਕਦੇ ਹਾਂ ਤੇ ਮੰਨ ਵੀ ਸਕਦੇ ਹਾਂ ਕਿ ਮਰਦਾ ਦੇ ਮੁਕਾਬਲੇ ਔਰਤਾਂ ਦੇ ਗਹਿਣੇ ਬਹੁਤ ਜ਼ਿਆਦਾ ਹੁੰਦੇ ਸਨ ਤੇ ਇਹ ਪਹਿਨਦੀਆਂ ਵੀ ਜ਼ਿਆਦਾ ਸਨ।

ਬੀਤ ਚੁੱਕੇ ਵਕਤ ਵਿੱਚ ਜਾ ਫੇਰ ਕਹਿ ਲਉ ਸੰਨ 1950-70 ਦੇ ਵਕਤ ਵਿੱਚ ਔਰਤਾਂ ਕੋਲ ਜ਼ਿਆਦਾ ਅਸਲ ਸੋਨੇ ਚਾਂਦੀ ਦੇ ਗਹਿਣੇ ਹੁੰਦੇ ਸਨ। ਪਰ ਅੱਜ ਦੇ ਦਿਖਾਵੇ ਵਾਲੇ ਤੇ ਮਹਿੰਗਾਈ ਦੇ ਜ਼ਮਾਨੇ ਵਿੱਚ ਹਰ ਔਰਤ ਸੋਨਾ ਚਾਂਦੀ ਨਹੀਂ ਖਰੀਦ ਸਕਦੀ। ਜੋ ਔਰਤਾਂ ਸੋਨਾ ਚਾਂਦੀ ਨਹੀਂ ਖਰੀਦ ਸਕਦੀਆਂ ਉਹ ਚੱਲ ਰਹੇ ਨਕਲੀ ਗਹਿਣੇ ਪਾ ਕੇ ਆਪਣਾ ਮਨ ਪਰਚਾ ਸਕਦੀਆਂ ਹਨ। ਉਹ ਨਕਲੀ ਗਹਿਣੇ ਪਾ ਕੇ ਵੀ ਸ਼ਿੰਗਾਰ ਕਰ ਸਕਦੀਆਂ ਹਨ। ਅੱਜ ਭਾਵੇਂ ਹਾਰ ਸ਼ਿੰਗਾਰ ਦੇ ਸਾਧਨ ਬਹੁਤ ਜ਼ਿਆਦਾ ਹਨ ਤੇ ਮਹਿੰਗੇ ਵੀ ਬਹੁਤ ਹੀ ਜ਼ਿਆਦਾ ਹਨ। ਜੋ ਸਾਦਾ ਜਿਹਾ ਸ਼ਿੰਗਾਰ ਕਰਕੇ ਪੁਰਾਣੇ ਤੇ ਭਲੇ ਜ਼ਮਾਨੇ ਵਿੱਚ ਸਵਾਣੀਆਂ ਸਜਦੀਆਂ ਸਨ ਉਹ ਅੱਜ ਦੀਆਂ ਸਵਾਣੀਆਂ ਲੱਖਾਂ ਦਾ ਸ਼ਿੰਗਾਰ ਕਰਕੇ ਵੀ ਨਹੀਂ ਸਜਦੀਆਂ । ਕਈ ਵਾਰ ਤਾਂ ਵਿਆਹ ਸ਼ਾਦੀਆਂ ਵਿੱਚ ਵੇਖਿਆ ਗਿਆ ਕਿ ਹਾਰ ਸ਼ਿੰਗਾਰ ਕਰਨ ਤੋਂ ਬਾਅਦ ਕੁੜੀ ਨੂੰ ਉਸ ਦੇ ਆਪਣੇ ਪਰਿਵਾਰ ਵਾਲੇ ਵੀ ਨਹੀਂ ਪਛਾਣਦੇ। ਅੱਜ ਦੇ ਮੁਕਾਬਲੇ ਪੁਰਾਣੇ ਜ਼ਮਾਨੇ ਦੀਆਂ ਔਰਤਾਂ ਘੱਟ ਸ਼ਿੰਗਾਰ ਕਰਕੇ ਵੀ ਕਿਉਂ ਜ਼ਿਆਦਾ ਸਜਦੀਆਂ ਸਨ ? ਉਸ ਦਾ ਵੱਡਾ ਕਾਰਣ ਸੀ ਔਰਤ ਦਾ ਦੂਜੇ ਗਹਿਣਿਆਂ ਦੇ ਨਾਲ ਨਾਲ ਸਿਰ ਢੱਕਣਾਂ ਜਾ ਪੱਲਾ ਕਰਕੇ ਰੱਖਣਾ ਜਿਸ ਨੂੰ ਅਸੀਂ ਔਰਤ ਦਾ ਅਸਲ ਗਹਿਣਾ ਸੰਗ (ਸ਼ਰਮ) ਵੀ ਆਖ ਸਕਦੇ ਹਾਂ। ਹਰ ਧੀ ਨੂੰ ਘਰ ਬਾਹਰ ਬੇਬੇ ਬਾਪੂ ਤੇ ਵੱਡੇ ਵੀਰਾ ਦਾ ਡਰ ਹੁੰਦਾ ਸੀ , ਹਰ ਨੂੰਹ ਨੂੰ ਪੇਕੇ ਸਹੁਰੇ ਦੋਵਾਂ ਪਰਿਵਾਰਾਂ ਦਾ ਡਰ ਹੁੰਦਾ ਸੀ। ਇੱਥੇ ਡਰ ਦਾ ਭਾਵ ਸਤਿਕਾਰ ਹੈ ਨਾ ਕਿ ਕੁੱਟ ਮਾਰ ਦਾ ਡਰ। ਜਿਸ ਦਾ ਔਰਤ ਜਿੰਨਾ ਜ਼ਿਆਦਾ ਸਤਿਕਾਰ ਕਰਦੀ ਸੀ ਉਸ ਦਾ ਉੱਨਾਂ ਜ਼ਿਆਦਾ ਡਰ ਵੀ ਰੱਖਦੀ ਸੀ। ਪਿੰਡ ਦੀਆਂ ਬਜ਼ੁਰਗ ਔਰਤਾਂ ਪਿੰਡ ਦੇ ਹਰ ਸਹੁਰੇ ਦਦਿਅਹੁਰਾ ਦੀ ਇੱਜ਼ਤ ਕਰਦੀਆਂ ਸਨ ਤੇ ਸਭ ਤੋਂ ਪੱਲਾ ਕਰਦੀਆਂ ਸਨ । ਔਰਤ ਜਿੰਨੀ ਲੁਕੀ ਹੁੰਦੀ ਸੀ ਉੱਨੀ ਜ਼ਿਆਦਾ ਇੱਜ਼ਤ ਵਾਲੀ ਸੀ । ਅੱਜ ਜ਼ਮਾਨਾ ਬਦਲ ਗਿਆ ਨਾ ਸਿਰ ਤੇ ਚੁੰਨੀ ਰਹੀ , ਨਾ ਵਾਲ ਬੱਝੇ ਰਹੇ, ਨਾ ਰਿਹਾ ਔਰਤ ਦਾ ਆਪਣਾ ਸਤਿਕਾਰ , ਨਾ ਰਿਹਾ ਔਰਤ ਨੂੰ ਕਿਸੇ ਦਾ ਸਤਿਕਾਰ , ਤੇ ਨਾ ਰਿਹਾ ਡਰ। ਹਾਂ ਇਹ ਸਾਰੀਆਂ ਔਰਤਾਂ ਤੇ ਲਾਗੂ ਨਹੀਂ ਹੁੰਦਾ । ਅੱਜ ਵੀ ਕੁਝ ਅਜਿਹੀਆਂ ਸੁਲਝੀਆਂ ਹੋਈਆ ਔਰਤਾਂ ਹਨ ਜੋ ਸਿਰ ਢੱਕ ਕੇ ਰੱਖਦੀਆਂ ਹਨ ਤੇ ਲੋੜ ਪੈਣ ਤੇ ਪੱਲਾ ਵੀ ਕਰਦੀਆਂ ਹਨ। ਸਿਜਦਾ ਹੈ ਉਹਨਾਂ ਔਰਤਾਂ ਨੂੰ ਜੋ ਪੰਜਾਬੀ ਵਿਰਸੇ ਨੂੰ ਅੱਜ ਵੀ ਸਮੋਈ ਬੈਠੀਆਂ ਹਨ, ਉਹ ਔਰਤਾਂ ਹੀ ਪੰਜਾਬੀ ਵਿਰਸੇ ਦੀਆਂ ਅਸਲ ਵਾਰਸਾ ਕਹਾਉਣ ਦੀਆਂ ਹੱਕਦਾਰ ਹਨ।

ਬਹੁਤ ਦੁੱਖ ਹੁੰਦਾ ਹੈ ਜਦੋਂ ਭਾਈ ਜੀ ਵਿਆਹ ਸ਼ਾਦੀਆਂ ਵਿੱਚ ਅਰਦਾਸ ਕਰਦਾ ਹੈ ਤੇ ਸਾਡੀਆਂ ਆਪਣੇ ਆਪ ਨੂੰ ਬਹੁਤ ਵੱਡੀਆ ਮਾਡਲ ਸਮਝਣ ਵਾਲੀਆਂ ਬੀਬੀਆਂ ਸਿਰ ਨੰਗੇ ਅਰਦਾਸ ਵਿੱਚ ਹਾਜ਼ਰੀ ਲਵਾਉਂਦੀਆਂ ਹਨ।

ਕਿਸ ਤਰਾਂ ਦਾ ਸੀ ਸਾਡਾ ਅਮੀਰ ਵਿਰਸਾ ਤੇ ਅਸੀਂ ਕਿਉਂ ਰੋਲ ਦਿੱਤਾ? ਕਿਉਂ ਵਿਸਾਰ ਦਿੱਤਾ? ਕਿਉਂ ਭੁੱਲ ਗਏ ? ਪੰਜਾਬੀ ਵਿਰਸੇ ਤੋਂ ਉੱਪਰ ਹੈ ਵਿਰਸਾ ਕੋਈ ਹੋਰ ?

# ਸੋਸ਼ਲ ਮੀਡੀਆ ਤੇ ਮਾਨਸਿਕ ਸਿਹਤ: ਇੱਕ ਖਤਰਨਾਕ ਜੰਗ

**ਲਿਖਤ : ਹਰਕੀਰਤ ਕੌਰ**
**ਸੰਪਰਕ : 9779118066**



ਅਸੀਂ ਜਿਸ ਸਮੇਂ ਦੇ ਪ੍ਰਵਾਹ ਵਿਚੋਂ ਗੁਜ਼ਰ ਰਹੇ ਹਾਂ ਇਹ ਉਹ ਸਮਾਂ ਹੈ ਜਿੱਥੇ ਜਿਆਦਾਤਰ ਲੋਕਾਂ ਦੇ ਦਿਨ ਦੀ ਸ਼ੁਰੂਆਤ ਅਤੇ ਸਮਾਪਤੀ ਮੋਬਾਇਲ ਫੋਨ ਤੋਂ ਹੀ ਹੁੰਦੀ ਹੈ। ਦੇਰ ਰਾਤ ਤੱਕ ਫੋਨ ਦੇਖਦੇ ਬੰਦੇ ਨੂੰ ਸਵੇਰੇ ਉੱਠਦੇ ਸਾਰ ਇਹ ਵੇਖਣ ਦੀ ਕਾਹਲ ਹੁੰਦੀ ਹੈ ਕਿ ਨੀਂਦ ਵਿੱਚ ਬਿਤਾਏ ਛੇ ਸੱਤ ਘੰਟਿਆਂ ਵਿੱਚ ਕਿਹੜੇ ਨਵੇਂ ਸੁਨੇਹੇ ਆਏ , ਕਿਹੜੀਆਂ ਕਿਹੜੀਆਂ ਐਪਸ ਤੋਂ ਨੋਟੀਫਿਕੇਸ਼ਨਾਂ ਆਈਆਂ, ਉਸ ਦੁਆਰਾ ਪੋਸਟ ਕੀਤੀ ਵੀਡੀਓ, ਫੋਟੋ ਉੱਪਰ ਕਿੰਨੇ ਲਾਈਕ ਤੇ ਕੁਮੈਂਟ ਆਏ। ਸੋਸ਼ਲ ਮੀਡੀਆ ਦੀ ਵਰਤੋਂ ਹਰ ਰੋਜ਼ ਵਧ ਰਹੀ ਹੈ ਅਤੇ ਇਸ ਦੇ ਨਾਲ ਹੀ ਵੱਧ ਰਹੀਆਂ ਹਨ ਮਾਨਸਿਕ ਸਿਹਤ ਦੀਆਂ ਸਮੱਸਿਆਵਾਂ ! ਇਹ ਇੱਕ ਚਿੰਤਾਜਨਕ ਸਥਿਤੀ ਹੈ ਜਿਸ ਨੂੰ ਅਸੀਂ ਨਜ਼ਰਅੰਦਾਜ਼ ਨਹੀਂ ਕਰ ਸਕਦੇ।

ਅੱਜ ਸ਼ੋਸ਼ਲ ਮੀਡੀਆ ਇੱਕ ਦਲਦਲ ਬਣ ਚੁੱਕਾ ਹੈ, ਜਿਸ ਵਿੱਚ ਉਮਰ ਦੇ ਹਰ ਵਰਗ ਦੇ ਲੋਕ ਸ਼ਾਮਿਲ ਹਨ, ਕੀ ਬਜ਼ੁਰਗ, ਕੀ ਬੱਚੇ , ਕੀ ਜਵਾਨ ਹਰ ਕੋਈ ਸ਼ੋਸ਼ਲ ਮੀਡੀਆ ਦੀਆਂ ਜ਼ੰਜ਼ੀਰਾਂ ਵਿੱਚ ਜਕੜਿਆ ਹੋਇਆ ਹੈ, ਏਦਾਂ ਲੱਗਦਾ ਹੈ ਮਨੁੱਖ ਮੋਬਾਇਲ ਫੋਨ ਨੂੰ ਨਹੀਂ ਚਲਾ ਰਿਹਾ ਬਲਕਿ ਮੋਬਾਇਲ ਫੋਨ ਮਨੁੱਖ ਨੂੰ ਚਲਾ ਰਿਹਾ ਹੈ । ਦੁਨੀਆਂ ਵਿੱਚ ਜਿਹੜੀ ਵੀ ਕਾਢ ਕੱਢੀ ਜਾਂਦੀ ਹੈ ਉਸਦਾ ਮਕਸਦ ਮਨੁੱਖ ਨੂੰ ਸਹੂਲਤਾਂ ਪ੍ਰਦਾਨ ਕਰਨਾ ਹੁੰਦਾ ਹੈ, ਪਰੰਤੂ ਇਹ ਸਹੂਲਤਾਂ ਅੱਜ ਮਨੁੱਖ ਲਈ ਮੁਸੀਬਤਾਂ ਸਾਬਿਤ ਹੋ ਰਹੀਆਂ ਹਨ। ਇੰਟਰਨੈੱਟ, ਸ਼ੋਸ਼ਲ ਮੀਡੀਆ ਐਪਸ ਵੀ ਮਨੁੱਖੀ ਸੰਚਾਰ ਨੂੰ ਹੋਰ ਬਿਹਤਰ ਅਤੇ ਆਸਾਨ ਬਣਾਉਣ ਲਈ ਤਿਆਰ ਕੀਤੀਆਂ ਗਈਆਂ ਸਨ , ਤਾਂ ਜੋ ਮਨੁੱਖ ਆਪਣੇ ਨਜ਼ਦੀਕੀਆਂ ਨਾਲ ਬਿਹਤਰ ਰਾਬਤਾ ਬਣਾ ਸਕੇ, ਪਰ ਜੋ ਸਿੱਟੇ ਨਿਕਲ ਕੇ ਸਾਹਮਣੇ ਆਏ ਉਹ ਭਿਆਨਕ ਹਨ, ਪਰਿਵਾਰ ਦੇ ਮੈਂਬਰ ਇੱਕ ਦੂਸਰੇ ਕੋਲੋਂ ਦੂਰ ਹੋ ਰਹੇ ਹਨ ਅਤੇ ਅਣਜਾਣ ਲੋਕਾਂ ਦੇ ਨਜ਼ਦੀਕ ਆ ਰਹੇ ਹਨ । ਪਰਿਵਾਰ ਦਾ ਹਰ ਮੈਂਬਰ ਆਪਣੇ ਆਪਣੇ ਕਮਰਿਆਂ ਵਿੱਚ ਆਪਣੇ ਆਪਣੇ ਫੋਨਾਂ ਨਾਲ ਵਿਆਸਥ ਰਹਿੰਦੇ ਹਨ, ਕਿਸੇ ਕੋਲ ਆਪਣਿਆਂ ਨਾਲ ਬੈਠਣ ਦਾ ਸਮਾਂ ਨਹੀਂ ਹੈ, ਮਾਪੇ ਇਕੱਲਤਾ ਦਾ ਸ਼ਿਕਾਰ ਹੋ ਰਹੇ ਹਨ , ਛੋਟੇ ਬੱਚੇ ਮਾਪਿਆਂ ਦੇ ਸਾਥ ਤੋਂ ਵਾਂਝੇ ਰਹਿ ਰਹੇ ਹਨ। ਜਿਸ ਕਾਰਣ ਹਰ ਇੱਕ ਦੀ ਮਾਨਸਿਕ ਸਿਹਤ ਉੱਪਰ ਬੁਰਾ ਪਝਭਾਵ ਪੈ ਰਿਹਾ ਹੈ।

ਸ਼ੋਸ਼ਲ ਮੀਡੀਆ ਦਾ ਦੂਸਰਾ ਘਾਤਕ ਰੂਪ ਇਹ ਹੈ ਕਿ ਇਹ ਮਨੁੱਖ ਵਿੱਚ ਪਰਾਈ ਤਾਤ ਅਤੇ ਅਸੰਤੁਸ਼ਟੀ ਪੈਦਾ ਕਰ ਰਿਹਾ ਹੈ, ਸੋਸ਼ਲ ਮੀਡੀਆ ਦੀ ਵਰਤੋਂ ਨਾਲ ਲੋਕਾਂ ਵਿੱਚ ਤੁਲਨਾ ਦੀ ਭਾਵਨਾ ਪੈਦਾ ਹੁੰਦੀ ਹੈ, ਜੋ ਉਨ੍ਹਾਂ ਦੀ ਮਾਨਸਿਕ ਸਿਹਤ ਨੂੰ ਪ੍ਰਭਾਵਿਤ ਕਰਦੀ ਹੈ। ਇਸ ਤੋਂ ਇਲਾਵਾ, ਸੋਸ਼ਲ ਮੀਡੀਆ ਦੀ ਵਰਤੋਂ ਨਾਲ ਲੋਕ ਆਪਣੇ ਜੀਵਨ ਨੂੰ ਝੂਠੇ ਰੰਗਾਂ ਵਿੱਚ ਪੇਸ਼ ਕਰਦੇ ਹਨ, ਜੋ ਹੋਰਨਾਂ ਨੂੰ ਨਿਰਾਸ਼ ਕਰਦਾ ਹੈ । ਪਰ ਅਸੀਂ ਇਹ ਭੁੱਲ ਜਾਂਦੇ ਹਾਂ ਕਿ ਸ਼ੋਸ਼ਲ ਮੀਡੀਆ ਉੱਪਰ ਸਿਰਫ਼ ਓਹੀ ਦਿਖਾਇਆ ਜਾ ਰਿਹਾ ਹੈ, ਜੋ ਉਹ ਦਿਖਾਉਣਾ ਚਾਹੁੰਦੇ ਹਨ ਅਤੇ ਜਿਸ ਨਾਲ ਵੱਧ ਵਿਊਜ, ਲਾਈਕ ਤੇ ਕੁਮੈਂਟ ਆਉਂਦੇ ਹਨ। ਇਹਨਾਂ ਵੀਡੀਓਜ਼ ਪਿਛਲੀ ਹਕੀਕਤ, ਸੱਚਾਈ ਸਾਡੇ ਤੋਂ ਕੋਹਾਂ ਦੂਰ ਹੁੰਦੀ ਹੈ ।

ਏਨਾਂ ਹੀ ਨਹੀਂ ਜਦੋਂ ਤੋਂ ਸੋਸ਼ਲ ਮੀਡੀਆ ਦੀ ਵਰਤੋਂ ਵਧੀ ਹੈ, ਉਦੋਂ ਤੋਂ ਮਨੁੱਖ ਸੰਜੀਦਾ ਜਾਣਕਾਰੀ ਦੇ ਸਰੋਤ ਅਖਬਾਰਾਂ, ਕਿਤਾਬਾਂ, ਰਸਾਲਿਆਂ ਨਾਲੋਂ ਟੁੱਟ ਗਿਆ ਹੈ। ਹੱਦ ਤੋਂ ਵੱਧ ਅਤੇ ਬੇਲੋੜੀ ਜਾਣਕਾਰੀ ਮਨੁੱਖ ਦੇ ਦਿਮਾਗ ਉੱਪਰ ਬੋਝ ਬਣ ਰਹੀ ਹੈ। ਜਿਸ ਕਾਰਣ ਸਾਰਾ ਦਿਨ ਤਣਾਅ ਵਿੱਚ ਰਹਿਣਾ, ਨੀਂਦ ਨਾ ਆਉਣਾ, ਯਾਦਦਾਸ਼ਤ ਦਾ ਕਮਜ਼ੋਰ ਹੋਣਾ, ਅੱਖਾਂ ਦੀ ਰੋਸ਼ਨੀ ਘੱਟਣਾ ਆਦਿ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਬਹੁਤ ਸਾਰੇ ਵਿਕਸਿਤ ਦੇਸ਼ਾਂ ਵਿੱਚ ਜਾਗਰੂਕ ਅਤੇ ਬਹੁਤ ਪੜ੍ਹੇ ਲਿਖੇ ਵਿਅਕਤੀ ਦੱਸਦੇ ਹਨ ਕਿ ਉਹ ਸ਼ੋਸ਼ਲ ਮੀਡੀਆ ਦੀ ਦੁਨੀਆਂ ਤੋਂ ਬਿਲਕੁਲ ਦੂਰ ਹਨ, ਉਹਨਾਂ ਦਾ ਕਹਿਣਾ ਹੈ ਕਿ ਸ਼ੋਸ਼ਲ ਮੀਡੀਆ ਕੇਵਲ ਸਮੇਂ ਦੀ ਬਰਬਾਦੀ ਹੀ ਨਹੀਂ ਕਰਦਾ ਬਲਕਿ ਇਸ ਦੀ ਲੰਬੀ ਵਰਤੋਂ ਤੋਂ ਬਾਅਦ ਕਿਸੇ ਵੀ ਚੰਗੇ ਕੰਮ ਜਿਵੇਂ ਕਿ ਪੜ੍ਹਾਈ, ਦਫ਼ਤਰ ਦੇ ਕੰਮ ਵਿੱਚ ਧਿਆਨ ਲਗਾਉਣਾ ਮੁਸ਼ਕਿਲ ਹੋ ਜਾਂਦਾ ਹੈ । ਇਸ ਦੀ ਵਧੇਰੇ ਵਰਤੋਂ ਦਿਮਾਗ ਨੂੰ ਥਕਾ ਦਿੰਦੀ ਹੈ ਜਿਸ ਨਾਲ ਮਨੁੱਖ ਦੀ ਸੋਚਣ ਸ਼ਕਤੀ ਅਤੇ ਚੇਤਨਤਾ ਭੰਗ ਹੁੰਦੀ ਹੈ।

"ਸੋਸ਼ਲ ਮੀਡੀਆ ਅਤੇ ਮਾਨਸਿਕ ਸਿਹਤ ਦੇ ਵਿਚਕਾਰ ਇਕ ਸੰਤੁਲਨ ਬਣਾਉਣਾ ਬਹੁਤ ਜ਼ਰੂਰੀ ਹੈ। ਸੋਸ਼ਲ ਮੀਡੀਆ ਦੀ ਵਰਤੋਂ ਨੂੰ ਸੀਮਿਤ ਰੱਖਣਾ ਅਤੇ ਇਸ ਦੇ ਪ੍ਰਭਾਵਾਂ ਨੂੰ ਸਮਝਣਾ ਅੱਜ ਸਮੇਂ ਦੀ ਪਹਿਲੀ ਮੰਗ ਹੈ। ਆਪਣੀ ਮਾਨਸਿਕ ਸਿਹਤ ਨੂੰ ਬਚਾਉਣ ਲਈ ਸਾਨੂੰ ਇਹ ਸਮਝਣਾ ਹੋਵੇਗਾ ਕਿ ਸ਼ੋਸ਼ਲ ਮੀਡੀਆ ਐਪਸ ਦੀ ਵਰਤੋਂ ਸਾਨੂੰ ਸੰਜਮ ਨਾਲ ਕਰਨੀ ਚਾਹੀਦੀ ਹੈ। ਹਰ ਚੀਜ਼ ਦੀ ਵਰਤੋਂ ਇੱਕ ਹੱਦ ਵਿੱਚ ਹੀ ਸਹੀ ਹੈ ਨਹੀਂ ਤਾਂ ਉਹ ਦਿਨ ਦੂਰ ਨਹੀਂ ਜਿਸ ਦਿਨ ਇਹ ਯੰਤਰ ਮਨੁੱਖਾਂ ਨੂੰ ਪੂਰੀ ਤਰ੍ਹਾਂ ਆਪਣੇ ਨਿਯੰਤਰਣ ਵਿੱਚ ਲੈ ਲੈਣਗੇ ਅਤੇ ਮਨੁੱਖ ਕੋਲ ਬਚੇਗੀ ਕੇਵਲ ਸਰੀਰਕ ਅਤੇ ਮਾਨਸਿਕ ਗੁਲਾਮੀ। ਜੇਕਰ ਅਸੀਂ ਅੱਜ ਸ਼ੋਸ਼ਲ ਮੀਡੀਆ ਦੀ ਵਰਤੋਂ ਸਾਰਥਕ ਦਿਸ਼ਾ ਵਿੱਚ ਨਹੀਂ ਕਰਦੇ ਤਾਂ ਵਿਗਿਆਨ ਅਤੇ ਅਧੁਨਿਕਤਾ ਦੀ ਇਸ ਜੰਗ ਵਿੱਚ ਮਨੁੱਖ ਆਪਣੀ ਮਾਨਸਿਕ ਅਤੇ ਸਰੀਰਕ ਸਿਹਤ ਹਾਰ ਜਾਵੇਗਾ, ਮਨੁੱਖ ਪੱਲੇ ਬਚੇਗੀ ਤਾਂ ਸਿਰਫ਼ ਨਾਮੋਸ਼ੀ।

# ਪੰਜਾਬੀ ਸਾਹਿਤ ਪੜ੍ਹਨ ਦਾ ਘਟ ਰਿਹਾ ਰੁਝਾਨ – ਇੱਕ ਚਿੰਤਾ ਦਾ ਵਿਸ਼ਾ

**ਲਿਖਤ : ਕੁਲਦੀਪ ਸਿੰਘ ਢਿੱਲੋਂ**
**ਸੰਪਰਕ : 98559-64276**

ਕਿਤਾਬਾਂ ਸਾਡੀ ਜਿੰਦਗੀ ਵਿੱਚ ਬਹੁਤ ਅਹਿਮ ਥਾਂ ਰੱਖਦੀਆਂ ਹਨ। ਇਹ ਮਨੁੱਖ ਦੇ ਜੀਵਨ ਵਿੱਚ ਬਹੁਤ ਵੱਢੀਆਂ ਤਬਦੀਲੀਆਂ ਲਿਆ ਸਕਦੀਆਂ ਹਨ। ਜੇਕਰ ਕਿਸੇ ਵਿਗੜੇ ਹੋਏ ਬੰਦੇ ਨੂੰ ਚੰਗੀਆਂ ਕਿਤਾਬਾਂ ਪੜ੍ਹਨ ਲਈ ਦਿੱਤੀਆਂ ਜਾਣ ਤਾਂ ਉਹ ਬਹੁਤ ਤੇਜ਼ੀ ਨਾਲ ਉਹਨਾਂ ਦੇ ਪ੍ਰਭਾਵ ਹੇਠ ਆ ਕੇ ਸੁਧਰ ਸਕਦਾ ਹੈ। ਅੱਜ ਅਸੀਂ ਆਧੁਨਿਕਤਾ ਦੀ ਨਵੀਂ ਦੋੜ ਵਿੱਚ ਅੱਗੇ ਵੱਲ ਤਾਂ ਵੱਧਦੇ ਜਾ ਰਹੇ ਹਾਂ। ਪਰ ਪਿਛਲਾ ਸਭ ਕੁਝ ਵਿਸਾਰ ਰਹੇਂ ਹਾਂ। ਸਾਡਾ ਸੱਭਿਆਚਾਰ,ਸਾਡਾ ਰਹਿਣ-ਸਹਿਣ, ਗੱਲ ਕੀ ਹਰ ਚੀਜ਼ ਬਦਲ ਗਈ ਹੈ। 'ਅੱਗਾ ਦੋੜ,ਪਿੱਛਾ ਚੋੜ' ਵਾਲੀ ਕਹਾਵਤ ਇੱਥੇ ਲਾਗੂ ਹੁੰਦੀ ਹੈ।

ਪੰਜਾਬੀ ਸਾਡੇ ਪੰਜਾਬ ਦੀ ਮਾਂ-ਬੋਲੀ ਹੈ ਪਰ ਦਿਨੋ ਦਿਨ ਅਸੀਂ ਇਸ ਤੋਂ ਦੂਰ ਹੁੰਦੇ ਜਾ ਰਹੇ ਹਾਂ ਅੱਜ ਸਮਾਂ ਇਹ ਆ ਗਿਆ ਹੈ ਕਿ ਅਸੀਂ ਆਪਣੀ ਹੀ 'ਮਾਂ' ਨੂੰ ਅੱਖੋਂ ਪਰੋਖੇ ਕਰਦੇ ਜਾ ਰਹੇਂ ਹਾਂ। ਪੰਜਾਬੀ ਨੇ ਸਾਡੀ ਜੁਬਾਨ 'ਚੋਂ' ਤਾਂ ਗਾਇਬ ਹੋਣਾ ਹੀ ਸੀ, ਕਿਓਂ ਸਕੂਲਾਂ,ਕਾਲਜਾਂ 'ਚੋਂ' ਵੀ ਗਾਇਬ ਹੋ ਰਹੀ ਹੈ।ਪੰਜਾਬੀ ਭਾਸ਼ਾ ਨੂੰ ਦਿਨੋਂ ਦਿਨ ਅਸੀਂ ਖਤਮ ਕਰਦੇ ਜਾ ਰਹੇਂ ਹਾਂ। ਪੰਜਾਬੀ ਭਾਸ਼ਾ ਵਿੱਚ ਪਾਠਕਾਂ ਵਿੱਚ ਕਿਤਾਬਾਂ ਪੜ੍ਹਣ ਦੀ ਰੁਚੀ ਬਹੁਤ ਘੱਟ ਰਹੀ ਹੈ। ਇਹ ਇੱਕ ਬਹੁਤ ਵੱਡਾ ਚਿੰਤਾ ਦਾ ਵਿਸ਼ਾ ਹੈ। ਪੜ੍ਹਨ ਦੀ ਰੁਚੀ ਬਚਪਨ ਵਿੱਚ ਹੀ ਪੈ ਜਾਵੇ ਤਾਂ ਬੜੀ ਚੰਗੀ ਗੱਲ ਹੈ,ਨਹੀਂ ਤਾਂ ਮੁੜ ਪੈਦਾ ਨਹੀਂ ਹੁੰਦੀ। ਇਸ ਵਾਸਤੇ ਮਾਪਿਆਂ ਤੇ ਅਧਿਆਪਕਾਂ ਨੂੰ ਮਿਹਨਤ ਕਰਨ ਦੀ ਲੋੜ ਹੁੰਦੀ ਹੈ। ਮੇਰੇ ਖਿਆਲ ਵਿੱਚ ਜੇ ਬੱਚਿਆਂ ਨੂੰ ਕਿਤਾਬਾਂ ਪੜ੍ਹਨ ਦੇ ਲਾਭ ਦੱਸੇ ਜਾਣ ਤਾਂ ਉਹਨਾਂ ਦੀ ਰੁਚੀ ਕਿਤਾਬਾਂ ਪੜ੍ਹਨ ਵੱਲ ਹੋ ਜਾਵੇਗੀ ਜੇ ਨਾਂ ਦੱਸੇ ਜਾਣ ਤਾਂ ਕਦੀ ਵੀ ਨਹੀਂ ਹੁੰਦੀ। ਸਕੂਲ ਦੇ ਪਾਠਕ੍ਰਮ ਵਿੱਚ ਵੀ ਹੁਣ ਕਿਤਾਬਾਂ ਦੀ ਘਾਟ ਹੈ। ਭਾਵੇਂ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਲਈ ਹਰੇਕ ਵਿਸ਼ੇ ਦੀਆਂ ਪਾਠ-ਪੁਸਤਕਾਂ ਤਾਂ ਦਿੱਤੀਆਂ ਜਾਂਦੀਆਂ ਹਨ, ਪਰ ਬੱਚਿਆਂ ਨੂੰ ਨਹੀਂ ਮਿਲ ਪਾਉਂਦੀਆਂ। ਕਈਆਂ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਪਾਠ-ਪੁਸਤਕਾਂ ਦੀ ਕੋਈ ਜਾਣਕਾਰੀ ਨਹੀਂ ਹੁੰਦੀ ਤੇ ਦੁੱਖ ਦੀ ਗੱਲ ਤਾਂ ਇਹ ਹੈ ਕਿ ਉਹਨਾਂ ਦੇ ਅਧਿਆਪਕਾਂ ਨੇ ਵੀ ਉਹਨਾਂ ਨੂੰ (ਗਾਈਡਾਂ) ਪਾਠ ਪੁਸਤਕਾਂ ਜਾਂ ਪਾਠ-ਕੁੰਜੀਆਂ ਜਮਾਤਾਂ ਵਿੱਚ ਲਗਵਾ ਰੱਖੀਆਂ ਹੁੰਦੀਆਂ ਨੇ। ਗੱਲ ਕੀ,ਜਦੋਂ 'ਮੁੱਢ' ਨੂੰ ਹੀ ਸ਼ੌਂਕ ਨਹੀਂ ਕਿਤਾਬਾਂ ਦਾ ਤਾਂ ਬੱਚਿਆਂ ਦਾ ਕਿ ਦੋਸ਼ ਹੈ?

ਯੁਵਕਾਂ ਵਿੱਚ ਮਾਪਿਆਂ ਤੇ ਅਧਿਆਪਕਾਂ ਦਾ ਪ੍ਰਭਾਵ ਗ੍ਰਹਿਣ ਕਰਨ ਦੀ ਉਮਰ 11 ਤੋਂ 18 ਸਾਲ ਦੀ ਮੰਨੀ ਜਾਂਦੀ ਹੈ। ਇਸੇ ਉਮਰ ਵਿੱਚ ਉਹਨਾਂ ਵਿੱਚ ਮੁਕਾਬਲੇ ਦੀ ਭਾਵਨਾ ਹੁੰਦੀ ਹੈ। ਚੰਗੀਆਂ ਕਿਤਾਬਾਂ ਦੀ ਹੋਂਦ ਹੋਰ ਚੰਗੀਆਂ ਕਿਤਾਬਾਂ ਪੜ੍ਹਨ ਲਈ ਪ੍ਰੇਰਦੀ ਹੈ। ਇਹ ਗੱਲਾਂ ਵਿਕਸਿਤ ਦੇਸ਼ਾਂ ਵਿੱਚ ਵੱਧ ਹਨ ਪ੍ਰੰਤੂ ਇਹਦੇ ਉਲਟ ਵਿਕਾਸ ਕਰ ਰਹੇ ਦੇਸ਼ਾਂ ਦੇ ਵਿਦਿਆਰਥੀ ਵਧੇਰੇ ਕਰਕੇ ਇਮਤਿਹਾਨ ਪਾਸ ਕਰਨ ਲਈ ਹੀ ਪੜ੍ਹਦੇ ਹਨ। 2003 ਦੇ ਇੱਕ ਅੰਤਰਰਾਸ਼ਟਰੀ ਸਰਵੇਖਣ ਅਨੁਸਾਰ ਜੇ ਬਰਤਾਨੀਆਂ ਦੇ ਬਹੁਤੇ ਨੌਜੁਆਨ ਮੋਜ ਮਸਤੀ ਲਈ ਪੜ੍ਹਦੇ ਸਨ ਤਾਂ ਵਿਕਾਸ ਕਰ ਰਹੇ ਦੇਸ਼ਾਂ ਦੇ ਵਿਦਿਆਰਥੀ ਕੇਵਲ ਇਮਤਿਹਾਨ ਵਿੱਚ ਚੰਗੇ ਨੰਬਰ ਲੈਣ ਲਈ। ਪ੍ਰੰਤੂ ਸਾਨੂੰ ਵਿਕਸਿਤ ਦੇਸ਼ਾਂ ਦੇ ਰਾਹ ਤੁਰਨ ਦੀ ਲੋੜ ਹੈ। ਮਾਪੇ ਅਤੇ ਅਧਿਆਪਕ ਪੰਜਾਬੀ ਪੁਸਤਕਾਂ ਜਾਂ ਪੰਜਾਬੀ ਸਾਹਿਤ ਪੜ੍ਹਨ ਵਿੱਚ ਬਹੁਤ ਬੱਚਿਆਂ ਦੀ ਬਹੁਤ ਮਦਦ ਕਰ ਸਕਦੇ ਹਨ। ਜਿੰਨਾਂ ਘਰਾਂ ਤੇ ਸਕੂਲਾਂ ਦੀਆਂ ਲਾਇਬ੍ਰੇਰੀਆਂ ਵਿੱਚ ਪ੍ਰੇਰਨਾਦਾਇਕ ਪੁਸਤਕਾਂ ਦਾ ਭੰਡਾਰ ਅਮੀਰ ਹੁੰਦਾ ਹੈ ਉਹਨਾਂ ਦੇ ਬੱਚੇ ਤੇ ਵਿਦਿਆਰਥੀ ਸਾਹਿਤ ਸਿਰਜਣਾ ਨਾਲ ਸੰਬੰਧਿਤ ਅਮਲਾਂ ਵਿੱਚ ਸਭ ਤੋਂ ਅੱਗੇ ਹੁੰਦੇ ਹਨ। ਅਸਲ ਵਿੱਚ ਪੜ੍ਹਨ ਦੀ ਆਦਤ ਘਰਦਿਆਂ ਦੀ ਪਾਈ ਜਾਦੀਂ ਹੈ ਤੇ ਸਕੂਲ ਵਿੱਚ ਜਾ ਕੇ ਪੱਕਦੀ ਐ ਬਾਕੀ ਦੇ ਜੀਵਨ ਵਿੱਚ ਲਾਭ ਦਿੰਦੀ ਹੈ। ਪੜੇ-ਲਿਖੇ ਪੰਜਾਬੀਆਂ ਨੂੰ ਇਹ ਗੱਲ ਗ੍ਰਹਿਣ ਕਰਨ ਦੀ ਲੋੜ ਹੈ ਕਿ ਪੜ੍ਹਨਾ-ਪੜ੍ਹਾਉਣਾ ਤੇ ਇਸਦੇ ਲਾਭਾਂ ਨੂੰ ਗ੍ਰਹਿਣ ਕਰਨਾ ਆਪਣੇ ਆਪ ਵਿੱਚ ਉੱਤਮ ਅਮਲ ਹੈ। ਇਹੀ ਪੁਸਤਕ ਸੱਭਿਆਚਾਰ ਹੈ।

ਦੁੱਖ ਦੀ ਗੱਲ ਇਹ ਹੈ ਕਿ ਸਾਰੀ ਦੁਨੀਆਂ ਵਿੱਚ ਹੀ ਰੁਝੇਵੇਂ ਵੱਧ ਹੋਣ ਕਾਰਨ ਕਿਤਾਬਾਂ ਪੜ੍ਹਨ ਦੀ ਆਦਤ ਦਿਨ-ਬ-ਦਿਨ ਘੱਟ ਰਹੀ ਹੈ। ਖਾਸ ਕਰਕੇ 22 ਤੋਂ 35 ਸਾਲ ਦੀ ਉਮਰ ਦੇ ਲੋਕਾਂ ਵਿੱਚ ਜਿਹੜੇ ਇਸਦੇ ਥੰਮ ਹੁੰਦੇ ਹਨ। ਇਸ ਘਾਟ ਦਾ ਜਿੰਮੇਵਾਰ ਬਿਜਲਈ ਮੀਡੀਆ ਤੇ ਇੱਕ ਦੂਜੇ ਨੂੰ ਪਛਾੜਨ ਵਿੱਚ ਲੱਗੀ ਹੋੜ ਦਾ ਹੋਣਾ ਹੈ। ਜਿਹੜਾ ਕਿ ਪੜ੍ਹਨ ਲਈ ਕੋਈ ਸਮਾਂ ਹੀ ਨਹੀਂ ਛੱਡਦਾ। ਇੱਕ ਗੱਲ ਇਹ ਵੀ ਹੈ ਕਿ ਮੌਜ ਮੇਲੇ ਲਈ ਪੰਜਾਬੀ ਦੀਆਂ ਕਿਤਾਬਾਂ ਹੀ ਕੰਮ ਆਉਂਦੀਆਂ ਨੇ ਤੇ ਦੂਜਿਆਂ ਭਾਸ਼ਾਵਾਂ ਦੀਆਂ ਕਿਤਾਬਾਂ ਦੀ ਵਾਰੀ ਬਾਅਦ 'ਚ' ਆਉਂਦੀ ਹੈ। ਪੰਜਾਬੀਆਂ ਦੀ ਦੂਜੀ ਪਸੰਦ ਹਿੰਦੀ ਤੇ ਅੰਗਰੇਜ਼ੀ ਭਾਸ਼ਾ ਹੈ। ਪ੍ਰੰਤੂ ਪੰਜਾਬੀ ਦੇ ਪਾਠਕਾਂ ਦੀ ਗਿਣਤੀ ਦਾ ਘਟਣਾ ਇੱਕ ਗੰਭੀਰ ਵਿਸ਼ਾ ਹੈ।

ਵਿਚਾਰੀ ਸਾਡੀ ਮਾਂ ਬੋਲੀ ਪੰਜਾਬੀ ਨੂੰ ਪਹਿਲੀ ਮਾਰ ਪੰਜਾਬ ਦਾ ਦਾਇਰਾ ਛੋਟਾ ਹੋਣ ਕਾਰਨ ਪਈ ਤੇ ਦੂਜੀ ਪੰਜਾਬੀ ਪ੍ਰਤੀ ਪੈਦਾ ਹੋਈ ਨਿਰਮੋਹੀ ਬਿਰਤੀ ਸਦਕਾ। ਜਦੋਂ ਦੇਸ਼ ਵੰਡ ਬਾਅਦ ਏਧਰਲਾ ਪੰਜਾਬ, ਹਰਿਆਣਾ, ਪੰਜਾਬ ਤੇ ਹਿਮਾਚਲ ਪ੍ਰਦੇਸ਼ ਤਿੰਨ ਰਾਜਾਂ ਵਿੱਚ ਵੰਡਿਆਂ ਗਿਆ। ਜਿਹੜੀ ਪੰਜਾਬੀ 1966 ਤੱਕ ਤਿੰਨ ਦੇ ਤਿੰਨ ਰਾਜਾਂ ਵਿੱਚ ਪੜ੍ਹੀ ਜਾਂਦੀ ਸੀ ਉਹ ਅਜੋਕੇ ਪੰਜਾਬ ਤੱਕ ਸੀਮਤ ਹੋ ਕੇ ਰਹੀ ਗਈ। ਪੰਜਾਬ ਤੋਂ ਬਾਹਰ ਦੇ ਰਾਜਾਂ ਵਿੱਚ ਵੱਧ ਰਹੀ ਅਣਗਹਿਲੀ ਤਾਂ ਸਮਝ ਆਉਂਦੀ ਹੈ ਪਰ ਪੰਜਾਬ ਦੇ ਆਪਣੇ ਸ਼ਹਿਰਾਂ ਦੀ ਸਥਿਤੀ ਵੀ ਚੰਗੀ ਨਹੀਂ। ਜਦੋਂ ਆਪਣੇ ਹੀ ਪੰਜਾਬੀ ਦੀ ਕਦਰ ਨਹੀਂ ਕਰਦੇ ਤਾਂ 'ਬੇਗਾਨੇ' ਕਿਉਂ ਕਰਨ। ਸਾਲ 2011, 26 ਫਰਵਰੀ ਨੂੰ ਪੰਜਾਬੀ ਭਵਨ 'ਦਿੱਲੀ' ਵਿਖੇ ਇਸ ਵਿਸ਼ੇ ਤੇ ਹੋਏ ਸੈਮੀਨਾਰ ਵਿੱਚ ਵੀ ਹਰੀਸ਼ ਚੰਦਰ ਜੀ ਜੋ ਕਿ ਬਹੁਤ ਉੱਘੇ ਪੰਜਾਬੀ ਪਾਠ-ਪੁਸਤਕਾਂ ਦੇ ਪ੍ਰਕਾਸ਼ਕ ਵੀ ਨੇ ਚਿੰਤਾ ਪ੍ਰਗਟਾਉਂਦਿਆਂ ਕਿਹਾ ਸੀ ਕਿ ਮਾਲਵਾ ਦੇ ਰਾਮਪੁਰਾ ਫੂਲ ਅਤੇ ਅਮ੍ਰਿਤਸਰ ਦੇ ਮਾਈ ਸੇਵਾਂ ਬਜ਼ਾਰ ਵਿੱਚ ਵੀ ਹੁਣ ਉਤਸ਼ਾਹ ਨਹੀਂ ਰਿਹਾ, ਜੋ ਕਿ ਆਪਣੇ ਸਮੇਂ ਵਿੱਚ ਸਿਖਰਾਂ ਤੇ ਹੁੰਦਾ ਸੀ। ਇਸ ਉਤਸ਼ਾਹ ਦੇ ਘਟਣ ਦਾ ਇੱਕ ਵੱਡਾ ਕਾਰਨ ਨੌਜੁਆਨ ਮੁੰਡੇ-ਕੁੜੀਆਂ ਦਾ ਟੀ.ਵੀ, ਮੋਬਾਇਲ ਕੰਪਿਊਟਰ ਵਰਗੇ ਹੋਰ ਮਨੋਰੰਜਨ ਦੇ ਸਾਧਨਾਂ ਵੱਲ ਖਿੱਚੇ ਜਾਣਾ ਹੈ। ਸੱਚ ਪੁੱਛੋ ਤਾਂ 21ਵੀਂ ਸਦੀ ਦਾ ਆਰੰਭ ਪੁਸਤਕ ਤੇ ਪੜ੍ਹਨ ਸੱਭਿਆਚਾਰ ਲਈ ਉਹਨਾਂ ਹੀ ਮਾੜਾ ਸਿੱਧ ਹੋਇਆ ਹੈ ਜਿੰਨਾਂ 20ਵੀਂ ਸਦੀ ਦਾ ਆਰੰਭ ਚੰਗਾ ਸੀ। ਉਦੋਂ ਆਜ਼ਾਦੀ ਦੀ ਲੜਾਈ ਨੇ ਲੋਕ-ਮਨਾਂ ਵਿੱਚ ਨਵੀਂ ਜਾਗ੍ਰਿਤੀ ਤੇ ਚੇਤਨਾਂ ਨੂੰ ਜਨਮ ਦਿੱਤਾ ਸੀ। ਅਖਬਾਰਾਂ ਵੀ ਜਾਗ੍ਰਿਤ ਕਰਨ ਵਾਲੀਆਂ ਸਨ। ਸਾਨਫਰਾਂ ਸਿਸਕੋ ਤੋਂ ਨਿਕਲਣ ਵਾਲੇ 'ਗਦਰ' ਅਖਬਾਰ ਤੋਂ ਲੈ ਕੇ 1933 ਵਿੱਚ ਅਕਾਲੀ ਫੂਲਾ ਸਿੰਘ ਸਮਾਧ ਨੌਸ਼ਹਿਰਾ ਤੋਂ ਕੱਢੀ ਪ੍ਰੀਤਲੜੀ ਤੱਕ ਪਾਠਕਾਂ ਦੀਆਂ ਲਾਈਨਾਂ ਲੱਗੀਆਂ ਰਹਿੰਦੀਆਂ ਸਨ। ਇਹ ਕਿਰਤ 1947 ਤੱਕ ਜਿਓਂਦੀ ਰਹੀ। ਇਸ ਸਮੇਂ ਨੂੰ ਅਸੀਂ ਜੇ ਪੁਸਤਕਾਂ ਦਾ 'ਸੁਨਹਿਰੀ ਕੱਲ' ਕਹਿ ਦੇਈਏ ਤਾਂ ਗਲਤ ਨਹੀਂ ਹੋਵੇਗਾ ਜਿਸ ਵਿੱਚ ਦਵਿੰਦਰ ਸਤਿਆਰਥੀ ਵਲੋਂ ਇੱਕਠੇ ਕੀਤੇ ਲੋਕ ਗੀਤ ਵੇ ਧਾਰਮਿਕ ਗੁਟਕੇ ਪੜ੍ਹਨ ਵਾਲੀ ਭਾਵਨਾ ਨਾਲ ਪੜ੍ਹੇ ਜਾਂਦੇ ਸਨ। ਫਿਰ 21ਵੀਂ ਸਦੀ ਇਸਦੇ ਉਲਟ ਚੱਲ ਪਈ। ਹੁਣ ਤਾਂ ਲਿਖੀ ਜਾਣ ਵਾਲੀ ਭਾਸ਼ਾ ਵੀ ਉਹ ਨਹੀਂ ਰਹੀ, ਜਿਹੜੀ ਲੋਕ ਮੂੰਹੋਂ ਬੋਲਦੇ ਹਨ। ਇੱਕ ਗੱਲ ਹੋਰ ਕਿ ਸ਼ਹਿਰੀਆਂ ਦੀ ਥਾਂ ਪੇਂਡੂਆਂ ਵਿੱਚ ਕੁਝ ਹੱਦ ਤੱਕ ਅਜੇ ਵੀ ਪੰਜਾਬੀ ਪੜ੍ਹਨ ਦੀ ਰੀਝ ਬਾਕੀ ਹੈ।

ਕਿਸੇ ਵੀ ਦੇਸ਼ ਦੇ ਆਰਥਿਕ ਵਿਕਾਸ ਵਿੱਚ ਪੜ੍ਹਾਈ ਦਾ ਯੋਗਦਾਨ ਬਹੁਤ ਮਹੱਤਵ ਰੱਖਦਾ ਹੈ ਇਸ ਬਾਰੇ ਸ਼ਿਕਾਗੋ ਵਿੱਚ 2005 ਵਿੱਚ ਹੋਈ ਅਮਰੀਕਨ ਲਾਇਬ੍ਰੇਰੀ ਐਸੋਸੀਏਸ਼ਨ ਸਮੇਂ ਰਾਸ਼ਟਰਪਤੀ ਬੈਰਾਕ ਉਬਾਮਾ ਨੇ ਕਿਹਾ "ਪੜ੍ਹਨਾ ਪ੍ਰਤਿਭਾ ਦੇ ਸਮੁੱਚੇ ਵਿਕਾਸ ਦਾ ਮੁੱਖ ਦੁਆਰ ਹੈ। ਇਹ ਦੁਨੀਆਂ ਦੇ ਗੁੰਝਲਦਾਰ ਮਸਲਿਆਂ ਤੇ ਵਿਗਿਆਨਿਕ ਪ੍ਰਗਤੀ ਦੇ ਸੰਦਰਭ ਵਿੱਚ ਅਪਣਾਈ ਜਾਣ ਵਾਲੀ ਇਤਿਹਾਸਿਕ ਪਹੁੰਚ ਦੀ ਕੁੰਜੀ ਹੈ ਜੋ ਕਿਸੇ ਵੀ ਖਿੱਤੇ ਦੇ ਸਮੁੱਚੇ ਵਿਕਾਸ ਦਾ ਆਧਾਰ ਬਣਦੀ ਹੈ।" ਇਸ ਕਰਕੇ ਅੱਜ ਪੰਜਾਬੀ ਸਾਹਿਤ ਦੇ ਡਿੱਗ ਰਹੇ ਮਿਆਰ ਦਾ ਅਸਲ ਕਾਰਨ ਪੰਜਾਬੀ ਵਿੱਚ ਪਾਠਕਾਂ ਦੀ ਘਟ ਰਹੀ ਗਿਣਤੀ ਕਿਹਾ ਜਾਵੇ ਤਾਂ ਗਲਤ ਨਹੀਂ ਹੋਵੇਗਾ। ਜੇਕਰ ਪੰਜਾਬੀ ਭਾਸ਼ਾ ਦੇ ਡਿੱਗ ਰਹੇ ਮਿਆਰ ਨੂੰ ਉੱਚਾ ਚੁੱਕਣਾ ਹੈ ਤਾਂ ਪੰਜਾਬੀ ਪੁਸਤਕਾਂ ਪੜ੍ਹਨ ਲਈ ਸਮਾਂ ਕੱਢਣਾ ਪਵੇਗਾ ਅਤੇ ਅੱਜ ਦੀ ਪੰਜਾਬੀ ਸਾਹਿਤ ਨਾਲੋਂ ਟੁੱਟ ਰਹੀ ਨੌਜੁਆਨ ਪੀੜ੍ਹੀ ਨੂੰ ਪੰਜਾਬੀ ਨਾਲ ਜੋੜਣ ਲਈ ਮਾਪਿਆਂ ਤੇ ਅਧਿਆਪਕਾਂ ਨੂੰ ਅੱਗੇ ਆਉਣਾ ਹੀ ਪਵੇਗਾ। ਤਾਂ ਜੋ ਆਉਣ ਵਾਲੇ ਸਮੇਂ ਵਿੱਚ ਪੰਜਾਬੀ ਭਾਸ਼ਾ ਨੂੰ ਜਿਉਂਦਾ ਰੱਖਿਆ ਜਾ ਸਕੇ ਨਹੀਂ ਤਾਂ ਦੁਨੀਆਂ ਦੀਆਂ 6 ਹਜ਼ਾਰ ਭਸ਼ਾਵਾਂ ਵਿੱਚੋਂ 11 ਵੇਂ ਥਾਂ ਤੇ ਆਉਣ ਵਾਲੀ ਸਾਡੀ ਮਾਂ ਬੋਲੀ ਕਿਤੇ ਖਤਮ ਨਾਂ ਹੋ ਜਾਵੇ।



# ਨਾਵਲਕਾਰ ਗੁਰਦਿਆਲ ਸਿੰਘ ਨੂੰ ਯਾਦ ਕਰਦਿਆਂ

**ਸ. ਸੁਖਚੈਨ ਸਿੰਘ ਕੁਰੜ (ਫ਼ਿਰੋਜ਼ਪੁਰ)**

ਮਾਤਾ ਨਿਹਾਲ ਕੌਰ ਕੁਖੋਂ ਗੁਰਦਿਆਲ ਸਿੰਘ ਦਾ ਜਨਮ 10 ਜਨਵਰੀ 1933 ਨੂੰ ਉਹਨਾਂ ਦੇ ਨਾਨਕੇ ਪਿੰਡ ਭੈਣੀ ਫੱਤਾ (ਜ਼ਿਲ੍ਹਾ ਬਰਨਾਲਾ) ਵਿਖੇ ਹੋਇਆ। ਗੁਰਦਿਆਲ ਸਿੰਘ ਦੇ ਦੱਸਣ ਮੁਤਾਬਿਕ ਘਰੇਲੂ ਕਾਰਨਾਂ ਕਰਕੇ ਬਚਪਨ ਵਿੱਚ ਸਕੂਲ ਛੱਡ ਕੇ ਉਹਨਾਂ ਤਕਰੀਬਨ ਅੱਠ ਸਾਲ ਆਪਣੇ ਪਿਤਾ ਸ.ਜਗਤ ਸਿੰਘ ਨਾਲ਼ ਪਿਤਾ-ਪੁਰਖੀ ਕਿੱਤੇ ਤਰਖਾਣ ਦੇ ਤੌਰ 'ਤੇ ਕੰਮ ਕੀਤਾ।

ਉਹ ਆਪਣੀ ਜ਼ਿੰਦਗੀ ਵਿੱਚ ਹੈੱਡਮਾਸਟਰ ਮਦਨ ਸ਼ਰਮਾ ਦਾ ਬਹੁਤ ਵੱਡਾ ਯੋਗਦਾਨ ਮੰਨਦੇ ਹਨ। ਉਹਨਾਂ ਦੀ ਹੱਲਾਸ਼ੇਰੀ ਸਦਕਾ ਹੀ ਗੁਰਦਿਆਲ ਸਿੰਘ ਨੇ ਆਪਣੇ ਅੰਦਰ ਦੀ ਪੜ੍ਹਨ ਦੀ ਜੋ ਚਿਣਗ ਸੀ ਉਹ ਮਘਾਈ ਰੱਖੀ।

ਆਪਣੇ ਦਾਦਕੇ ਪਿੰਡ ਦੇ ਸਰਕਾਰੀ ਸਕੂਲ ਜੈਤੋ ਤੋਂ ਹੀ ਉਹਨਾਂ ਦਸਵੀਂ ਪਾਸ ਕੀਤੀ।

ਬਚਪਨ ਵਿੱਚ ਉਹਨਾਂ ਨੂੰ ਕਿਤਾਬਾਂ ਪੜ੍ਹਨ ਦੇ ਨਾਲ-ਨਾਲ ਚਿੱਤਰਕਾਰੀ ਤੇ 'ਤੇ ਗਾਇਕੀ ਦਾ ਵੀ ਸ਼ੌਕ ਵੀ ਰਿਹਾ। ਗੁਰਦਿਆਲ ਸਿੰਘ ਨੇ ਜ਼ਿੰਦਗੀ ਦੇ ਸ਼ੁਰੂਆਤੀ ਦੌਰ 'ਚ ਚਿੱਤਰਕਾਰੀ ਕੀਤੀ। ਉਸ ਤੋਂ ਬਾਅਦ ਉਹ ਜੈਤੋ ਦੇ ਗੁਰਦੁਆਰਾ ਗੰਗਸਰ ਸਾਹਿਬ 'ਚ ਕੀਰਤਨ ਕਰਦੇ ਰਹੇ। ਕੁੱਝ ਸਮੇਂ ਬਾਅਦ ਜਦ ਉਹ ਲੇਖਣ ਕਲਾ ਵੱਲ ਮੁੜੇ ਤਾਂ ਉਹਨਾਂ ਨੇ ਪਹਿਲਾਂ ਪਹਿਲ 'ਰਾਹੀ' ਦੇ ਤਖ਼ੱਲਸ ਨਾਲ ਲਿਖਣਾ ਆਰੰਭ ਕੀਤਾ।

1954 ਵਿੱਚ ਉਹਨਾਂ ਨੂੰ ਪ੍ਰਾਇਮਰੀ ਸਕੂਲ ਨੰਦਪੁਰ ਕੋਟਲਾ ਵਿੱਚ ਬਤੌਰ ਅਧਿਆਪਕ ਨੌਕਰੀ ਮਿਲ਼ੀ।

ਇਸੇ ਦੌਰਾਨ ਉਨ੍ਹਾਂ ਦਾ ਵਿਆਹ ਬਲਵੰਤ ਕੌਰ ਨਾਲ ਹੋਇਆ। ਉਨ੍ਹਾਂ ਦੇ ਘਰ ਇੱਕ ਲੜਕੇ ਅਤੇ ਦੋ ਲੜਕੀਆਂ ਨੇ ਜਨਮ ਲਿਆ।

ਨੌਕਰੀ ਦੌਰਾਨ ਵੀ ਉਹਨਾਂ ਆਪਣੀ ਅੱਗੇ ਦੀ ਸਿੱਖਿਆ ਜਾਰੀ ਰੱਖੀ 1964 ਤੱਕ ਉਹਨਾਂ ਨੇ ਐੱਮ.ਏ ਪੰਜਾਬੀ ਦੀ ਡਿਗਰੀ ਹਾਸਲ ਕੀਤੀ। ਇਹੀ ਪੜ੍ਹਾਈ ਦੀ ਲਗਨ ਤੇ ਅੱਗੇ ਵਧਣ ਦੀ ਤਾਂਘ ਸਦਕਾ ਹੀ ਉਹਨਾਂ ਅੱਗੇ ਲੈਕਚਰਾਰ ਵਜੋਂ ਲੰਮਾ ਸਮਾਂ ਸਰਕਾਰੀ ਬਰਜਿੰਦਰਾ ਕਾਲਜ ਫਰੀਦਕੋਟ ਵਿਖੇ 1970-86 ਨੌਕਰੀ ਕੀਤੀ। 1987 ਤੋਂ 1992 ਤੱਕ ਰੀਡਰ ਵਜੋਂ ਪੰਜਾਬੀ ਯੂਨੀਵਰਸਿਟੀ, ਗੁਰੂ ਕੀ ਕਾਂਸ਼ੀ ਰਿਜਨਲ ਸੈਂਟਰ ਬਠਿੰਡਾ ਵਿਖੇ ਕੰਮ ਕੀਤਾ ਤੇ ਇੱਥੋਂ ਹੀ ਪ੍ਰੋਫੈਸਰ ਦੇ ਤੌਰ 'ਤੇ ਨੌਕਰੀ ਕਰਨ ਉਪਰੰਤ ਸੇਵਾ ਮੁਕਤ ਹੋਏ।

ਗੁਰਦਿਆਲ ਸਿੰਘ ਦੇ ਸਾਹਿਤਕ ਸਫ਼ਰ ਦੀ ਗੱਲ ਕਰੀਏ ਤਾਂ ਉਹਨਾਂ ਦੀ ਸ਼ੁਰੂਆਤ ਦੀ ਪਹਿਲੀ ਕਹਾਣੀ 'ਭਾਗਾਂ ਵਾਲ਼ੇ' ਪੰਜਾਬੀ ਦੇ ਯੁੱਗ-ਕਵੀ ਪ੍ਰੋ. ਮੋਹਨ ਸਿੰਘ ਵੱਲੋਂ ਛਾਪੇ ਜਾਂਦੇ ਰਹੇ ਰਸਾਲੇ 'ਪੰਜ ਦਰਿਆ' ਦੇ ਸਤੰਬਰ 1957 ਦੇ ਪਰਚੇ ਵਿੱਚ ਛਪੀ। ਉਸ ਤੋਂ ਬਾਅਦ 'ਪ੍ਰੀਤ ਲੜੀ' ਅਤੇ 'ਪੰਜ ਦਰਿਆ' ਵਰਗੇ ਉੱਚਤਮ ਸਾਹਿਤਕ ਰਸਾਲਿਆਂ ਵਿੱਚ ਵੀ ਉਹਨਾਂ ਦੀਆਂ ਕਹਾਣੀਆਂ ਲਗਾਤਾਰ ਛਪਦੀਆਂ ਰਹੀਆਂ। ਥੋੜ੍ਹੇ ਹੀ ਸਮੇਂ ਵਿੱਚ ਉਨ੍ਹਾਂ ਦਾ ਜ਼ਿਕਰ ਪੰਜਾਬੀ ਦੇ ਉੱਚਕੋਟੀ ਦੇ ਕਹਾਣੀਕਾਰਾਂ ਵਿਚ ਹੋਣ ਲੱਗਿਆ।

ਜਦ ਉਹਨਾਂ ਦਾ ਪਹਿਲਾ ਕਹਾਣੀ ਸੰਗ੍ਰਹਿ 'ਸੱਗੀ ਫੁੱਲ' ਪ੍ਰਕਾਸ਼ਿਤ ਹੋਕੇ ਪਾਠਕਾਂ ਦੇ ਹੱਥਾਂ ਵਿੱਚ ਪੁੱਜਾ ਤਾਂ ਉਸਦੇ ਪਹਿਲੇ ਸਫ਼ੇ 'ਤੇ ਹੀ ਗੁਰਬਖ਼ਸ਼ ਸਿੰਘ ਪ੍ਰੀਤਲੜੀ, ਪ੍ਰੋ. ਮੋਹਨ ਸਿੰਘ ਤੇ ਸੰਤ ਸਿੰਘ ਸੇਖੋਂ ਵਰਗੇ ਮਹਾਨ ਲੇਖਕਾਂ ਦੀਆਂ ਟਿੱਪਣੀਆਂ ਆਪਣੇ ਆਪ ਵਿੱਚ ਹੀ ਗੁਰਦਿਆਲ ਸਿੰਘ ਦੀ ਕਲਮ ਦੀ ਵੱਡੀ ਪ੍ਰਾਪਤੀ ਆਖੀ ਜਾ ਸਕਦੀ ਹੈ।

ਸਾਹਿਤ ਦੇ ਜਿਸ ਰੂਪ 'ਨਾਵਲ' ਨੇ ਗੁਰਦਿਆਲ ਸਿੰਘ ਨੂੰ ਵੱਡੀ ਪਹਿਚਾਣ ਦਿੱਤੀ ਉਹ ਹੈ ਉਨ੍ਹਾਂ ਦਾ ਪਹਿਲਾ ਨਾਵਲ 'ਮੜ੍ਹੀ ਦਾ ਦੀਵਾ' ਜਿਸਦੇ 1964 ਵਿੱਚ ਪ੍ਰਕਾਸ਼ਿਤ ਹੁੰਦਿਆਂ ਹੀ ਗੁਰਦਿਆਲ ਸਿੰਘ ਦਾ ਨਾਂ ਚਰਚਿਤ ਨਾਵਲਕਾਰਾਂ ਵਿੱਚ ਸ਼ਾਮਿਲ ਹੋ ਗਿਆ। ਇਸ ਨਾਵਲ ਨੂੰ ਉਸ ਸਮੇਂ ਦੇ ਪੰਜਾਬੀ ਤੇ ਹਿੰਦੀ ਦੇ ਪ੍ਰਸਿੱਧ ਵਿਦਵਾਨ ਅਤੇ ਆਲੋਚਕਾਂ ਵੱਲੋਂ ਖ਼ੂਬ ਹੱਲਾਸ਼ੇਰੀ ਮਿਲ਼ੀ।

ਪੰਜਾਬੀ ਦੇ ਪ੍ਰਸਿੱਧ ਵਿਦਵਾਨ ਤੇ ਆਲੋਚਕ ਡਾ. ਅਤਰ ਸਿੰਘ ਲਿਖਦੇ ਹਨ ਕਿ 'ਗੁਰਦਿਆਲ ਸਿੰਘ ਦੇ ਨਾਵਲਾਂ ਨਾਲ ਪੰਜਾਬੀ ਵਿੱਚ ਜੋ ਨਵੇਂ ਰੁਝਾਨ ਪੈਦਾ ਹੋਏ ਹਨ ਉਨ੍ਹਾਂ ਨੂੰ ਹੁਣ ਪਾਠਕ, ਅਧਿਆਪਕ ਤੇ ਵਿਦਵਾਨ ਸਾਰੇ ਹੀ ਪ੍ਰਵਾਨ ਕਰਦੇ ਹਨ ਅਤੇ ਇਹ ਮੰਨਦੇ ਹਨ ਕਿ ਗੁਰਦਿਆਲ ਸਿੰਘ ਦਾ ਪਹਿਲਾ ਨਾਵਲ 'ਮੜ੍ਹੀ ਦਾ ਦੀਵਾ' ਹੀ ਭਾਰਤ ਦੇ ਮਹਾਨ ਲੇਖਕ ਮੁਨਸ਼ੀ ਪ੍ਰੇਮ ਚੰਦ ਦੇ 'ਗੋਦਾਨ' ਅਤੇ ਫਣੇਸ਼ਵਰ ਰੇਣੂੰ ਦੇ 'ਮੈਲਾ ਆਂਚਲ' ਦੇ ਪੱਧਰ ਦਾ ਨਾਵਲ ਹੈ।

ਪੰਜਾਬੀ ਨਾਵਲ ਦੇ ਪਿਤਾਮਾ ਨਾਵਲਕਾਰ ਨਾਨਕ ਸਿੰਘ ਨੇ ਨਾਵਲ ਪੜ੍ਹ ਕੇ ਲਿਖਿਆ ਕਿ, 'ਮੜ੍ਹੀ ਦਾ ਦੀਵਾ' ਸ਼ਾਇਦ ਪੰਜਾਬੀ ਦਾ ਪਹਿਲਾ ਨਾਵਲ ਹੈ ਜੀਹਨੇ ਮੈਨੂੰ ਨਸ਼ਿਆ ਦਿੱਤਾ ਹੈ। ਜਿਵੇਂ ਕਿ ਸਾਫ਼ ਹੀ ਹੈ ਕਿ ਨਸ਼ਿਆ ਜਾਣਾ ਹੋਰ ਗੱਲ ਹੈ ਤੇ ਸੁਆਦ ਆਉਣਾ ਹੋਰ। ਮੇਰੀ ਇੱਛਾ ਹੈ ਕਿ ਸਾਡਾ ਇਹ ਨੌਜਵਾਨ ਨਾਵਲਕਾਰ ਪੰਜਾਬੀ ਦੇ ਗਗਨ-ਮੰਡਲ ਵਿਚ ਤਾਰਾ ਬਣ ਕੇ ਚਮਕੇ।'

ਇੱਕ ਸਾਲ ਬਾਅਦ ਜਦੋਂ ਇਹੀ ਨਾਵਲ ਹਿੰਦੀ ਵਿੱਚ ਛਪਿਆ ਤਾਂ ਹਿੰਦੀ ਦੇ ਆਲੋਚਕ ਡਾ. ਨਾਮਵਰ ਸਿੰਘ ਨੇ ਇਸ ਨੂੰ ਸੰਸਾਰ ਦੇ ਸਭ ਤੋਂ ਪ੍ਰਸਿੱਧ ਰੂਸੀ ਨਾਵਲ 'ਜੰਗ ਤੇ ਅਮਨ' ਦੇ ਹਾਣ ਦੀ ਗਲਪ-ਰਚਨਾ ਕਰਾਰ ਦਿੱਤਾ।

'ਮੜ੍ਹੀ ਦਾ ਦੀਵਾ' ਨਾਵਲ ਪਿੱਛੋਂ ਜਦੋਂ ਗੁਰਦਿਆਲ ਸਿੰਘ ਦਾ ਦੂਜਾ ਨਾਵਲ 'ਅਣਹੋਏ' 1966 ਵਿੱਚ ਪ੍ਰਕਾਸ਼ਿਤ ਹੋਇਆ ਤਾਂ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੇ ਇਸ ਨੂੰ ਸੰਸਾਰ ਦੇ ਪਹਿਲੇ ਮਹਾਨ ਨਾਵਲਕਾਰ ਸਰਵਾਂਤੀ ਦੇ ਕਲਾਸਿਕ ਨਾਵਲ 'ਦਾਨ ਕੀਹੋਤੇ ਤੇ ਸ਼ੈਕਸਪੀਅਰ ਦੇ ਮਹਾਨ ਨਾਟਕ 'ਹੈਮਲਿਟ' ਤੇ ' ਦੇ ਬਰਾਬਰ ਦੀ ਰਚਨਾ ਮੰਨਿਆ।

ਅਣਹੋਏ ਸਵੈਮਾਣ ਨਾਲ਼ ਸੁਤੰਤਰ ਜ਼ਿੰਦਗੀ ਜਿਉਣ ਦੀ ਇੱਛਾ ਦੀ ਇੱਕ ਗਾਥਾ ਹੈ।

ਉਹਨਾਂ ਸਾਹਿਤਕ ਸਫ਼ਰ ਦੇ ਇਹ ਸ਼ੁਰੂਆਤੀ ਦੌਰ ਦੀ ਗੱਲ ਕਰਦਿਆਂ ਜੇ ਅਸੀਂ ਉਹਨਾਂ ਦੀ ਪੂਰੀ ਸਾਹਿਤਕ ਰਚਨਾ 'ਤੇ ਗੱਲ ਕਰਨੀ ਹੋਵੇ ਤਾਂ ਇਹ ਬਹੁਤ ਵੱਡਾ ਕੰਮ ਹੋਵੇਗਾ ਫਿਲਹਾਲ ਸੰਖੇਪ ਵਿੱਚ ਗੱਲ ਕਰੀਏ ਤਾਂ ਉਹਨਾਂ ਦੇ 10 ਨਾਵਲ, 10 ਕਹਾਣੀ ਸੰਗ੍ਰਹਿ, ਤਿੰਨ ਨਾਟਕ ਪੁਸਤਕਾਂ, 24 ਬਾਲ ਸਾਹਿਤ ਪੁਸਤਕਾਂ ਸਮੇਤ 40 ਦੇ ਕਰੀਬ ਪੁਸਤਕਾਂ ਦੇ ਮਿਆਰੀ ਅਨੁਵਾਦ ਦੇ ਨਾਲ ਵਾਰਤਕ ਦੀਆਂ ਪੁਸਤਕਾਂ ਅਤੇ ਆਪਣੀ ਜੀਵਨੀ ਦੀਆਂ ਦੋ ਪੁਸਤਕਾਂ ਪਾਠਕਾਂ ਦੀ ਝੋਲੀ ਪਾਈਆਂ।

ਉਹਨਾਂ ਦੀਆਂ ਕਈ ਰਚਨਾਵਾਂ ਹਿੰਦੀ,ਅੰਗਰੇਜ਼ੀ,ਰੂਸੀ ਅਤੇ ਭਾਰਤ ਦੀਆਂ ਲੱਗਪਗ ਸਾਰੀਆਂ ਭਾਸ਼ਾਵਾਂ ਵਿੱਚ ਅਨੁਵਾਦ ਵੀ ਹੋ ਚੁੱਕੀਆਂ ਹਨ।

ਗੁਰਦਿਆਲ ਸਿੰਘ ਪੰਜਾਬੀ ਦਾ ਉਹ ਪਹਿਲਾ ਲੇਖਕ ਹੈ ਜਿਸ ਦੀਆਂ ਰਚਨਾਵਾਂ ਦੇ ਅੰਸ਼ ਤੇ ਉਸ ਬਾਰੇ ਅਨੇਕ ਆਲੋਚਨਾਤਮਿਕ ਲੇਖ ਭਾਰਤ ਦੀ ਸਾਹਿਤ ਅਕਾਦਮੀ ਸਾਢੇ ਛੇ ਸੌ ਸਫ਼ਿਆਂ ਦੀ ਪੁਸਤਕ 'ਰੀਡਰ' ਵਿੱਚ ਪ੍ਰਕਾਸ਼ਿਤ ਕਰ ਰਹੀ ਹੈ, ਜੋ ਅੰਗਰੇਜ਼ੀ ਦੇ ਪ੍ਰੋਫ਼ੈਸਰ ਡਾ. ਰਾਣਾ ਨਈਅਰ ਨੇ ਤਿਆਰ ਕੀਤੀ ਹੈ।

ਨਾਵਲ ਦੇ ਪਿਤਾਮਾ ਨਾਨਕ ਸਿੰਘ ਤੋਂ ਪਿੱਛੋਂ ਦੂਜਾ ਵੱਡਾ ਨਾਵਲਕਾਰ ਗੁਰਦਿਆਲ ਸਿੰਘ ਹੀ ਹੈ ਜਿਸ ਦੀਆਂ ਰਚਨਾਵਾਂ 'ਗੁਰਦਿਆਲ ਸਿੰਘ ਰਚਨਾਵਲੀ' ਦੇ ਅਨੁਵਾਨ ਹੇਠ ਦਸ ਭਾਗਾਂ ਵਿੱਚ ਛਪੀਆਂ ਹਨ।

ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਗੁਰਸ਼ਰਨ ਸਿੰਘ ਗੁਰਦਿਆਲ ਸਿੰਘ ਨੂੰ 'ਸਾਡੇ ਸਮਿਆਂ ਦਾ ਸਭ ਤੋਂ ਵੱਡਾ ਲੇਖਕ' ਦੱਸਦੇ ਹਨ।

ਉਨ੍ਹਾਂ ਨੂੰ ਹਿੰਦੀ ਦੇ ਨਾਮਵਰ ਚਿੰਤਕ ਪ੍ਰੋ. ਨਾਮਵਰ ਸਿੰਘ ਨੇ ਪੰਜਾਬੀ 'ਚ ਲਿਖਣ ਵਾਲਾ ਭਾਰਤੀ ਨਾਵਲਕਾਰ ਕਿਹਾ।

ਡਾ. ਸੁਖਦੇਵ ਸਿੰਘ ਸਿਰਸਾ ਲਿਖਦੇ ਹਨ ਕਿ ਗੁਰਦਿਆਲ ਸਿੰਘ ਨੇ ਕਿਰਤੀ ਵਰਗ ਦੀ ਆਤਮਾ ਦੀ ਚੀਕ ਸੁਣੀ ਤੇ ਇਸ ਨੂੰ ਕਲਾਤਮਕ ਜ਼ੁਬਾਨ ਦਿੱਤੀ।

ਉੱਘੇ ਆਲੋਚਕ ਡਾ. ਟੀ. ਆਰ. ਵਿਨੋਦ ਉਹਨਾਂ ਨੂੰ 'ਪੰਜਾਬੀ ਦਾ ਪਹਿਲੇ ਫ਼ਿਲਾਸਫ਼ਰ ਗਲਪਕਾਰ' ਦਾ ਮਾਣ ਬਖ਼ਸ਼ਦੇ ਹਨ।

ਦਲੀਪ ਕੌਰ ਟਿਵਾਣਾ ਦਾ ਕਹਿਣਾ ਹੈ, 'ਉਹਨਾਂ ਦੀ ਲੇਖਣੀ ਦੀ ਸਭ ਤੋਂ ਖ਼ਾਸ ਗੱਲ ਇਹ ਸੀ ਕਿ ਉਹ ਗਰੀਬ, ਮਜਬੂਰ, ਹਾਸ਼ੀਏ 'ਤੇ ਰਹਿਣ ਵਾਲੇ ਲੋਕਾਂ ਦੀ ਗੱਲ ਆਪਣੀਆਂ ਕਹਾਣੀਆਂ 'ਚ ਕਰਦੇ ਰਹੇ ਕਿਉਂਕਿ ਇਹ ਦਿਲ ਚੋਂ ਨਿੱਕਲੀ ਹੋਈ ਗੱਲ ਸੀ, ਉਹ ਖ਼ੁਦ ਮੁਸ਼ਕਿਲ ਹਾਲਾਤ ਅਤੇ ਗੁਰਬਤ ਹੰਢਾ ਚੁੱਕੇ ਸਨ।"

ਜਿਵੇਂ ਅਸੀਂ ਪਹਿਲਾਂ ਗੱਲ ਕੀਤੀ ਕਿ ਗੁਰਦਿਆਲ ਸਿੰਘ ਦੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਕਹਾਣੀ ਵਿਧਾ ਨਾਲ ਹੋਈ ਤੇ ਵੱਡੀ ਪਹਿਚਾਣ ਨਾਵਲ ਵਿਧਾ ਨੇ ਦਿੱਤੀ। ਇੱਥੇ ਉਹਨਾਂ ਦੇ ਨਾਵਲਾਂ ਬਾਰੇ ਗੱਲ ਕਰਨ ਤੋਂ ਪਹਿਲਾਂ ਉਹਨਾਂ ਦੇ ਕਹਾਣੀ ਸੰਗ੍ਰਹਿਆਂ ਬਾਰੇ ਵੀ ਜਾਣਨਾ ਬਹੁਤ ਜ਼ਰੂਰੀ ਹੈ।

ਉਹਨਾਂ ਦਾ ਪਹਿਲਾ ਕਹਾਣੀ ਸੰਗ੍ਰਹਿ ਸੱਗੀ ਫੁੱਲ 1962, ਚੰਨ ਦਾ ਬੂਟਾ 1964, ਓਪਰਾ ਘਰ 1966, ਕੁੱਤਾ 'ਤੇ ਆਦਮੀ 1971, ਮਸਤੀ ਬੋਤਾ 1982, ਰੁੱਖੇ ਮਿੱਸੇ ਬੰਦੇ 1984, ਬੇਗਾਨਾ ਪਿੰਡ 1985,ਚੋਣਵੀਆਂ ਕਹਾਣੀਆਂ 1988, ਪੱਕਾ ਟਿਕਾਣਾ 1990,ਕਰੀਰ ਦੀ ਢਿੰਗਰੀ 1991, ਮੇਰੀ ਪ੍ਰਤਿਨਿਧ ਕਹਾਣੀਆਂ 1992 ਵਿੱਚ ਛਪੀਆਂ।

ਨਾਵਲਕਾਰ ਗੁਰਦਿਆਲ ਸਿੰਘ ਦਾ ਸਫ਼ਰ ਦੇਖੀਏ ਤਾਂ ਸਭ ਤੋਂ ਪਹਿਲਾਂ 'ਮੜ੍ਹੀ ਦਾ ਦੀਵਾ' 1964 (ਇਸ ਨਾਵਲ 'ਤੇ ਆਧਾਰਿਤ ਨੈਸ਼ਨਲ ਫ਼ਿਲਮ ਡਿਵੇਲਪਮੈਂਟ ਕਾਰਪੋਰੇਸ਼ਨ ਵੱਲੋਂ ਡਾਇਰੈਕਟਰ ਸੁਰਿੰਦਰ ਸਿੰਘ ਨੇ ਫਿਲਮ ਬਣਾਈ ਸੀ,ਜੋ ਪੰਜਾਬੀ ਦੀ ਪਹਿਲੀ ਕਲਾਤਮਿਕ ਫ਼ਿਲਮ ਸੀ ਤੇ ਜਿਸ ਨੂੰ ਖੇਤਰੀ ਭਾਸ਼ਾਈ ਫ਼ਿਲਮਾਂ ਵਿੱਚ ਕੌਮੀ ਪੁਰਸਕਾਰ ਨਾਲ ਨਿਵਾਜਿਆ ਗਿਆ ਸੀ), ਅਣਹੋਏ 1966, ਕੁਵੇਲਾ 1968, ਅੱਧ ਚਾਨਣੀ ਰਾਤ 1972(ਇਸ ਨਾਵਲ ਨੂੰ ਭਾਰਤੀ ਸਾਹਿਤ ਅਕਾਦਮੀ ਦਿੱਲੀ ਵੱਲੋਂ 1975 ਵਿੱਚ ਪੁਰਸਕਾਰ ਮਿਲਿਆ) ਆਥਣ ਉੱਗਣ 1974, ਅੰਨ੍ਹੇ ਘੋੜੇ ਦਾ ਦਾਨ 1976(ਇਸ ਨਾਵਲ 'ਤੇ ਆਧਾਰਿਤ 2011 ਵਿੱਚ ਗੁਰਵਿੰਦਰ ਸਿੰਘ ਦੀ ਨਿਰਦੇਸ਼ਨਾ ਹੇਠ ਫਿਲਮ ਬਣਾਈ ਗਈ ਹੈ।ਪੰਜਾਬੀ ਦੀ ਇਹ ਪਹਿਲੀ ਫ਼ਿਲਮ ਹੈ ਜੋ ਅਗਸਤ 2011 ਤੋਂ ਫ਼ਰਵਰੀ 2012 ਤੱਕ ਸੰਸਾਰ ਦੇ ਅੱਠ ਦੇਸ਼ਾਂ ਦੇ ਵਿਸ਼ਵ-ਫ਼ਿਲਮ ਮੇਲਿਆਂ ਵਿਚ ਵਿਖਾਈ ਗਈ ਤੇ ਅਬੂਧਾਬੀ ਦੇ ਵਿਸ਼ਵ ਫ਼ਿਲਮ ਮੇਲੇ ਵਿਚ ਇਸ ਨੂੰ 50 ਹਜ਼ਾਰ ਅਮਰੀਕੀ ਡਾਲਰ ਦਾ ਪੁਰਸਕਾਰ ਵੀ ਦਿੱਤਾ ਗਿਆ।), ਪਹੁ ਫੁਟਾਲੇ ਤੋਂ ਪਹਿਲਾਂ 1982, ਪਰਸਾ 1999, ਰੇਤੇ ਦੀ ਇੱਕ ਮੁੱਠੀ, ਆਹਣ 2009 ਵਿੱਚ ਛਪੇ।

ਇਸ ਤੋਂ ਅੱਗੇ ਗੁਰਦਿਆਲ ਸਿੰਘ ਨੇ ਸਾਹਿਤ ਵਿੱਚ ਬਾਲ ਸਾਹਿਤ ਨੂੰ ਲੈਕੇ ਜੋ ਰਚਨਾਵਾਂ ਦਿੱਤੀਆਂ ਉਹਨਾਂ ਦਾ ਵੇਰਵਾ ਵੀ ਇੱਥੇ ਸਾਂਝਾ ਕਰਨਾ ਜ਼ਰੂਰੀ ਹੈ, ਜਿੰਨ੍ਹਾਂ ਵਿੱਚ ਬਕਲਮ ਖ਼ੁਦ 1959, ਟੁੱਕ ਖੋਹ ਲਏ ਕਾਵਾਂ 1963, ਲਿਖਤਮ ਬਾਬਾ ਖੇਮਾ 1971,ਬਾਬਾ ਖੇਮਾ 1988, ਗੱਪੀਆਂ ਦਾ ਪਿਉ 1989, ਮਹਾਂਭਾਰਤ 1990,ਧਰਤ ਸੁਹਾਵੀ 1990, ਤਿੰਨ ਕਦਮ ਧਰਤੀ 1993, ਖੱਟੇ ਮਿੱਠੇ ਲੋਕ 1993,ਕੀ ਜਾਣਾ ਮੈਂ ਕੌਣ ? 2003, ਹੰਸਾਂ ਦੀ ਜੋੜੀ, ਰੱਬ ਦੇ ਬੰਦੇ, ਸੰਤੂ ਗੱਪੀ,ਬਾਬੇ ਰਤਨੇ ਦੀ ਚਿੱਠੀ,ਪੀਰੂ ਦੀ ਸਾਰੰਗੀ, ਸੂਰਜ ਦਾ ਟਿੱਕਾ 2005 ਵਿੱਚ, ਕਾਲੂ ਕੌਤਕੀ,ਸੱਚ ਦੇ ਖੋਜੀ,ਰੱਬ ਦੇ ਬੰਦੇ ਆਜ਼ਾਦੀ ਦਾ ਮੁੱਲ,ਆਓ ਨਾਟਕ ਖੇਡੀਏ ਇਹ ਧਰਤੀ ਸਵਰਗ ਬਣਾਵਾਂਗੇ, ਸੁਪਨਿਆਂ ਦਾ ਪਰੀ ਦੇਸ਼,ਨਿੱਕਾ ਜਿਹਾ ਸਵਰਗ 2006 ਵਿੱਚ ਦੇ ਨਾਂ ਵਰਨਣਯੋਗ ਹਨ।

ਕਹਾਣੀ,ਨਾਵਲ ਤੇ ਬਾਲ ਕਿਰਤਾਂ ਤੋਂ ਬਾਅਦ ਉਹਨਾਂ ਦੀ ਸਵੈ-ਜੀਵਨੀ ਦੀ ਗੱਲ ਕਰੀਏ ਤਾਂ ਨਿਆਣ ਮੱਤੀਆਂ 1999, ਦੂਜੀ ਦੇਹੀ 2000 ਦੋ ਭਾਗਾਂ ਵਿੱਚ ਉਹਨਾਂ ਆਪਣੀ ਸਵੈ-ਜੀਵਨੀ ਲਿਖੀ। ਇਸ ਤੋਂ ਇਲਾਵਾ ਨਾਟਕਾਂ ਦੀ ਗੱਲ ਕਰੀਏ ਤਾਂ ਫ਼ਰੀਦਾ ਰਾਤੀਂ ਵੱਡੀਆਂ 1982, ਵਿਦਾਇਗੀ ਤੋਂ ਪਿੱਛੋਂ 1982, ਨਿੱਕੀ ਮੋਟੀ ਗੱਲ 1982 ਦੇ ਨਾਂ ਸਾਹਮਣੇ ਆਉਂਦੇ ਹਨ।

ਗਦ ਰੂਪ ਵਿੱਚ ਦੁਖੀਆ ਦਾਸ ਕਬੀਰ ਹੈ,ਸਤਜੁਗ ਦੇ ਆਉਣ ਤੱਕ,ਡਗਮਗ ਛਾਡ ਰੇ ਮਨ ਬਉਰਾ ਤੋਂ ਇਲਾਵਾ ਅੱਗੇ ਅਨੁਵਾਦ 'ਤੇ ਵੀ ਕਾਫ਼ੀ ਕੰਮ ਕੀਤਾ ਜਿੰਨ੍ਹਾਂ ਵਿੱਚ ਮੇਰਾ ਬਚਪਨ (ਗੋਰਕੀ), ਭੁੱਲੇ ਵਿੱਸਰੇ(ਭਗਵਤੀ ਚਰਨ ਵਰਮਾ), ਮ੍ਰਿਗਨੈਨੀ(ਵਰਿੰਦਾਵਨ ਲਾਲ ਵਰਮਾ),ਬਿਰਾਜ ਬਹੂ(ਸ਼ਰਤ ਚੰਦਰ), ਜ਼ਿੰਦਗੀਨਾਮਾ (ਕ੍ਰਿਸ਼ਨਾ ਸੋਬਤੀ) ਦਾ ਵਿਸ਼ੇਸ਼ ਜ਼ਿਕਰ ਕਰਨਾ ਬਣਦਾ ਹੈ।

ਗੁਰਦਿਆਲ ਸਿੰਘ ਨੇ ਜਿਸ ਤਰ੍ਹਾਂ ਮਾਂ-ਬੋਲੀ ਦੀ ਝੋਲੀ ਆਪਣੀਆਂ ਰਚਨਾਵਾਂ ਪਾਈਆਂ,ਉਸੇ ਤਰ੍ਹਾਂ ਹੀ ਮਾਂ-ਬੋਲੀ ਨੇ ਉਹਦੇ ਹਿੱਸੇ ਅਨੇਕਾਂ ਮਾਣ-ਸਨਮਾਨ ਬਖ਼ਸ਼ੇ।

ਭਾਸ਼ਾ ਵਿਭਾਗ ਵੱਲੋਂ ਚਾਰ ਵਾਰ 1966, 1967, 1968 ਅਤੇ 1972 ਵਿੱਚ ਸਰਬੋਤਮ ਪੁਰਸਕਾਰ,1975 ਵਿੱਚ ਨਾਨਕ ਸਿੰਘ ਨਾਵਲ ਪੁਰਸਕਾਰ, 1979 ਵਿੱਚ ਪੰਜਾਬੀ ਅਕਾਦਮੀ ਪੁਰਸਕਾਰ, 1986 ਵਿੱਚ ਸੋਵੀਅਤ ਨਹਿਰੂ ਪੁਰਸਕਾਰ, 1989 ਵਿੱਚ ਪੰਜਾਬੀ ਸਾਹਿਤ ਅਕਾਦਮੀ ਪੁਰਸਕਾਰ, 1992 ਵਿੱਚ ਸ਼੍ਰੋਮਣੀ ਸਾਹਿਤਕਾਰ ਦਾ ਇਨਾਮ ਤੇ ਭਾਈ ਵੀਰ ਸਿੰਘ ਗਲਪ ਪੁਰਸਕਾਰ, 1995 ਵਿੱਚ ਪਾਸ਼ ਪੁਰਸਕਾਰ, 1997 ਵਿੱਚ ਉੱਤਰ ਪ੍ਰਦੇਸ਼ ਹਿੰਦੀ ਸਾਹਿਤਕ ਸੰਮੇਲਨ ਸਨਮਾਨ, 1998 ਵਿੱਚ ਭਾਰਤ ਦੇ ਰਾਸ਼ਟਰਪਤੀ ਵੱਲੋਂ 'ਪਦਮਸ੍ਰੀ ' ਪੁਰਸਕਾਰ, 1999 ਵਿੱਚ ਗਿਆਨਪੀਠ ਪੁਰਸਕਾਰ, 2004 ਵਿੱਚ ਪੰਜਾਬੀ ਸਾਹਿਤ ਸ਼੍ਰੋਮਣੀ ਐਵਾਰਡ ਮਿਲ ਚੁੱਕੇ ਸਨ। ਉਹ ਸਾਹਿਤ ਅਕਾਦਮੀ ਭਾਰਤ ਦੀ ਸਾਹਿਤਕ ਜਨਰਲ ਕੌਂਸਲ ਅਤੇ ਸਲਾਹਕਾਰ ਬੋਰਡ ਦੇ ਮੈਂਬਰ ਵੀ ਰਹੇ ਸਨ। ਗੁਰਦਿਆਲ ਸਿੰਘ ਦਾ ਨਾਂ 2015 ਵਿੱਚ 'ਲਿਮਕਾ ਬੁੱਕ ਆਫ ਰਿਕਾਰਡ' ਵਿੱਚ ਦਰਜ ਕੀਤਾ ਗਿਆ। ਭਾਰਤੀ ਸਾਹਿਤ ਅਕਾਦਮੀ ਨਵੀਂ ਦਿੱਲੀ ਵੱਲੋਂ ਉਨ੍ਹਾਂ ਨੂੰ ਲਾਈਫ ਫੈਲੋਸ਼ਿਪ ਦਿੱਤੀ ਜਾ ਰਹੀ ਸੀ।

16 ਅਗਸਤ 2016 ਦਾ ਦਿਨ ਗੁਰਦਿਆਲ ਸਿੰਘ ਦੀ ਜ਼ਿੰਦਗੀ ਦਾ ਆਖਰੀ ਦਿਨ ਸੀ। ਪੰਜਾਬੀ ਸਾਹਿਤ ਜਗਤ ਵਿੱਚ ਗੁਰਦਿਆਲ ਸਿੰਘ ਦਾ ਨਾਂ ਆਪਣੀਆਂ ਰਚਨਾਵਾਂ ਸਦਕਾ ਹਮੇਸ਼ਾਂ ਲਈ ਜਿਉਂਦਾ ਰਹੇਗਾ।

# ਗੱਲ ਤਾਂ ਜ਼ਮੀਰ ਦੀ ਹੈ



ਲਿਖਤ : ਪ੍ਰਿੰ. ਵਿਜੈ ਕੁਮਾਰ

ਅਜੇ ਕੈਨੇਡਾ ਪਹੁੰਚਿਆਂ ਸਾਨੂੰ ਥੋੜ੍ਹਾ ਸਮਾਂ ਹੀ ਹੋਇਆ ਸੀ ਕਿ ਇੱਕ ਦਿਨ ਪੁੱਤਰ ਨੇ ਕਿਹਾ, ''ਪਾਪਾ, ਸਟੋਰ ਤੋਂ ਸਮਾਨ ਲੈਣ ਜਾਣਾ ਹੈ, ਚੱਲੋਂਗੇ?''

ਥੱਕਿਆ ਹੋਣ ਕਰਕੇ ਮੈਂ ਨਾ ਹਾਂ ਕੀਤੀ ਤੇ ਨਾ ਹੀ ਨਾਂਹ। ਪੁੱਤਰ ਫੇਰ ਕਹਿਣ ਲੱਗਾ, ''ਚੱਲ ਪਓ, ਇੰਡੀਅਨ ਸਟੋਰ ਹੈ, ਵੇਖ ਆਇਓ ਤੇ ਨਾਲ ਘੁੰਮਣਾ ਫਿਰਨਾ ਹੋ ਜਾਏਗਾ।''

ਮੈਂ ਅਜੇ ਵੀ ਜੱਕੋਂ ਤੱਕੋਂ ਵਿੱਚ ਹੀ ਸੀ ਕਿ ਕਮਰੇ ਵਿੱਚੋਂ ਪਤਨੀ ਬੋਲ ਪਈ, ''ਜਾ ਆਓ, ਮੁੰਡੇ ਦੀ ਗੱਲ ਮੰਨ ਲਓ।''

ਅਸੀਂ ਦੋਵੇਂ ਇੰਡੀ ਗਰੋਸਰੀ ਸਟੋਰ ਸਮਾਨ ਲੈਣ ਚਲੇ ਗਏ। ਸਟੋਰ ਵਿੱਚ ਘੁੰਮਦੇ ਲੋਕਾਂ ਤੇ ਕੰਮ ਕਰਦੇ ਪੰਜਾਬੀ ਮੁੰਡਿਆਂ ਕੁੜੀਆਂ ਨੂੰ ਵੇਖਕੇ ਲਗਦਾ ਹੀ ਨਹੀਂ ਸੀ ਕਿ ਮੈਂ ਕੈਨੇਡਾ ਆਇਆ ਹੋਇਆ ਹਾਂ। ਸਟੋਰ ਵਿੱਚ ਪਈਆਂ ਚੀਜ਼ਾਂ ਦੀ ਸਫ਼ਾਈ ਨੂੰ ਵੇਖਕੇ ਮੈਂ ਮਨੋ ਮਨੀ ਸੋਚਣ ਲੱਗ ਪਿਆ ਕਿ ਕੋਈ ਗੱਲ ਤਾਂ ਹੈ ਜਿਸ ਕਰਕੇ ਲੋਕ ਇਸ ਮੁਲਕ ਦੀਆਂ ਗੱਲਾਂ ਕਰਦੇ ਹਨ। ਪੰਜਾਬੀ ਮੁੰਡੇ ਕੁੜੀਆਂ ਨੂੰ ਕੰਮ ਵਿੱਚ ਰੁੱਝੇ ਵੇਖ ਕੇ ਅਤੇ ਉਨ੍ਹਾਂ ਦੀ ਬੋਲ ਬਾਣੀ ਸੁਣ ਮੇਰੇ ਮਨ ਵਿੱਚ ਇਹ ਸਵਾਲ ਆ ਰਿਹਾ ਸੀ ਕਿ ਜੇਕਰ ਇਹ ਬੱਚੇ ਆਪਣੇ ਮੁਲਕ ਵਿੱਚ ਐਨੀ ਹਲੀਮੀ ਨਾਲ ਮਿਹਨਤ ਕਰਨਾ ਸ਼ੁਰੂ ਕਰ ਦੇਣ ਤਾਂ ਸਾਡੇ ਮੁਲਕ ਵਿੱਚ ਕੀ ਮੁੱਕਿਆ ਹੋਇਆ ਹੈ? ਮੈਨੂੰ ਪਤਾ ਵੀ ਨਹੀਂ ਲੱਗਾ ਕਿ ਕਦੋਂ ਪੁੱਤਰ ਨੇ ਟਰਾਲੀ ਵਿੱਚ ਲੋੜੀਂਦਾ ਸਮਾਨ ਪਾ ਲਿਆ। ਸਟੋਰ ਵਿੱਚ ਚੀਜ਼ਾਂ ਖਰੀਦਣ ਆਏ ਲੋਕਾਂ, ਵਿਸ਼ੇਸ਼ ਕਰਕੇ ਗੋਰਿਆਂ ਨਾਲ ਆਪਣੇ ਮੁੰਡੇ ਕੁੜੀਆਂ ਨੂੰ ਫਰਾਟੇਦਾਰ ਅੰਗੇਰਜ਼ੀ ਵਿੱਚ ਗੱਲ ਕਰਦਿਆਂ ਵੇਖ ਕੇ ਮੈਨੂੰ ਖੁਸ਼ੀ ਵੀ ਹੋਈ ਤੇ ਹੈਰਾਨੀ ਵੀ। ਸਮਾਨ ਦੀ ਅਦਾਇਗੀ ਕਰਨ ਤੋਂ ਬਾਅਦ ਅਸੀਂ ਗੱਡੀ ਵਿੱਚ ਆਪਣੇ ਘਰ ਨੂੰ ਚੱਲ ਪਏ।

ਸਾਡਾ ਘਰ ਸਟੋਰ ਤੋਂ ਸੱਤ ਕੁ ਕਿਲੋਮੀਟਰ ਦੀ ਦੂਰੀ 'ਤੇ ਸੀ। ਅਸੀਂ ਦੋਵੇਂ ਚੁੱਪ ਸਾਂ। ਮੈਂ ਚੁੱਪ ਤੋੜਦਿਆਂ ਹੋਇਆਂ ਪੁੱਤਰ ਨਾਲ ਗੱਲਬਾਤ ਸ਼ੁਰੂ ਕੀਤੀ। ਉਹ ਕੋਈ ਜਵਾਬ ਦੇਣ ਦੀ ਬਜਾਏ ਹੂੰ-ਹੂੰ ਹੀ ਕਰ ਰਿਹਾ ਸੀ। ਮੈਨੂੰ ਲੱਗਾ ਕਿ ਉਹ ਮੇਰੀ ਗੱਲ ਸੁਣਨੀ ਨਹੀਂ ਚਾਹੁੰਦਾ ਸੀ। ਮੈਨੂੰ ਖਿਝ ਜਿਹੀ ਚੜ੍ਹ ਗਈ। ਮੈਂ ਚੁੱਪ ਚੁਪੀਤੇ ਪੁੱਤਰ ਦਾ ਚਿਹਰਾ ਪੜ੍ਹਨ ਲੱਗਾ। ਪੁੱਤਰ ਇੱਕ ਦਮ ਗੱਡੀ ਇੱਕ ਪਾਸੇ ਲਗਾਕੇ ਡਿੱਗੀ ਖੋਲ੍ਹਕੇ ਸਟੋਰ ਤੋਂ ਲਿਆਂਦਾ ਸਮਾਨ ਅਦਾਇਗੀ ਵਾਲੀ ਲਿਸਟ ਨਾਲ ਮਿਲਾਉਣ ਲੱਗ ਪਿਆ। ਆਪਣੇ ਮਨ ਦੀ ਖਿਝ ਕਾਰਨ ਮੈਂ ਉਸ ਨੂੰ ਕੋਈ ਸਵਾਲ ਨਾ ਕੀਤਾ। ਉਸਨੇ ਇੱਕ ਦਮ ਗੱਡੀ ਮੋੜਦੇ ਹੋਏ ਕਿਹਾ, ''ਪਾਪਾ, ਸਾਨੂੰ ਮੁੜ ਸਟੋਰ ਨੂੰ ਜਾਣਾ ਪਵੇਗਾ।''

ਉਸ ਵਾਂਗ ਭਾਵੇਂ ਮੈਂ ਵੀ ਉਸ ਨੂੰ ਵਾਪਸ ਜਾਣ ਦਾ ਕਾਰਣ ਨਹੀਂ ਪੁੱਛਿਆ ਪਰ ਫੇਰ ਵੀ ਮੈਂ ਆਪਣੇ ਮਨ ਵਿੱਚ ਕਿਆਸ ਅਰਾਈਆਂ ਲਗਾਉਂਦਾ ਰਿਹਾ ਕਿ ਉਸਦੇ ਮੁੜਣ ਦਾ ਕੀ ਕਾਰਨ ਹੋ ਸਕਦਾ ਹੈ। ਪਹਿਲਾਂ ਮਨ ਵਿੱਚ ਆਇਆ ਕਿ ਹੋ ਸਕਦਾ ਹੈ ਕਿ ਕੋਈ ਚੀਜ਼ ਲਿਆਉਣ ਤੋਂ ਰਹਿ ਗਈ ਹੋਵੇ. ਫੇਰ ਮਨ ਵਿੱਚ ਆਇਆ ਕਿ ਚੀਜ਼ ਤਾਂ ਫਿਰ ਵੀ ਆ ਜਾਣੀ ਸੀ, ਕਿਤੇ ਪੈਸੇ ਨਾ ਵੱਧ ਦਿੱਤੇ ਗਏ ਹੋਣ। ਫੇਰ ਇੱਕ ਦਮ ਮਨ ਵਿੱਚ ਆਇਆ, ਪੈਸੇ ਕਿਵੇਂ ਵੱਧ ਲਏ ਜਾ ਸਕਦੇ ਨੇ? ਹਿਸਾਬ ਤਾਂ ਕੰਪਿਊਟਰ 'ਤੇ ਹੁੰਦਾ ਹੈ।

ਥੋੜ੍ਹੀ ਦੇਰ ਵਿੱਚ ਹੀ ਅਸੀਂ ਮੁੜ ਸਟੋਰ 'ਤੇ ਪਹੁੰਚ ਗਏ। ਪੁੱਤਰ ਨੇ ਡਿੱਗੀ ਖੋਲ੍ਹਕੇ ਵਿੱਚੋਂ ਇੱਕ ਪੈਕਟ ਕੱਢ ਲਿਆਂਦਾ। ਉਸਦੇ ਹੱਥ ਵਿੱਚ ਪੈਕਟ ਵੇਖਕੇ ਮਨ ਵਿੱਚ ਆਇਆ ਕਿ ਜਾਂ ਤਾਂ ਇਸ ਪੈਕਟ ਦੇ ਪੈਸੇ ਵੱਧ ਲੱਗ ਗਏ ਹੋਣਗੇ ਜਾਂ ਫੇਰ ਬਦਲਕੇ ਕੋਈ ਹੋਰ ਚੀਜ਼ ਲੈਣੀ ਹੋਵੇਗੀ। ਮੈਂ ਮੁੜ ਸਟੋਰ ਅੰਦਰ ਜਾਣਾ ਨਹੀਂ ਚਾਹੁੰਦਾ ਸਾਂ ਪਰ ਵਾਪਸ ਮੁੜ ਆਉਣ ਦਾ ਕਾਰਨ ਜਾਣਨ ਲਈ ਮੈਂ ਵੀ ਨਾਲ ਅੰਦਰ ਚਲਾ ਗਿਆ। ਪੁੱਤਰ ਨੇ ਡਿੱਗੀ ਅੰਦਰੋਂ ਲਿਆਂਦਾ ਪੈਕਟ ਕਾਊਂਟਰ 'ਤੇ ਰੱਖਕੇ ਕਿਹਾ, ''ਗਲਤੀ ਨਾਲ ਇਸ ਪੈਕਟ ਦੇ ਪੈਸੇ ਦੇਣ ਤੋਂ ਰਹਿ ਗਏ ਸਨ, ਇਸਦੇ ਪੈਸੇ ਲੈ ਲਓ।''

ਕੰਪਿਊਟਰ 'ਤੇ ਖੜ੍ਹੀ ਕੁੜੀ ਨੇ ਉਸ ਪੈਕਟ ਦੀ ਅਦਾਇਗੀ ਲੈ ਕੇ ਅਣਮੰਨੇ ਜਿਹੇ ਮਨ ਨਾਲ ਸਿਰਫ ਹਲਕੀ ਜਿਹੀ ਆਵਾਜ਼ ਵਿੱਚ ਥੈਂਕ ਯੂ ਹੀ ਕਿਹਾ। ਅਸੀਂ ਗੱਡੀ ਵਿੱਚ ਮੁੜ ਘਰ ਨੂੰ ਤੁਰ ਪਏ। ਹੁਣ ਮੇਰੀ ਹੈਰਾਨੀ ਹੋਰ ਵੀ ਜ਼ਿਆਦਾ ਵਧ ਗਈ ਸੀ ਪਰ ਹੁਣ ਹੈਰਾਨੀ ਦਾ ਕਾਰਨ ਇਹ ਸੀ ਕਿ ਉਸ ਕੁੜੀ ਨੇ ਪੁੱਤਰ ਦੀ ਇਮਾਨਦਾਰੀ ਨੂੰ ਬਹੁਤੀ ਗੰਭੀਰਤਾ ਨਾਲ ਨਹੀਂ ਲਿਆ ਸੀ। ਜੇਕਰ ਸਾਡੇ ਮੁਲਕ ਵਿੱਚ ਕਿਸੇ ਗਾਹਕ ਨੇ ਐਨੀ ਇਮਾਨਦਾਰੀ ਵਿਖਾਈ ਹੁੰਦੀ ਤਾਂ ਦੁਕਾਨਦਾਰ ਨੇ ਸੌ ਵਾਰ ਗਾਹਕ ਦਾ ਸ਼ੁਕਰਾਨਾ ਕਰਨਾ ਸੀ। ਹੁਣ ਪੁੱਤਰ ਕੁਝ ਕਹਿਣਾ ਚਾਹੁੰਦਾ ਸੀ ਪਰ ਅਜੇ ਵੀ ਮੇਰੇ ਮਨ ਦੀ ਖਿਝ ਗਈ ਨਹੀਂ ਸੀ। ਪੁੱਤਰ ਦੇ ਚਿਹਰੇ ਤੋਂ ਲੱਗਦਾ ਸੀ ਕਿ ਜਿਵੇਂ ਉਸਦੇ ਮਨ ਦਾ ਬੋਝ ਉੱਤਰ ਗਿਆ ਹੋਵੇ।

ਘਰ ਪਹੁੰਚਕੇ ਮੈਂ ਪਤਨੀ ਨੂੰ ਚਾਹ ਬਣਾਉਣ ਲਈ ਕਿਹਾ। ਘਰ ਦੇ ਮਾਹੌਲ ਨੇ ਮਨ ਦਾ ਗੁੱਸਾ ਸ਼ਾਂਤ ਕਰ ਦਿੱਤਾ। ਚਾਹ ਦਾ ਘੁੱਟ ਭਰਦਿਆਂ ਮੈਂ ਪੁੱਤਰ ਨੂੰ ਕਿਹਾ, ''ਬੇਟਾ, ਤੇਰੀ ਇਮਾਨਦਾਰੀ ਤੋਂ ਤਾਂ ਮੇਰਾ ਮਨ ਬਹੁਤ ਖੁਸ਼ ਹੈ ਪਰ ਪੈਕਟ ਦੀ ਅਦਾਇਗੀ ਲਈ ਰਸਤੇ ਵਿੱਚੋਂ ਮੁੜਨ ਦੀ ਕੀ ਲੋੜ ਸੀ? ਜਦੋਂ ਸਟੋਰ 'ਤੇ ਦੁਬਾਰਾ ਜਾਂਦਾ, ਅਦਾਇਗੀ ਕਰ ਆਉਂਦਾ।''

ਪੁੱਤਰ ਬੋਲਿਆ, ''ਪਾਪਾ, ਸਟੋਰ 'ਤੇ ਪਤਾ ਨਹੀਂ ਕਦੋਂ ਜਾਣਾ ਹੋਣਾ ਸੀ, ਐਨੀ ਦੇਰ ਮੈਥੋਂ ਆਪਣੀ ਇਸ ਗਲਤੀ ਦਾ ਬੋਝ ਨਹੀਂ ਸਿਹਾ ਜਾਣਾ ਸੀ। ਇੱਕ ਗਲਤੀ ਕਰਕੇ ਮੈਂ ਦੂਜੀ ਗਲਤੀ ਨਹੀਂ ਕਰਨਾ ਚਾਹੁੰਦਾ ਸੀ।''

ਮੇਰਾ ਪੁੱਤਰ ਨੂੰ ਅਗਲਾ ਸਵਾਲ ਸੀ, ''ਬੇਟਾ, ਕੀ ਸਟੋਰ ਵਾਲਿਆਂ ਨੂੰ ਇਹ ਪਤਾ ਲੱਗ ਜਾਣਾ ਸੀ ਕਿ ਇੱਕ ਪੈਕਟ ਦੀ ਅਦਾਇਗੀ ਰਹਿ ਗਈ ਹੈ, ਉਸ ਕੁੜੀ ਨੇ ਤਾਂ ਤੇਰੀ ਇਮਾਨਦਾਰੀ ਦਾ ਚੰਗੀ ਤਰ੍ਹਾਂ ਧੰਨਵਾਦ ਵੀ ਨਹੀਂ ਕੀਤਾ?''

ਪੁੱਤਰ ਬੋਲਿਆ, ''ਪਾਪਾ, ਇਸ ਮੁਲਕ ਵਿੱਚ ਇਹ ਕੋਈ ਬਹੁਤੀ ਵੱਡੀ ਗੱਲ ਨਹੀਂ। ਇੱਥੇ ਸਾਰਾ ਕੁਝ ਵਿਸ਼ਵਾਸ ਪਰ ਹੀ ਚੱਲਦਾ ਹੈ। ਇਸ ਸਟੋਰ ਦਾ ਮਾਲਕ ਕਦੇ ਕਦੇ ਹੀ ਆਉਂਦਾ ਹੈ, ਸਾਰਾ ਸਟੋਰ ਇਹ ਮੁੰਡੇ ਕੁੜੀਆਂ ਹੀ ਸੰਭਾਲਦੇ ਹਨ। ਗੱਲ ਪੈਕਟ ਦੀ ਅਦਾਇਗੀ ਦੀ ਨਹੀਂ ਸੀ, ਗੱਲ ਜ਼ਮੀਰ ਦੀ ਸੀ।''

ਪੁੱਤਰ ਦੀਆਂ ਗੱਲਾਂ ਸੁਣਨ ਤੋਂ ਬਾਅਦ ਮੇਰੇ ਪਾਸ ਕੁਝ ਕਹਿਣ ਨੂੰ ਰਹਿ ਤਾਂ ਨਹੀਂ ਗਿਆ ਸੀ ਪਰ ਮੈਂ ਇਹ ਸੋਚ ਰਿਹਾ ਸਾਂ ਕਿ ਜੇਕਰ ਸਾਡੇ ਮੁਲਕ ਵਿੱਚ ਲੋਕ ਐਨੇ ਇਮਾਨਦਾਰ ਹੋ ਜਾਣ ਤਾਂ ਸਾਡੇ ਮੁਲਕ ਵਿੱਚ ਕਿਸ ਗੱਲ ਦੀ ਕਮੀ ਹੈ।

---

# ਸੋਚ




ਲਿਖਤ : ਸ਼ਵਿੰਦਰ ਕੌਰ, ਸੰਪਰਕ: 76260-63596

ਇਸ ਵਾਰ ਪੇਕੇ ਘਰ ਗਈ ਤਾਂ ਅੱਗੇ ਭੂਆ ਮੁਖਤਿਆਰੋ ਨੂੰ ਆਈ ਬੈਠੀ ਦੇਖ ਕੇ ਖ਼ੁਸ਼ੀ ਦੇ ਨਾਲ ਹੈਰਾਨੀ ਵੀ ਹੋਈ। ਖ਼ੁਸ਼ ਹੋਣ ਦਾ ਕਾਰਨ ਤਾਂ ਭੂਆ ਕੋਲ ਬੈਠ ਕੇ ਬਚਪਨ ਦੀਆਂ ਯਾਦਾਂ ਨੂੰ ਮੁੜ ਤਰੋਤਾਜ਼ਾ ਕਰਨ ਦਾ ਮੌਕਾ ਮਿਲਣਾ ਸੀ। ਹੈਰਾਨੀ ਇਸ ਗੱਲ ਦੀ ਸੀ ਕਿ ਹੁਣ ਜਦੋਂ ਭੂਆ ਦੇ ਗੋਡੇ ਤੁਰਨੋਂ ਆਕੀ ਹੁੰਦੇ ਜਾ ਰਹੇ ਹਨ ਤੇ ਉਹ ਖੂੰਡੀ ਦੇ ਸਹਾਰੇ ਹੀ ਹੌਲੀ ਹੌਲੀ ਕਦਮ ਪੁੱਟਦੀ ਹੈ, ਫਿਰ ਵੀ ਪਤਾ ਨਹੀਂ ਇਸ ਅੰਦਰ ਆਪਣਿਆਂ ਨੂੰ ਮਿਲਣ ਦੀ ਚਾਹਤ ਕਿੰਨੀ ਕੁ ਡੂੰਘੀ ਸਮੋਈ ਹੋਈ ਹੈ, ਇਹ ਕਿਵੇਂ ਨਾ ਕਿਵੇਂ ਤਰੱਦਦ ਕਰ ਕੇ ਆਪਣੀ ਭੂਆ ਦੇ ਘਰ ਪਹੁੰਚ ਜਾਂਦੀ ਹੈ। ਹੁਣ ਨਾ ਤਾਂ ਇਸ ਦੇ ਭੂਆ ਫੁੱਫੜ ਰਹੇ ਹਨ ਤੇ ਨਾ ਹੀ ਭਰਾ ਭਰਜਾਈ। ਅਸਲ 'ਚ ਇਹ ਭੂਆ ਮੇਰੀ ਦਾਦੀ ਦੀ ਭਤੀਜੀ ਹੈ ਜੋ ਬਚਪਨ ਵਿੱਚ ਬਹੁਤਾ ਆਪਣੀ ਭੂਆ ਕੋਲ ਹੀ ਰਹਿੰਦੀ ਰਹੀ। ਬਚਪਨ ਦਾ ਬਣਿਆ ਮੋਹ ਪਿਆਰ ਉਹ ਅੱਜ ਵੀ ਜ਼ਿੰਦਗੀ ਦੇ ਆਖ਼ਰੀ ਪਹਿਰ ਤੱਕ ਆਪਣੇ ਅੰਦਰ ਸਾਂਭੀ ਬੈਠੀ ਹੈ।

ਰਾਤ ਦੀ ਰੋਟੀ ਖਾ ਕੇ ਗੱਲਾਂ ਬਾਤਾਂ ਕਰਦਿਆਂ ਤੋਂ ਹੀ ਭੂਆ ਤਾਂ ਸੌਂ ਗਈ, ਪਰ ਮੈਨੂੰ ਬਚਪਨ ਵਿੱਚ ਦੇਖੇ ਉਸ ਦੇ ਵਿਆਹ ਤੋਂ ਲੈ ਕੇ ਹੁਣ ਤੱਕ ਦੇ ਸਫ਼ਰ ਦੀਆਂ ਖੱਟੀਆਂ ਮਿੱਠੀਆਂ ਯਾਦਾਂ ਨੇ ਉਲਝਾ ਲਿਆ। ਯਾਦ ਆ ਰਿਹਾ ਸੀ ਕਿਵੇਂ ਬਚਪਨ ਵਿੱਚ ਉਸ ਦੇ ਵਿਆਹ ਸਮੇਂ ਅਸੀਂ ਸਾਰਾ ਪਰਿਵਾਰ ਬੜੇ ਚਾਅ ਨਾਲ ਗਏ ਸੀ। ਪਹਿਲੀ ਵਾਰ ਉੱਥੇ ਵਿਆਹ ਵਿੱਚ ਆਈਆਂ ਕਾਰਾਂ ਦੇਖੀਆਂ ਸਨ। ਭਾਵੇਂ ਦਾਦੀ ਦੇ ਪੇਕੇ ਵੀ ਸੋਹਣਾ ਗੁਜ਼ਾਰਾ ਕਰਨ ਵਾਲੇ ਸਨ ਕਿਉਂਕਿ ਉਹ ਸੰਜਮ ਨਾਲ ਵਰਤਣ ਵਾਲਾ ਅਤੇ ਦਿਨ ਰਾਤ ਮਿਹਨਤ ਨਾਲ ਕਮਾਈ ਕਰਨ ਵਾਲਾ ਪਰਿਵਾਰ ਸੀ। ਪਰ ਭੂਆ ਦੇ ਸਹੁਰੇ ਤਾਂ ਰਾਜਸਥਾਨ ਵਿੱਚ ਚੰਗੀ ਜ਼ਮੀਨ ਜਾਇਦਾਦ ਦੇ ਮਾਲਕ ਸਨ। ਉਂਝ ਇਸ ਰਿਸ਼ਤੇ ਹੋਣ ਦਾ ਕਾਰਨ ਭੂਆ ਦਾ ਉੱਚੇ ਲੰਮੇ ਕੱਦ-ਕਾਠ ਦੀ ਅਤਿ ਸੋਹਣੀ ਸਨੁੱਖੀ ਹੋਣਾ ਸੀ। ਘਰ ਵਿੱਚ ਪਹਿਲਾਂ ਵਿਆਹ ਹੋਣ ਕਰਕੇ ਸਭ ਰਿਸ਼ਤੇਦਾਰ ਸੱਦੇ ਹੋਣ ਕਰਕੇ ਖ਼ੂਬ ਰੌਣਕਾਂ ਲੱਗੀਆਂ ਸਨ।

ਵਿਆਹ ਤੋਂ ਬਾਅਦ ਭੂਆ ਸਾਨੂੰ ਮਿਲਣ ਆਈ ਤਾਂ ਉਸ ਦੇ ਗੱਲ ਗੱਲ 'ਤੇ ਛਕਣਦੇ ਹਾਸੇ ਤੱਕ ਕੇ ਦੇਖਣ ਵਾਲੇ ਨੂੰ ਅੰਦਾਜ਼ਾ ਹੋ ਜਾਂਦਾ ਸੀ ਕਿ ਉਹ ਆਪਣੇ ਘਰ ਪੂਰੀ ਸੌਖੀ ਹੈ। ਜਦੋਂ ਮਿਲਣ ਆਈ ਉਹ ਦੱਸਦੀ ਕਿ ਉਨ੍ਹਾਂ ਦੇ ਘਰ ਰੋਟੀਆਂ ਪਕਾਉਣ ਤੋਂ ਲੈ ਕੇ ਹਰ ਕੰਮ ਲਈ ਨੌਕਰ ਰੱਖੇ ਹੋਏ ਹਨ ਤਾਂ ਸਾਨੂੰ ਬੜੀ ਹੈਰਾਨੀ ਹੁੰਦੀ। ਸਹੁਰਿਆਂ ਦੀਆਂ ਸਿਫ਼ਤਾਂ ਕਰਦਿਆਂ ਤਾਂ ਜਿਵੇਂ ਉਸ ਨੂੰ ਰੱਜ ਹੀ ਨਹੀਂ ਆਉਂਦਾ ਸੀ। ਮੇਰੀ ਦਾਦੀ ਉਸ ਦੀਆਂ ਗੱਲਾਂ ਸੁਣ ਕੇ ਬੜੀ ਖ਼ੁਸ਼ ਹੁੰਦੀ। ਉਹ ਕਹਿੰਦੀ ਕਿ ਭਾਵੇਂ ਮੇਰੇ ਭਰਾ ਨੇ ਵਿਆਹ 'ਤੇ ਵਿੱਤੋਂ ਵੱਧ ਖਰਚ ਕੀਤਾ ਸੀ, ਚਲੋ ਲਾਇਆ ਰਾਸ ਆ ਗਿਆ ਕੁੜੀ ਆਵਦੇ ਘਰੇ ਸੌਖੀ ਵੱਸਦੀ ਹੈ।

ਫਿਰ ਸੱਤ ਅੱਠ ਸਾਲ ਨਾ ਭੂਆ ਮਿਲਣ ਆਈ ਤੇ ਨਾ ਹੀ ਸਾਡੇ ਪਰਿਵਾਰ ਵਿੱਚੋਂ ਕਿਸੇ ਤੋਂ ਮਿਲਣ ਜਾਇਆ ਗਿਆ। ਫਿਰ ਇੱਕ ਦਿਨ ਜਦੋਂ ਭੂਆ ਆਪਣੀ ਮਾਂ ਨਾਲ ਮਿਲਣ ਆਈ ਤਾਂ ਭੂਆ ਦੇ ਚਿਹਰੇ 'ਤੇ ਪਹਿਲਾਂ ਵਾਲਾ ਜਲੌਅ ਨਹੀਂ ਸੀ। ਉਦਾਸ ਚਿਹਰਾ, ਸੁਭਾਅ ਤੋਂ ਉਲਟ ਚੁੱਪ-ਗੜੁੱਪ ਜਿਵੇਂ ਉਹ ਪਹਿਲਾਂ ਵਾਲੀ ਭੂਆ ਨਾ ਹੋਵੇ। ਉਸ ਨੂੰ ਤੱਕ ਕੇ ਲੱਗਦਾ ਸੀ ਜਿਵੇਂ ਕਿਸੇ ਦੀ ਪੱਕੀ ਫ਼ਸਲ 'ਤੇ ਗੜੇਮਾਰੀ ਹੋ ਗਈ ਹੋਵੇ। ਉਂਝ ਭਾਵੇਂ ਮੈਂ ਸਕੂਲ ਦਾ ਕੰਮ ਕਰ ਰਹੀ ਸੀ, ਪਰ ਮੇਰਾ ਧਿਆਨ ਭੂਆ ਦੀਆਂ ਗੱਲਾਂ ਵੱਲ ਸੀ। ਉਹ ਮੇਰੀ ਮਾਂ ਕੋਲ ਆਪਣਾ ਦੁੱਖ ਫਰੋਲ ਰਹੀ ਸੀ, ''ਭਾਬੀ, ਮੇਰੇ ਬੱਚਾ ਕਾਹਦਾ ਨਹੀਂ ਹੋਇਆ ਜਿਵੇਂ ਮੇਰੇ ਨਾਲ ਤਾਂ ਸਾਰੇ ਚਾਅ ਹੀ ਰੁੱਸ ਗਏ। ਘਰ ਵਿੱਚ ਮੇਰੇ ਨਾਲ ਕੋਈ ਸਿੱਧੇ ਮੂੰਹ ਗੱਲ ਨਹੀਂ ਕਰਦਾ। ਮੇਰੀ ਸੱਸ ਤਾਂ ਸਾਰਾ ਦਿਨ ਮਿਹਣੇ ਦੇ ਕੇ ਮੇਰਾ ਜਿਊਣਾ ਦੁੱਭਰ ਕਰੀ ਰੱਖਦੀ ਹੈ। ਆਖੂ ਕਿ ਇਸ ਬਾਂਝ ਕੋਲੋਂ ਕਿੱਥੋਂ ਲਾਲ ਦੀ ਆਸ ਰੱਖਦੈਂ! ਇਹ ਤਾਂ ਇਸ ਘਰ ਦਾ ਦੀਵਾ ਗੁੱਲ ਕਰਨ ਆਈ ਹੈ। ਜਾਇਦਾਦ ਸ਼ਰੀਕਾਂ ਜੋਗੀ ਰਹਿ ਜਾਊ। ਘਰ ਵਿੱਚ ਮੇਰੀ ਕਦਰ ਇੱਕ ਨੌਕਰ ਨਾਲੋਂ ਵੀ ਗਈ ਗੁਜ਼ਰੀ ਹੈ।'' ''ਬੀਬੀ, ਕਿਸੇ ਡਾਕਟਰ ਨੂੰ ਦਿਖਾਉਣਾ ਸੀ, ਅੱਜਕੱਲ੍ਹ ਤਾਂ ਬਥੇਰੇ ਇਲਾਜ ਚੱਲੇ ਹੋਏ ਹਨ,'' ਮੇਰੀ ਮਾਂ ਉਸ ਨੂੰ ਦਿਲਾਸਾ ਦਿੰਦਿਆਂ ਕਹਿ ਰਹੀ ਸੀ। ''ਮੇਰੀ ਮਾਂ ਨੇ ਬਥੇਰੀਆਂ ਡਾਕਟਰਾਂ ਨੂੰ ਦਿਖਾਇਆ ਹੈ। ਸਭ ਕਹਿੰਦੀਆਂ ਹਨ ਤੇਰੇ ਵਿੱਚ ਕੋਈ ਨੁਕਸ ਨਹੀਂ ਆਪਣੇ ਘਰ ਵਾਲੇ ਨੂੰ ਲੈ ਕੇ ਆ। ਪਰ ਉਹ ਤਾਂ ਪੈਰਾਂ 'ਤੇ ਪਾਣੀ ਨਹੀਂ ਪੈਣ ਦਿੰਦਾ। ਉਲਟਾ ਮੇਰੇ ਗਲ ਪੈ ਜਾਂਦਾ ਹੈ ਕਿ ਹੁਣ ਆਪਣੀ ਊਣਤਾਈ ਨੂੰ ਮੇਰੇ ਸਿਰ ਮੜ੍ਹ ਦੇ।'' ਬੁਸ ਬੁਸ ਕਰਦੀ ਭੂਆ ਅਗਲੇ ਦਿਨ ਚਲੀ ਗਈ ਸੀ।

ਮੈਂ ਵੀ ਇੱਕ ਦਿਨ ਪੇਕਾ ਘਰ ਛੱਡ ਕੇ ਆਪਣੇ ਸਹੁਰੇ ਘਰ ਆ ਗਈ। ਜਦੋਂ ਪੇਕੇ ਘਰ ਜਾਂਦੀ, ਸੋਚਦੀ ਕਿ ਭੂਆ ਬਾਰੇ ਪੁੱਛਾਂਗੀ, ਪਰ ਹਰ ਵਾਰ ਮਨ 'ਚੋਂ ਗੱਲ ਵਿਸਰ ਜਾਂਦੀ ਮੇਰੀ ਦਾਦੀ ਦੇ ਭੋਗ 'ਤੇ ਭੂਆ ਮਿਲੀ ਤਾਂ ਪਤਾ ਲੱਗਿਆ ਕਿ ਉਸ ਦੇ ਸਰਦਾਰ ਨੇ ਦੂਸਰਾ ਵਿਆਹ ਕਰਵਾ ਲਿਆ ਸੀ, ਪਰ ਬੱਚਾ ਉਸ ਦੀ ਦੂਸਰੀ ਪਤਨੀ ਦੇ ਵੀ ਨਹੀਂ ਹੋਇਆ ਸੀ। ਫਿਰ ਉਸ ਘਰ ਵਿੱਚ ਬਹੁਤੀ ਬੇਕਦਰੀ ਹੁੰਦੀ ਦੇਖ ਕੇ ਉਸ ਨੂੰ ਉਸ ਦਾ ਬਾਪ ਨਾਲ ਲੈ ਆਇਆ ਸੀ। ਉਸ ਦੇ ਅੰਦਰ ਧੀ ਨੂੰ ਆਪਣੇ ਤੋਂ ਉੱਚੇ ਘਰ ਵਿਆਹੁਣ ਦਾ ਪਛਤਾਵਾ ਸੀ ਜਾਂ ਫਿਰ ਧੀ ਦੀ ਆਉਣ ਵਾਲੀ ਜ਼ਿੰਦਗੀ ਦਾ ਫ਼ਿਕਰ, ਉਸ ਨੇ ਦੂਰ-ਅੰਦੇਸ਼ੀ ਤੋਂ ਕੰਮ ਲੈਂਦਿਆਂ ਆਪਣੇ ਦੋ ਮੁੰਡਿਆਂ ਦੇ ਨਾਲ ਨਾਲ ਭੂਆ ਦੇ ਨਾਂ ਵੀ ਜਿਉਂਦੇ ਜੀਅ ਜ਼ਮੀਨ ਲਗਵਾ ਦਿੱਤੀ ਸੀ ਤਾਂ ਜੋ ਬੁਢਾਪੇ ਵਿੱਚ ਉਹ ਕਿਸੇ ਦੀ ਮੁਥਾਜ ਨਾ ਹੋਵੇ। ਜ਼ਮੀਨ ਦੇ ਲਾਲਚ ਨੂੰ ਉਸ ਦੀ ਸਾਂਭ ਸੰਭਾਲ ਹੁੰਦੀ ਰਹੇ। ਸੋਚਾਂ ਦੇ ਸਮੁੰਦਰ 'ਚ ਗੋਤੇ ਲਾਉਂਦਿਆਂ ਪਤਾ ਹੀ ਨਾ ਲੱਗਿਆ ਮੈਨੂੰ ਵੀ ਕਦੋਂ ਨੀਂਦ ਆ ਗਈ।

ਮੈਂ ਤਾਂ ਰਾਤ ਰਹਿ ਕੇ ਵਾਪਸ ਆਉਣਾ ਸੀ। ਅਗਲੇ ਦਿਨ ਤੁਰਨ ਤੋਂ ਪਹਿਲਾਂ ਰੋਟੀ ਖਾਣ ਤੋਂ ਬਾਅਦ ਸਾਰਾ ਪਰਿਵਾਰ ਕੁਝ ਦੇਰ ਇਕੱਠੇ ਬੈਠ ਕੇ ਗੱਲਾਂ ਕਰਨ ਲੱਗ ਪਏ। ਘਰੇਲੂ ਗੱਲਾਂ ਕਰਦਿਆਂ ਤੋਂ ਪਤਾ ਹੀ ਨਾ ਲੱਗਾ ਕਦੋਂ ਗੱਲਾਂ ਦਾ ਰੁਖ਼ ਰੂਸ ਤੇ ਯੂਕਰੇਨ ਦੀ ਲੜਾਈ ਵੱਲ ਮੁੜ ਗਿਆ ਕਿ ਕਿਵੇਂ ਉੱਥੋਂ ਦੇ ਲੋਕ ਜੰਗ ਕਾਰਨ ਭਿਆਨਕ ਤਬਾਹੀ ਤੇ ਬਰਬਾਦੀ ਦੇ ਪੜਾਅ ਵਿੱਚੋਂ ਗੁਜ਼ਰ ਰਹੇ ਹਨ।

ਵਾਤਾਵਰਣ ਪ੍ਰੇਮੀ ਚਾਚਾ ਕਹਿਣ ਲੱਗਾ, ''ਉਂਝ ਤਾਂ ਹਰ ਜੰਗ ਆਪਣੀ ਸਰਵੋਤਮਤਾ ਸਾਬਿਤ ਕਰਨ ਅਤੇ ਰਾਜਸੀ ਚੌਧਰ ਕਾਇਮ ਕਰਨ ਲਈ ਲੜੀ ਜਾਂਦੀ ਹੈ ਜੋ ਦੂਜੇ ਖਿੱਤੇ ਦੇ ਬਰਬਾਦ ਹੋਣ ਦਾ ਕਾਰਨ ਬਣਦੀ ਹੈ। ਜਦੋਂ ਆਹਮਣੇ ਸਾਹਮਣੇ ਹੋ ਕੇ ਲੜਾਈਆਂ ਲੜੀਆਂ ਜਾਂਦੀਆਂ ਸਨ ਤਾਂ ਮਨੁੱਖਤਾ ਦਾ ਘਾਣ ਉਸ ਸਮੇਂ ਵੀ ਹੁੰਦਾ ਹੀ ਸੀ, ਪਰ ਵਾਤਾਵਰਣ ਦੀ ਤਬਾਹੀ ਘੱਟ ਹੁੰਦੀ ਸੀ। ਸਾਇੰਸ ਦੀਆਂ ਕਾਢਾਂ ਨਾਲ ਬਣੇ ਘਾਤਕ ਹਥਿਆਰਾਂ ਨਾਲ ਤਾਂ ਪਲਾਂ ਛਿਣਾਂ ਵਿੱਚ ਹੀ ਹੱਸਦੀ ਵੱਸਦੀ ਮਨੁੱਖਤਾ ਤੇ ਪ੍ਰਕਿਰਤੀ ਤਬਾਹ ਹੋ ਜਾਂਦੀ ਹੈ। ਫਿਰ ਸਦੀਆਂ ਲੱਗ ਜਾਂਦੀਆਂ ਹਨ ਉਸ ਨੂੰ ਵਸਾਉਣ 'ਤੇ।''

ਭੂਆ ਸਾਡੀਆਂ ਗੱਲਾਂ ਧਿਆਨ ਨਾਲ ਸੁਣ ਰਹੀ ਸੀ। ਉਹ ਬੋਲੀ, ''ਮੈਨੂੰ ਇਨ੍ਹਾਂ ਜੰਗਾਂ ਬਾਰੇ ਤਾਂ ਨਹੀਂ ਪਤਾ। ਪਰ ਇੱਕ ਗੱਲ ਦਾ ਜ਼ਰੂਰ ਪਤਾ ਹੈ ਕਿ ਸਾਇੰਸ ਦੀਆਂ ਕਾਢਾਂ ਜੇ ਮਨੁੱਖਤਾ ਦੇ ਭਲੇ ਲਈ ਵਰਤੀਆਂ ਜਾਣ ਤਾਂ ਇਨ੍ਹਾਂ ਦਾ ਕੋਈ ਸਾਨੀ ਨਹੀਂ। ਇਹ ਤਾਂ ਮਨੁੱਖ ਦੀ ਸੋਚ 'ਤੇ ਨਿਰਭਰ ਹੈ ਕਿ ਉਹ ਉਸ ਦੀ ਵਰਤੋਂ ਦੁਨੀਆਂ ਨੂੰ ਹੋਰ ਬਿਹਤਰ ਬਣਾਉਣ ਲਈ ਕਰਦਾ ਹੈ ਜਾਂ ਉਸ ਨੂੰ ਤਬਾਹ ਕਰਨ ਲਈ। ਹੁਣ ਤੁਸੀਂ ਹੀ ਦੇਖ ਲਵੋ ਆਪਣੇ ਘਰ ਰੰਗੀ ਵੱਸਦੀ ਨੂੰ ਬੱਚਾ ਨਾ ਹੋਣ ਕਰਕੇ ਮੈਨੂੰ ਜ਼ਿੰਦਗੀ ਭਰ ਸੋਗੀ ਰੁੱਤ ਹੰਢਾਉਣ ਲਈ ਮਜਬੂਰ ਕਰ ਦਿੱਤਾ। ਤੇ ਹੁਣ ਕੀ ਕਹਿੰਦੇ ਆਹ ਉਹਨੂੰ, ਆਈ.ਵੀ.ਐਫ. ਸ਼ਾਇਦ ਇਹੀ ਕਹਿੰਦੇ ਐ ਜਿਸ ਦੀ ਕਾਢ ਨੇ ਕਰਕੇ ਮੇਰੇ ਵਰਗੀਆਂ ਲੱਖਾਂ ਧੀਆਂ ਨੂੰ ਪੇਕਿਆਂ ਦੇ ਦਰ 'ਤੇ ਬੈਠਣ ਤੋਂ ਰੋਕ ਲਿਆ ਹੈ।'' ਭੂਆ ਦੇ ਇਨ੍ਹਾਂ ਲਫ਼ਜ਼ਾਂ ਵਿੱਚੋਂ ਜ਼ਿੰਦਗੀ ਭਰ ਹੰਢਾਇਆ ਦਰਦ ਛਲਕ ਰਿਹਾ ਸੀ।

# ਮੋਬਾਈਲ ਫੋਨ ਅਤੇ ਟੀ.ਵੀ. ਖੋਹ ਰਹੇ ਹਨ ਬੱਚਿਆਂ ਦੀ ਆਵਾਜ਼



ਲਿਖਤ : ਭੁਪਿੰਦਰਵੀਰ ਸਿੰਘ
ਸੰਪਰਕ : 99149-57073

ਜਿਉਂ-ਜਿਉਂ ਹੀ ਤਕਨਾਲੋਜੀ ਵਿਚ ਵਾਧਾ ਹੋ ਰਿਹਾ ਹੈ ਨਾਲ ਹੀ ਮਨੁੱਖੀ ਜੀਵਨ ਦੀਆਂ ਆਰਾਮਦਾਇਕ ਸਹੂਲਤਾਂ ਵਿਚ ਵੀ ਵਾਧਾ ਹੋ ਰਿਹਾ ਹੈ। ਪਰ ਅੱਜ ਵਰਦਾਨ ਮੰਨੀ ਜਾਂਦੀ ਤਕਨਾਲੋਜੀ ਹੀ ਕਈ ਖੇਤਰਾਂ ਵਿਚ ਮਨੁੱਖ ਦੇ ਨੁਕਸਾਨ ਦਾ ਕਾਰਨ ਬਣ ਰਹੀ ਹੈ। ਅਜਿਹਾ ਹੀ ਇਕ ਵੱਡਾ ਨੁਕਸਾਨ ਜੋ ਆਧੁਨਿਕ ਤਕਨਾਲੋਜੀ ਦੀ ਦੇਣ ਮੰਨਿਆ ਜਾ ਰਿਹਾ ਹੈ ਉਹ ਹੈ ਛੋਟੇ ਬੱਚਿਆਂ ਵਿਚ ਨਿਰਧਾਰਤ ਸਮੇਂ ਤੋਂ ਦੇਰ ਨਾਲ ਬੋਲਣ ਦੀ ਸਮੱਸਿਆ ਜੋ ਕਿ ਤਕਰੀਬਨ ਅੱਜ 40 ਪ੍ਰਤੀਸ਼ਤ ਬੱਚਿਆਂ ਵਿਚ ਪਾਈ ਜਾ ਰਹੀ ਹੈ। ਪਰਮਾਤਮਾ ਨੇ ਹਰ ਵਿਅਕਤੀ ਨੂੰ ਆਵਾਜ਼ ਦਾ ਇਕ ਅਜਿਹਾ ਤੋਹਫ਼ਾ ਬਖ਼ਸ਼ਿਆ ਹੈ ਜੋ ਕਿ ਜੀਵਨ ਦਾ ਇਕ ਮੁੱਖ ਅੰਗ ਮੰਨਿਆ ਜਾਂਦਾ ਹੈ। ਪਰ ਅੱਜ ਤਕਨਾਲੋਜੀ ਦੀ ਹੋ ਰਹੀ ਦੁਰਵਰਤੋਂ ਸਦਕਾ ਹੀ ਬੱਚਿਆਂ ਵਿਚ ਦੇਰ ਨਾਲ ਬੋਲਣ ਦੀਆਂ ਸਮੱਸਿਆਵਾਂ ਵਿਚ ਵਾਧਾ ਦਰਜ ਕੀਤਾ ਜਾ ਰਿਹਾ ਹੈ। ਇਸ ਸਮੱਸਿਆ ਦੇ ਵਧਣ ਦੇ ਵੱਖ-ਵੱਖ ਕਾਰਨ ਹਨ।

ਮਨੁੱਖੀ ਜੀਵਨ ਵਿਚ ਸਰੀਰ ਨੂੰ ਜਦੋਂ ਕੋਈ ਬਿਮਾਰੀ ਘੇਰਦੀ ਹੈ ਤਾਂ ਉਹ ਆਪਣੇ ਆਉਣ ਦੇ ਲੱਛਣ ਪਹਿਲਾਂ ਦਰਸਾਉਣ ਲੱਗ ਪੈਂਦੀ ਹੈ ਜੇਕਰ ਸਮਾਂ ਰਹਿੰਦੇ ਹੀ ਉਨ੍ਹਾਂ ਲੱਛਣਾਂ ਨੂੰ ਪਹਿਚਾਣ ਕੇ ਉਸ ਦੇ ਹੱਲ ਕੱਢ ਲਏ ਜਾਣ ਤਾਂ ਅਸੀਂ ਉਸ ਬਿਮਾਰੀ ਦੇ ਕਹਿਰ ਤੋਂ ਬਚ ਸਕਦੇ ਹਾਂ ਪਰ ਜੇ ਸਮਾਂ ਰਹਿੰਦੇ ਗੌਰ ਨਾ ਕੀਤੀ ਜਾਵੇ ਤਾਂ ਬਿਮਾਰੀ ਦੇ ਉਲਝਣ ਕਾਰਨ ਇਲਾਜ ਵੀ ਪ੍ਰਭਾਵਿਤ ਹੋ ਸਕਦਾ ਹੈ। ਇਸੇ ਤਰ੍ਹਾਂ ਹੀ ਜੇ ਛੋਟੀ ਉਮਰ ਦੇ ਬੱਚਿਆਂ ਵਿਚ ਦੇਰੀ ਨਾਲ ਬੋਲਣ ਦੀ ਸਮੱਸਿਆ ਦੀ ਗੱਲ ਕੀਤੀ ਜਾਵੇ ਤਾਂ ਆਮ ਜ਼ਿੰਦਗੀ ਵਿਚ ਇਕ ਬੱਚਾ ਆਪਣੇ ਜਨਮ ਤੋਂ ਲਗਭਗ 18 ਮਹੀਨਿਆਂ ਤੱਕ ਇਕਹਰੇ ਸ਼ਬਦਾਂ ਨੂੰ ਬੋਲਣਾ ਅਤੇ ਸਮਝਣਾ ਸ਼ੁਰੂ ਕਰ ਦਿੰਦਾ ਹੈ। ਕਈ ਬੱਚੇ ਇਸ ਸਮੇਂ ਤੋਂ ਕੁਝ ਪਹਿਲਾਂ ਹੀ ਇਕੱਲੇ ਸ਼ਬਦਾਂ ਨੂੰ ਬੋਲਣਾ ਸਿੱਖ ਜਾਂਦੇ ਹਨ। ਪਰ ਕੁਝ ਬੱਚੇ ਅਜਿਹੇ ਹੁੰਦੇ ਹਨ ਜਿਨ੍ਹਾਂ ਵਿਚ 24 ਤੋਂ 36 ਮਹੀਨਿਆਂ ਦਾ ਸਮਾਂ ਲੰਘਣ ਤੋਂ ਬਾਅਦ ਵੀ ਇਕਹਿਰੇ ਸ਼ਬਦਾਂ ਨੂੰ ਬੋਲਣ ਤੇ ਸਮਝਣ ਦੀ ਸਮਰੱਥਾ ਦਾ ਵਿਕਾਸ ਨਹੀਂ ਹੁੰਦਾ। ਇਹ ਇਕ ਵੱਡਾ ਲੱਛਣ ਹੁੰਦਾ ਹੈ ਕਿ ਬੱਚਾ ਦੇਰੀ ਨਾਲ ਬੋਲਣ ਦੀ ਸਮੱਸਿਆ ਦਾ ਪੀੜਤ ਹੋ ਗਿਆ ਹੈ। ਕਈ ਵਾਰ ਬੱਚੇ ਦਾ ਜਨਮ ਤੋਂ ਹੀ ਮੰਦਬੁੱਧੀ ਹੋਣਾ ਵੀ ਵੱਡਾ ਕਾਰਨ ਹੁੰਦਾ ਹੈ। ਦੂਜਾ ਲੱਛਣ ਇਹ ਵੀ ਹੈ ਕਿ ਜੇਕਰ ਬੱਚਾ 24 ਮਹੀਨਿਆਂ ਤੋਂ ਬਾਅਦ ਵੀ ਸਾਡੀ ਗੱਲ ਸੁਣਨ ਤੋਂ ਬਾਅਦ ਸਾਡੇ ਨਾਲ ਸਿੱਧੀਆਂ ਨਜ਼ਰਾਂ ਨਹੀਂ ਮਿਲਾਉਂਦਾ ਜਾਂ ਫਿਰ ਬੋਲਣ ਵਾਲੇ ਵਿਅਕਤੀ ਨੂੰ ਅਣਦੇਖਿਆ ਕਰਦਾ ਹੈ ਅਤੇ ਗੱਲ ਸਮਝਣ ਵਿਚ ਦੇਰੀ ਲਗਾਉਂਦਾ ਹੈ ਤਾਂ ਇਹ ਲੱਛਣ ਦੇਰ ਨਾਲ ਬੋਲਣ ਦੀ ਸਮੱਸਿਆ ਦੀ ਸ਼ੁਰੂਆਤ ਹੁੰਦੇ ਹਨ। ਬਾਕੀ 50 ਪ੍ਰਤੀਸ਼ਤ ਬੱਚੇ ਸਾਡੀਆਂ ਖੁਦ ਦੀਆਂ ਗ਼ਲਤੀਆਂ ਜਾਂ ਅਣਗਹਿਲੀਆਂ ਕਾਰਨ ਹੀ ਦੇਰੀ ਨਾਲ ਬੋਲਣ ਦੀ ਸਮੱਸਿਆ ਦਾ ਸ਼ਿਕਾਰ ਹੁੰਦੇ ਹਨ। ਅੱਜ ਦੇ ਆਧੁਨਿਕ ਸਮੇਂ ਵਿਚ ਸਭ ਤੋਂ ਵੱਡਾ ਕਾਰਨ ਤਕਨਾਲੋਜੀ ਹੈ ਜਿਸ ਦੀ ਗ਼ਲਤ ਵਰਤੋਂ ਅਤੇ ਲੋੜ ਤੋਂ ਜ਼ਿਆਦਾ ਹੋ ਰਹੀ ਵਰਤੋਂ ਹੀ ਬੱਚਿਆਂ ਵਿਚ ਦੇਰੀ ਨਾਲ ਬੋਲਣ ਦਾ ਕਾਰਨ ਬਣ ਰਹੀ ਹੈ। ਜੇਕਰ ਬੱਚਾ 2-4 ਸਾਲ ਤੱਕ ਬੋਲਣਾ ਸ਼ੁਰੂ ਨਹੀਂ ਕਰਦਾ ਤਾਂ ਅਸੀਂ ਉਸ ਨੂੰ ਦੇਰ ਨਾਲ ਬੋਲਣ ਦੇ ਰੋਗ ਦਾ ਸ਼ਿਕਾਰ ਕਹਾਂਗੇ, ਜਿਸ ਦਾ ਇਲਾਜ ਕਰਾਉਣਾ ਬਹੁਤ ਹੀ ਲਾਜ਼ਮੀ ਹੁੰਦਾ ਹੈ।

ਟੀ.ਵੀ. ਅਤੇ ਮੋਬਾਈਲ ਦੀ ਜ਼ਿਆਦਾ ਵਰਤੋਂ ਕਰਨਾ: ਤਕਨਾਲੋਜੀ ਦੀ ਤਰੱਕੀ ਸਦਕਾ ਹੀ ਅੱਜ ਦੁਨੀਆ ਵਿਚ ਬੱਚੇ ਬੱਚੇ ਦੇ ਹੱਥ ਵਿਚ ਮੋਬਾਈਲ ਫੋਨ ਆ ਗਿਆ ਹੈ। ਮਾਪਿਆਂ ਵਲੋਂ ਵੀ ਅੱਜ ਆਪਣੇ ਬੱਚਿਆਂ ਲਈ ਸਮਾਂ ਨਾ ਕੱਢ ਸਕਣ ਕਾਰਨ ਹੀ ਬੱਚਿਆਂ ਵਲੋਂ ਜ਼ਿਆਦਾ ਸਮਾਂ ਟੀ.ਵੀ. ਦੇਖਣਾ ਜਾਂ ਫਿਰ ਹਰ ਸਮੇਂ ਮੋਬਾਈਲ ਫੋਨ ਦੀ ਵਰਤੋਂ ਕਰ ਕੇ ਟਾਈਮ ਪਾਸ ਕਰਨ ਨੂੰ ਪਹਿਲ ਦਿੱਤੀ ਜਾਂਦੀ ਹੈ ਜੋ ਕਿ ਬੋਲਣ ਦਾ ਵਿਕਾਸ ਦੇਰੀ ਨਾਲ ਹੋਣ ਦਾ ਕਾਰਨ ਬਣ ਰਿਹਾ ਹੈ। ਮਾਪੇ ਆਪਣੀ ਸਹੂਲਤ ਲਈ ਅੱਜ ਛੋਟੇ ਬੱਚਿਆਂ ਦੀ ਸੰਤੁਸ਼ਟੀ ਲਈ ਉਨ੍ਹਾਂ ਨੂੰ ਜ਼ਿਆਦਾ ਸਮਾਂ ਟੀ.ਵੀ. 'ਤੇ ਕਾਰਟੂਨ ਦੇਖਣ ਜਾਂ ਮੋਬਾਈਲ 'ਤੇ ਗੇਮ ਖੇਡਣ ਲਈ ਪ੍ਰੇਰਦੇ ਹਨ ਜਿਸ ਕਾਰਨ ਬੱਚਿਆਂ ਵਿਚ ਆਪਸੀ ਬੋਲਚਾਲ ਦੀ ਸਮਰੱਥਾ ਦਾ ਵਿਕਾਸ ਦੇਰੀ ਨਾਲ ਹੁੰਦਾ ਹੈ। ਬੱਚਾ ਸਿਰਫ ਇਕਤਰਫਾ ਸੰਚਾਰ ਹੀ ਕਰਦਾ ਹੈ ਜਿਸ ਕਾਰਨ ਉਸ ਵਿਚ ਬੋਲਣ ਦੀ ਕਿਰਿਆ ਨਾਲੋਂ ਦੇਖਣ ਦੀ ਕਿਰਿਆ ਦਾ ਜ਼ਿਆਦਾ ਵਿਕਾਸ ਹੁੰਦਾ ਹੈ। ਜ਼ਿਆਦਾ ਟੀ.ਵੀ. ਦੇਖਣ ਨਾਲ ਜਿੱਥੇ ਨਜ਼ਰ 'ਤੇ ਬੁਰਾ ਪ੍ਰਭਾਵ ਪੈਂਦਾ ਹੈ ਨਾਲ ਹੀ ਮੋਬਾਈਲ ਫੋਨ ਦੀ ਜ਼ਿਆਦਾ ਵਰਤੋਂ ਨਾਲ ਸੁਣਨ ਦੀ ਸ਼ਕਤੀ ਉੱਤੇ ਵੀ ਕਾਫ਼ੀ ਅਸਰ ਪੈਂਦਾ ਹੈ ਅੱਜ ਅਜਿਹੇ ਸਾਧਨਾਂ ਦੀ ਲੋੜ ਤੋਂ ਜ਼ਿਆਦਾ ਵਰਤੋਂ ਸਰੀਰਕ ਨੁਕਸਾਨ ਦਾ ਕਾਰਨ ਬਣ ਰਹੀ ਹੈ।

**ਯੋਗ ਵਾਤਾਵਰਨ ਨਾ ਮਿਲਣਾ :** ਇਸ ਤੋਂ ਬਿਨਾਂ ਦੇਰੀ ਨਾਲ ਬੋਲਣ ਦੀ ਸਮੱਸਿਆ ਦਾ ਵੱਡਾ ਕਾਰਨ ਬੱਚੇ ਨੂੰ ਜਨਮ ਤੋਂ ਹੀ ਸਹੀ ਵਾਤਾਵਰਨ ਨਾ ਮਿਲਣਾ ਵੀ ਹੁੰਦਾ ਹੈ। ਕਿਉਂਕਿ ਅੱਜ ਦੇ ਵਿਗਿਆਨਕ ਅਤੇ ਮਹਿੰਗਾਈ ਦੇ ਯੁੱਗ ਵਿਚ ਹਰ ਪਰਿਵਾਰ ਦੇ ਤਕਰੀਬਨ ਸਾਰੇ ਮੈਂਬਰ ਹੀ ਨੌਕਰੀਸ਼ੁਦਾ ਹੁੰਦੇ ਹਨ ਜਿਸ ਕਾਰਨ ਬੱਚੇ ਨੂੰ ਜਨਮ ਤੋਂ ਹੀ ਅਜਿਹਾ ਵਾਤਾਵਰਨ ਮਿਲਦਾ ਹੈ ਜਿਸ ਵਿਚ ਉਸ ਨੂੰ ਸਵੇਰ ਤੋਂ ਸ਼ਾਮ ਤੱਕ ਇਕੱਲੇ ਕਿਸੇ ਘਰ ਦੇ ਵੱਡੇ ਬਜ਼ੁਰਗ ਜਾਂ ਕੰਮ ਵਾਲੀ ਕੋਲ ਹੀ ਰਹਿਣਾ ਪੈਂਦਾ ਹੈ ਜੋ ਕਿ ਬਹੁਤ ਹੀ ਸ਼ਾਂਤ ਮਾਹੌਲ ਹੁੰਦਾ ਹੈ ਜਿਸ ਕਾਰਨ ਬੱਚੇ ਵਿਚ ਬੋਲਣ ਦੀ ਕਿਰਿਆ ਦਾ ਛੇਤੀ ਵਿਕਾਸ ਨਹੀਂ ਹੁੰਦਾ। ਮਾਪਿਆਂ ਦਾ ਬੱਚਿਆਂ ਨਾਲ ਲੋੜ ਮੁਤਾਬਿਕ ਨਾ ਬੋਲਣਾ ਅਤੇ ਰੋਜ਼ਾਨਾ ਦੀ ਜ਼ਿੰਦਗੀ ਵਿਚ ਰੁੱਝੇ ਰਹਿਣਾ ਹੀ ਬੱਚਿਆਂ ਵਿਚ ਬੋਲਚਾਲ ਦੀ ਭਾਸ਼ਾ ਦਾ ਵਿਕਾਸ ਨਾ ਹੋਣ ਦਾ ਵੱਡਾ ਕਾਰਨ ਬਣ ਰਿਹਾ ਹੈ।

**ਮਾਨਸਿਕ ਕਾਰਨ :** ਅੱਜ ਬੱਚਿਆਂ ਵਿਚ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੇ ਮਾਨਸਿਕ ਕਾਰਨ ਵੀ ਸਾਹਮਣੇ ਆ ਰਹੇ ਹਨ। ਮਾਪਿਆਂ ਦਾ ਕੰਮਾਂ ਵਿਚ ਰੁੱਝੇ ਰਹਿਣਾ ਅਤੇ ਬੱਚਿਆਂ ਦਾ ਇਕੱਲਾ ਰਹਿਣਾ ਵੀ ਮਾਨਸਿਕ ਰੋਗਾਂ ਦਾ ਕਾਰਨ ਬਣਦਾ ਹੈ, ਕਿਉਂਕਿ ਜਦੋਂ ਬੱਚਿਆਂ ਵਿਚ ਇਕੱਲੇ ਰਹਿਣ ਦੀ ਆਦਤ ਦਾ ਵਿਕਾਸ ਹੋ ਜਾਂਦਾ ਹੈ ਅਤੇ ਫਿਰ ਉਹੀ ਆਦਤ ਅੱਗੇ ਜਾ ਕੇ ਡਿਪਰੈਸ਼ਨ ਦਾ ਕਾਰਨ ਬਣਦੀ ਹੈ ਜਿਸ ਕਾਰਨ ਬੱਚਾ ਚੁੱਪ-ਚੁੱਪ ਰਹਿੰਦਾ ਹੈ, ਆਪਣੇ-ਆਪ ਵਿਚ ਹੀ ਖੋਇਆ ਰਹਿੰਦਾ ਹੈ ਉਸ ਨੂੰ ਕਿਸੇ ਦੀ ਮੌਜੂਦਗੀ ਨਾਲ ਕੋਈ ਲੈਣਾ-ਦੇਣਾ ਨਹੀਂ ਰਹਿੰਦਾ ਉਹ ਤਾਂ ਬਸ ਆਪਣੇ ਕਮਰੇ ਵਿਚ ਟੀ.ਵੀ. ਜਾਂ ਮੋਬਾਈਲ ਵਿਚ ਹੀ ਮਸਤ ਰਹਿੰਦਾ ਹੈ ਅਜਿਹੀ ਸਥਿਤੀ ਵਿਚ ਬੱਚੇ ਦੀ ਮਾਨਸਿਕ ਸਥਿਤੀ 'ਤੇ ਕਾਫ਼ੀ ਬੁਰਾ ਪ੍ਰਭਾਵ ਪੈਂਦਾ ਹੈ ਉਸ ਦਾ ਸਰੀਰਕ ਵਿਕਾਸ ਵੀ ਪ੍ਰਭਾਵਿਤ ਹੁੰਦਾ ਹੈ। ਜੋ ਕਿ ਕਾਫ਼ੀ ਤਰ੍ਹਾਂ ਦੀਆਂ ਬਿਮਾਰੀਆਂ ਦਾ ਕਾਰਨ ਬਣਦਾ ਹੈ।

**ਸਰੀਰਕ ਬਿਮਾਰੀਆਂ ਵਿਚ ਵਾਧਾ :** ਮਾਪਿਆਂ ਦੀਆਂ ਗ਼ਲਤੀਆਂ ਸਦਕਾ ਅੱਜ ਛੋਟੇ ਬੱਚਿਆਂ ਦੀਆਂ ਸਰੀਰਕ ਬਿਮਾਰੀਆਂ ਵਿਚ ਵੀ ਕਾਫ਼ੀ ਵਾਧਾ ਹੋ ਰਿਹਾ ਹੈ। ਜੇ ਦੋ-ਤਿੰਨ ਦਹਾਕੇ ਪਹਿਲਾਂ ਦੇ ਬੱਚਿਆਂ ਦੀ ਤੁਲਣਾ ਅੱਜ ਦੀ ਪੀੜ੍ਹੀ ਨਾਲ ਕੀਤੀ ਜਾਵੇ ਤਾਂ ਸਾਡੇ ਸਾਹਮਣੇ ਬਹੁਤ ਹੀ ਚਿੰਤਾਜਨਕ ਨਤੀਜੇ ਆਉਂਦੇ ਹਨ। ਉਨ੍ਹਾਂ ਸਮਿਆਂ ਵਿਚ ਤਕਨਾਲੋਜੀ ਦੀ ਘਾਟ, ਬਾਹਰੀ ਵਧੀਆ ਵਾਤਾਵਰਨ ਅਤੇ ਮਾਪਿਆਂ ਦਾ ਹਰ ਸਮੇਂ ਬੱਚਿਆਂ ਨਾਲ ਵਿਚਰਨਾ ਹੀ ਉਨਾਂ ਵਿਚ ਬਿਮਾਰੀਆਂ ਨਾ ਹੋਣ ਦਾ ਇਕ ਵੱਡਾ ਕਾਰਨ ਸੀ। ਪਰ ਅੱਜ ਇਸ ਦੇ ਉਲਟ ਮਾਪਿਆਂ ਦਾ ਬੱਚਿਆਂ ਲਈ ਸਮਾਂ ਨਾ ਕੱਢਣਾ ਅਤੇ ਅਯੋਗ ਵਾਤਾਵਰਨ ਮਿਲਣ ਕਾਰਨ ਹੀ ਬੱਚਿਆਂ ਨੂੰ ਛੋਟੀ ਉਮਰ ਵਿਚ ਹੀ ਕਈ ਤਰ੍ਹਾਂ ਦੇ ਸਰੀਰਕ ਰੋਗ ਜਕੜ ਰਹੇ ਹਨ। ਬੱਚਿਆਂ ਵਿਚ ਅੰਦਰੂਨੀ ਗੇਮਾਂ ਕਾਰਨ ਹਰ ਸਮੇਂ ਟੀ.ਵੀ., ਮੋਬਾਈਲ, ਕੰਪਿਊਟਰ, ਇੰਟਰਨੈਟ ਦੀ ਲਗਾਤਾਰ ਇਕੋ ਸਥਿਤੀ ਵਿਚ ਬੈਠ ਕੇ ਵਰਤੋਂ ਕਰਨ ਨਾਲ ਦੇਸ਼ ਦੇ ਲਗਭਗ 45 ਫ਼ੀਸਦੀ ਬੱਚੇ ਛੋਟੀ ਉਮਰ ਵਿਚ ਹੀ ਮੋਟਾਪੇ ਦਾ ਸ਼ਿਕਾਰ ਹੋ ਰਹੇ ਹਨ। ਮੋਟਾਪਾ ਜੋ ਕਿ ਅੱਗੇ ਜਾ ਕੇ ਸ਼ੂਗਰ ਦਾ ਕਾਰਨ ਵੀ ਬਣ ਜਾਂਦਾ ਹੈ।

**ਵਿਵਹਾਰਕ ਤਬਦੀਲੀ :** ਉਪਰੋਕਤ ਕਾਰਨਾਂ ਕਰਕੇ ਹੀ ਅੱਜ ਦੇ ਸਮੇਂ ਵਿਚ ਛੋਟੀ ਉਮਰ ਦੇ ਬੱਚਿਆਂ ਵਿਚ ਕਈ ਤਰ੍ਹਾਂ ਦੇ ਰੋਗਾਂ ਦਾ ਵਾਧਾ ਹੋ ਰਿਹਾ ਹੈ। ਮਾਪਿਆਂ ਦੀਆਂ ਗ਼ਲਤੀਆਂ ਅਤੇ ਤਕਨਾਲੋਜੀ ਦੀ ਦੁਰਵਰਤੋਂ ਸਦਕਾ ਹੀ ਅੱਜ ਕੁਝ ਪ੍ਰਤੀਸ਼ਤਤਾ ਵਿਚ ਨਿੱਕੀ ਉਮਰੇ ਹੀ ਬੱਚੇ ਔਟੀਜ਼ਮ ਦਾ ਸ਼ਿਕਾਰ ਹੋ ਰਹੇ ਹਨ। ਇਹ ਵਿਹਾਰ ਦੀ ਇਕ ਅਜਿਹੀ ਤਬਦੀਲੀ ਹੁੰਦੀ ਹੈ ਜਿਸ ਵਿਚ ਬੱਚੇ ਸਿਰਫ਼ ਆਪਣੇ ਆਪ ਵਿਚ ਹੀ ਖੋਏ ਰਹਿੰਦੇ ਹਨ। ਬੱਚਾ ਕਿਸੇ ਵੀ ਗੱਲ 'ਤੇ ਜ਼ਿਆਦਾ ਫੋਕਸ ਨਹੀਂ ਕਰ ਪਾਉਂਦਾ। ਉਹ ਹਰ ਗੱਲ ਨੂੰ ਸੁਣਨ ਤੇ ਸਮਝਣ ਵਿਚ ਦੇਰੀ ਲਗਾਉਂਦੇ ਹਨ। ਦੂਜਿਆਂ ਦੀ ਮੌਜੂਦਗੀ ਨੂੰ ਅਣਦੇਖਿਆਂ ਜਾਂ ਅਣਗੌਲਿਆਂ ਕਰਦੇ ਹਨ। ਜ਼ਿਆਦਾਤਰ ਮਾਪੇ ਇਨ੍ਹਾਂ ਲੱਛਣਾਂ ਨੂੰ ਆਮ ਸਮਝ ਕੇ ਬੱਚੇ ਵੱਲ ਬਿਲਕੁਲ ਵੀ ਧਿਆਨ ਨਹੀਂ ਦਿੰਦੇ ਪਰ ਇਸ ਸਮੱਸਿਆ ਨੂੰ ਜੇਕਰ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ ਤਾਂ ਭਵਿੱਖ ਵਿਚ ਇਹ ਸਮੱਸਿਆ ਬੱਚੇ ਦੇ ਸਰੀਰਕ ਤੇ ਮਾਨਸਿਕ ਰੋਗਾਂ ਦਾ ਕਾਰਨ ਵੀ ਬਣਦੀ ਹੈ।

## ਸੁਝਾਅ

ਹੁਣ ਸਮਾਂ ਆ ਗਿਆ ਹੈ ਕਿ ਸਾਨੂੰ ਸਾਰਿਆਂ ਨੂੰ ਮਿਲ ਕੇ ਆਪਣੇ ਬੱਚਿਆਂ ਨੂੰ ਅਜਿਹੀਆਂ ਉੱਭਰ ਰਹੀਆਂ ਸਮੱਸਿਆਵਾਂ ਦੇ ਪ੍ਰਭਾਵਾਂ ਤੋਂ ਬਚਾਇਆ ਜਾਣਾ ਚਾਹੀਦਾ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਅਸੀਂ ਨਿਮਨ ਲਿਖੇ ਸੁਝਾਵਾਂ ਨੂੰ ਅਪਣਾਵਾਂਗੇ।

1. ਸਭ ਤੋਂ ਪਹਿਲਾਂ ਅੱਜ ਹਰ ਮਾਪੇ ਵਲੋਂ ਆਪਣੇ ਬੱਚਿਆਂ ਨੂੰ ਮੋਬਾਈਲ ਫੋਨ, ਟੀ.ਵੀ, ਇੰਟਰਨੈਟ ਦੀ ਵਰਤੋਂ ਲਈ ਸਿਰਫ ਨਿਰਧਾਰਤ ਸਮਾਂ ਹੀ ਦਿੱਤਾ ਜਾਵੇ। ਉਦਾਹਰਨ ਦੇ ਤੌਰ 'ਤੇ 2-5 ਤੋਂ ਸਾਲ ਦੇ ਬੱਚਿਆਂ ਲਈ 30-35 ਮਿੰਟ ਪ੍ਰਤੀ ਦਿਨ, 5-10 ਸਾਲ ਦੇ ਬੱਚਿਆਂ ਲਈ 45-50 ਮਿੰਟ ਪ੍ਰਤੀ ਦਿਨ ਅਤੇ 10-18 ਸਾਲ ਦੇ ਬੱਚਿਆਂ ਲਈ 60-90 ਮਿੰਟ ਪ੍ਰਤੀ ਦਿਨ ਦਾ ਸਮਾਂ ਹੀ ਦੇਣਾ ਚਾਹੀਦਾ ਹੈ। 2. ਜੇਕਰ ਮੋਬਾਈਲ ਫੋਨ, ਜਾਂ ਇੰਟਰਨੈਟ ਦੀ ਵਰਤੋਂ ਵੀ ਕਰਨੀ ਹੈ ਤਾਂ ਉਨ੍ਹਾਂ ਵਿਚ ਬੱਚਿਆਂ ਨੂੰ ਕਹਾਣੀਆਂ ਪੜ੍ਹਨ ਅਤੇ ਹੋਰ ਪੜ੍ਹਾਈ ਨਾਲ ਸੰਬੰਧਤ ਸਮੱਗਰੀ ਦੀ ਵਰਤੋਂ ਨੂੰ ਹੀ ਪਹਿਲ ਦਿੱਤੀ ਜਾਵੇ।
3. ਆਪਣੇ ਬੱਚਿਆਂ ਨੂੰ ਜ਼ਿਆਦਾ ਤੋਂ ਜ਼ਿਆਦਾ ਬਾਹਰੀ ਖੇਡਾਂ (Out door Games) ਖੇਡਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਜਿਸ ਨਾਲ ਬੱਚਿਆਂ ਦਾ ਸਰੀਰਕ ਵਿਕਾਸ ਸਹੀ ਤਰੀਕੇ ਨਾਲ ਹੁੰਦਾ ਹੈ।
4. ਬੱਚਿਆਂ ਨੂੰ ਯੋਗਾ ਕਰਨ ਅਤੇ ਹੋਰ ਸਰੀਰਕ ਕਸਰਤਾਂ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਜੋ ਕਿ ਸਰੀਰਕ ਤੇ ਮਾਨਸਿਕ ਸਥਿਤੀ ਨੂੰ ਮਜ਼ਬੂਤ ਕਰਦੀਆਂ ਹਨ।
5. ਜ਼ਿਆਦਾ ਛੋਟੀ ਉਮਰ ਦੇ ਬੱਚਿਆਂ ਨਾਲ ਜ਼ਿਆਦਾ ਤੋਂ ਜ਼ਿਆਦਾ ਸਮਾਂ ਗੱਲਾਂ ਕਰਨੀਆਂ ਚਾਹੀਦੀਆਂ ਹਨ ਜੋਕਿ ਉਨ੍ਹਾਂ ਦੀ ਬੋਲਣ ਦੀ ਕਿਰਿਆ ਦੇ ਵਿਕਾਸ ਵਿਚ ਮਦਦਗਾਰ ਸਾਬਤ ਹੁੰਦੀਆਂ ਹਨ ਅਤੇ ਉਨ੍ਹਾਂ ਨਾਲ ਜ਼ਿਆਦਾ ਸਮਾਂ ਬਿਤਾਉਣਾ ਚਾਹੀਦਾ ਹੈ। ਉਨਾਂ ਨੂੰ ਇਕੱਲੇ ਖੇਡਣ ਤੋਂ ਜ਼ਿਆਦਾ ਬਿਹਤਰ ਹੈ ਸਮਾਂ ਕੱਢ ਕੇ ਉਨਾਂ ਨਾਲ ਆਪ ਖੇਡਣਾ ਚਾਹੀਦਾ ਹੈ।

ਜੇਕਰ ਸਾਰੇ ਮਾਪੇ ਆਪਣੇ ਬੱਚਿਆਂ ਨੂੰ ਤੰਦਰੁਸਤ ਦੇਖਣਾ ਚਾਹੁੰਦੇ ਹਨ ਤਾਂ ਸਭ ਨੂੰ ਉਪਰੋਕਤ ਲਿਖੇ ਬਿਮਾਰੀ ਦੇ ਕਾਰਨਾਂ ਅਤੇ ਲੱਛਣਾ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਜੇਕਰ ਕੋਈ ਬੱਚਾ ਦੇਰੀ ਨਾਲ ਬੋਲਣ ਸੰਬੰਧਤ ਬਿਮਾਰੀ ਦੇ ਲੱਛਣ ਦਰਸਾਉਂਦਾ ਹੈ ਤਾਂ ਉਸ ਨੂੰ ਤਰੁੰਤ ਸਪੀਚ ਥੈਰੇਪੀ ਦੇ ਮਾਹਿਰ ਡਾਕਟਰਾਂ ਦੀ ਸਲਾਹ ਲੈਣੀ ਚਾਹੀਦੀ ਹੈ। ਪਰ ਜੇਕਰ ਹਰ ਮਾਪਾ ਉਪਰੋਕਤ ਦਿੱਤੇ ਸੁਝਾਵਾਂ ਨੂੰ ਅਪਣਾਉਂਦਾ ਹੈ ਤਾਂ ਇਹ ਸੰਭਵ ਹੋ ਸਕਦਾ ਹੈ ਕਿ ਕਿਸੇ ਵੀ ਬੱਚੇ ਨੂੰ ਦੇਰੀ ਨਾਲ ਬੋਲਣ ਦੀ ਸਮੱਸਿਆ ਜਾਂ ਹੋਰ ਮਾਨਸਿਕ ਤੇ ਸਰੀਰਕ ਸਮੱਸਿਆ ਨਾ ਆਵੇ। ਸੋ ਲੋੜ ਹੈ ਅੱਜ ਹਰ ਮਾਪੇ ਨੂੰ ਆਪਣੇ ਬੱਚਿਆਂ ਦੇ ਵਿਕਾਸ ਤੇ ਤੰਦਰੁਸਤੀ ਨੂੰ ਗੰਭੀਰਤਾ ਨਾਲ ਲੈਣ ਦੀ।

# ਮੋਬਾਈਲ 'ਚ ਗੁਆਚਦੀ ਜਾਂਦੀ ਜ਼ਿੰਦਗੀ

ਲਿਖਤ : ਹਰਪ੍ਰੀਤ ਕੌਰ ਸੰਧੂ

ਮੋਬਾਈਲ ਨੇ ਸਾਡੀ ਜ਼ਿੰਦਗੀ ਨੂੰ ਬਹੁਤ ਔਖਾ ਬਣਾ ਦਿੱਤਾ ਹੈ। ਅਸੀਂ ਸਭ ਕੁਝ ਜਲਦੀ ਚਾਹੁੰਦੇ ਹਾਂ। ਪਹਿਲਾਂ ਅਸੀਂ ਕਿਸੇ ਨਾਲ ਗੱਲ ਕਰਨ ਦੀ ਉਡੀਕ ਕਰਦੇ ਸੀ। ਜੇ ਅਸੀਂ ਗੁੱਸੇ ਵਿਚ ਸੀ ਤਾਂ ਜਦੋਂ ਅਸੀਂ ਮਿਲਦੇ ਹਾਂ ਤਾਂ ਗੁੱਸਾ ਖਤਮ ਹੋ ਗਿਆ ਸੀ. ਹੁਣ ਅਸੀਂ ਜੋ ਕੁਝ ਸਾਡੇ ਮੂੰਹੋਂ ਨਿਕਲਦਾ ਹੈ, ਉਸਨੂੰ ਬੁਲਾਉਂਦੇ ਹਾਂ ਅਤੇ ਫੂਕ ਦਿੰਦੇ ਹਾਂ। ਇਸ ਨੇ ਰਿਸ਼ਤੇ ਨੂੰ ਔਖਾ ਬਣਾ ਦਿੱਤਾ ਹੈ। ਜ਼ਰਾ ਕਲਪਨਾ ਕਰੋ ਕਿ ਜੇਕਰ ਇੱਕ ਔਰਤ ਦਾ ਆਪਣੇ ਪਤੀ ਨਾਲ ਝਗੜਾ ਹੁੰਦਾ ਹੈ, ਤਾਂ ਉਹ ਆਂਢ-ਗੁਆਂਢ ਦੇ ਕਿਸੇ ਦੋਸਤ ਨਾਲ ਗੱਲ ਕਰਨ ਲਈ ਸਵੇਰ ਤੱਕ ਇੰਤਜ਼ਾਰ ਕਰਦੀ ਸੀ ਅਤੇ ਉਸਦੇ ਮਾਤਾ-ਪਿਤਾ ਨੂੰ ਮਿਲਣ ਦੀ ਉਡੀਕ ਕਰਦੀ ਸੀ। ਜਦੋਂ ਤੱਕ ਉਸ ਨੂੰ ਇਸ ਬਾਰੇ ਗੱਲ ਕਰਨ ਦਾ ਮੌਕਾ ਮਿਲਿਆ, ਦੋਵੇਂ ਆਮ ਵਾਂਗ ਹੋ ਗਏ ਸਨ।

ਦੂਜਾ ਗੰਭੀਰ ਮੁੱਦਾ ਇਹ ਮੈਸੇਜ ਸਿਸਟਮ ਹੈ। ਅਸੀਂ ਇੱਕ ਵੱਖਰੇ ਮੂਡ ਵਿੱਚ ਕੁਝ ਲਿਖਦੇ ਹਾਂ ਜੋ ਇਸ ਨੂੰ ਪੜ੍ਹਦਾ ਹੈ ਉਹ ਇਸਨੂੰ ਆਪਣੇ ਮੂਡ ਦੇ ਅਨੁਸਾਰ ਸਮਝਦਾ ਹੈ. ਆਪਸੀ ਤਾਲਮੇਲ ਸਪੱਸ਼ਟ ਨਹੀਂ ਹੈ ਅਤੇ ਇਹ ਸਾਡੇ ਸਬੰਧਾਂ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਫਿਰ ਗੱਲ ਕਰਦੇ ਸਮੇਂ ਅਸੀਂ ਕਠੋਰ ਸ਼ਬਦਾਂ ਦੀ ਵਰਤੋਂ ਕਰਨ ਤੋਂ ਝਿਜਕਦੇ ਹਾਂ ਪਰ ਲਿਖਦੇ ਸਮੇਂ ਅਸੀਂ ਪ੍ਰਵਾਹ ਨਹੀਂ ਕਰਦੇ ਅਤੇ ਕਈ ਵਾਰ ਬਾਅਦ ਵਿੱਚ ਪਛਤਾਉਂਦੇ ਹਾਂ। ਪਰ ਨੁਕਸਾਨ ਉਦੋਂ ਤੱਕ ਹੋ ਜਾਂਦਾ ਹੈ।

ਤੀਸਰਾ ਮਾਨਸਿਕ ਤੌਰ 'ਤੇ ਅਸੀਂ ਹਮੇਸ਼ਾ ਚਲਦੇ ਰਹਿੰਦੇ ਹਾਂ। ਜਦੋਂ ਅਸੀਂ ਕੁਝ ਬਹੁਤ ਮਹੱਤਵਪੂਰਨ ਕਰਨ ਦੇ ਵਿਚਕਾਰ ਹੁੰਦੇ ਹਾਂ ਤਾਂ ਇੱਕ ਕਾਲ ਮੂਡ ਨੂੰ ਬਦਲ ਦਿੰਦੀ ਹੈ। ਗੜਬੜ ਨੂੰ ਸੰਭਾਲਣ ਲਈ ਬਹੁਤ ਜ਼ਿਆਦਾ ਹੈ।

ਸਮੂਹ ਵਿੱਚ ਬੈਠ ਕੇ ਵੀ ਹਰ ਕੋਈ ਆਪਣੇ ਮੋਬਾਈਲ ਵਿੱਚ ਰੁੱਝਿਆ ਹੋਇਆ ਹੈ। ਫਪਲ ਖਾਸ ਕਰਕੇ ਨੌਜਵਾਨ ਘੱਟ ਹੀ ਗੱਲ ਕਰਦੇ ਹਨ. ਅਸੀਂ ਗੱਲਬਾਤ ਗੁਆ ਰਹੇ ਹਾਂ। ਸਾਡੇ ਪਰਿਵਾਰਕ ਬੰਧਨ ਸਾਡੇ ਸੰਚਾਰ ਕਾਰਨ ਹੀ ਬਹੁਤ ਮਜ਼ਬੂਤ ਸਨ। ਪਰ ਹੁਣ ਹਰ ਕੋਈ ਗੱਲ ਕਰਨ ਦੀ ਬਜਾਏ ਗੱਲਬਾਤ ਵਿੱਚ ਰੁੱਝਿਆ ਹੋਇਆ ਹੈ।

ਮੋਬਾਈਲ ਦੀ ਜ਼ਿਆਦਾ ਵਰਤੋਂ ਨੇ ਸਾਨੂੰ ਮਸ਼ੀਨੀ ਬਣਾ ਦਿੱਤਾ ਹੈ। ਅਸੀਂ ਮਨੁੱਖੀ ਸੰਪਰਕ ਨੂੰ ਗੁਆ ਰਹੇ ਹਾਂ। ਅਸੀਂ ਮੋਬਾਈਲ ਨਾਲ ਸਭ ਕੁਝ ਕਰਦੇ ਹਾਂ ਭਾਵੇਂ ਇਹ ਖਰੀਦਦਾਰੀ ਕਰਨਾ ਜਾਂ ਭੋਜਨ ਆਰਡਰ ਕਰਨਾ। ਅਸੀਂ ਉੱਠਦੇ ਹਾਂ ਅਤੇ ਸਭ ਤੋਂ ਪਹਿਲਾਂ ਆਪਣਾ ਮੋਬਾਈਲ ਚੁੱਕਣਾ ਹੁੰਦਾ ਹੈ। ਸੌਣ ਤੋਂ ਪਹਿਲਾਂ ਆਖਰੀ ਕੰਮ ਅਸੀਂ ਆਪਣੇ ਮੋਬਾਈਲ ਨੂੰ ਚੈੱਕ ਕਰਨਾ ਹੈ।

ਅਸੀਂ ਹੱਥ ਵਿੱਚ ਮੋਬਾਈਲ ਲੈ ਕੇ ਸੈਰ ਕਰਨ ਜਾਂਦੇ ਹਾਂ। ਅਸੀਂ ਇਸਨੂੰ ਕੈਮਰਾ, ਕੈਲਕੁਲੇਟਰ, ਘੜੀ ਅਤੇ ਲਗਭਗ ਹਰ ਚੀਜ਼ ਦੇ ਤੌਰ ਤੇ ਵਰਤਦੇ ਹਾਂ। ਮੋਬਾਈਲ ਨਾਲ ਅਸੀਂ ਸਿਰਫ਼ ਤਸਵੀਰਾਂ ਲੈ ਰਹੇ ਹਾਂ ਅਤੇ ਪਲ ਦਾ ਆਨੰਦ ਨਹੀਂ ਮਾਣ ਰਹੇ ਹਾਂ। ਅਸੀਂ ਸ਼ਮਸ਼ਾਨਘਾਟ ਨੂੰ ਵੀ ਨਹੀਂ ਬਖਸ਼ਦੇ। ਉੱਥੇ ਵੀ ਅਸੀਂ ਲਾਸ਼ ਦੀਆਂ ਤਸਵੀਰਾਂ ਕਲਿੱਕ ਕਰਦੇ ਹਾਂ ਅਤੇ ਸੋਸ਼ਲ ਮੀਡੀਆ 'ਤੇ ਸ਼ੇਅਰ ਕਰਦੇ ਹਾਂ।

ਸਾਡੀ ਗੱਲਬਾਤ ਦਾ ਮੁੱਖ ਮੁੱਦਾ ਸੋਸ਼ਲ ਮੀਡੀਆ ਹੈ। ਕਿਸ ਨੇ ਸਾਨੂੰ ਬਲਾਕ ਕੀਤਾ, ਕੌਣ ਸਾਡੀ ਪੋਸਟ ਨੂੰ ਪਸੰਦ ਕਰਦਾ ਹੈ ਇਹ ਸਾਡੀ ਜ਼ਿੰਦਗੀ ਦੇ ਸਭ ਤੋਂ ਮਹੱਤਵਪੂਰਨ ਮੁੱਦੇ ਹਨ।

ਅਸੀਂ ਬਹੁਤ ਕੁਝ ਗੁਆ ਲਿਆ ਹੈ। ਸਾਨੂੰ ਬੱਚਿਆਂ ਲਈ ਦੋਸਤੀ ਬਣਾਉਣ ਲਈ ਚਿਟ ਚੈਟ, ਛੋਟੀਆਂ ਦਲੀਲਾਂ, ਆਂਢ-ਗੁਆਂਢ ਦੀਆਂ ਖੇਡਾਂ ਦੀ ਲੋੜ ਹੈ।

ਸਾਨੂੰ ਸਮਾਜਿਕ ਰਹਿਣ ਲਈ ਮੋਬਾਈਲ ਦੀ ਵਰਤੋਂ ਨੂੰ ਸੀਮਤ ਕਰਨ ਦੀ ਲੋੜ ਹੈ। ਸਾਨੂੰ ਗੱਲਬਾਤ ਨੂੰ ਜ਼ਿੰਦਾ ਰੱਖਣ ਦੀ ਲੋੜ ਹੈ। ਸਾਨੂੰ ਸੰਦੇਸ਼ ਦੇਣ ਦੀ ਬਜਾਏ ਵਿਅਕਤੀਗਤ ਤੌਰ 'ਤੇ ਇੱਕ ਦੂਜੇ ਲਈ ਮੌਜੂਦ ਹੋਣ ਦੀ ਲੋੜ ਹੈ।

ਆਓ ਇਸਨੂੰ ਅਜ਼ਮਾਈਏ।



# ਸਿਹਤ ਸੰਸਾਰ

## ਨੀਂਦ ਨਾ ਆਉਣ ਦੀ ਵੱਧ ਰਹੀ ਸਮੱਸਿਆ



ਲਿਖਤ
ਅਵਤਾਰ ਨਿਊਜ਼ੀਲੈਂਡ
006421392147



ਨੀਂਦ ਨਾ ਆਉਣਾ ਅੰਤਰ ਰਾਸ਼ਟਰੀ ਸਮੱਸਿਆ ਬਣ ਗਈ ਹੈ। ਜਦੋਂ ਦੀ ਦੁਨੀਆਂ ਤੇ ਨੱਠ ਭੱਜ ਵਧੀ ਹੈ ਉਦੋਂ ਤੋਂ ਹੀ ਦੁਨੀਆਂ ਤੇ ਬਹੁਤ ਲੋਕ ਨੀਂਦ ਨਾ ਆਉਣ ਦੀ ਸ਼ਿਕਾਇਤ ਕਰਦੇ ਹਨ ।

ਇੱਕ ਦੂਜੇ ਤੋਂ ਅੱਗੇ ਨਿਕਲਣ ਦੀ ਤਾਂਘ ਅਤੇ ਰਾਤੋ ਰਾਤ ਅਮੀਰ ਬਣਨ ਦੀ ਇੱਛਾ ਇਨਸਾਨ ਨੂੰ ਅਰਾਮ ਦੀ ਜਿੰਦਗੀ ਜਿਉਣ ਨਹੀਂ ਦਿੰਦੀ। ਇਨਸਾਨ ਫੈਸਲਾ ਹੀ ਨਹੀਂ ਕਰ ਪਾਉਂਦਾ ਕਿ ਉਸ ਨੂੰ ਆਪਣੀ ਜਿੰਦਗੀ ਲਈ ਕੀ ਚਾਹੀਦਾ ਹੈ, ਕਦੋਂ ਚਾਹੀਦਾ ਹੈ ਅਤੇ ਕਿੰਨਾ ਚਾਹੀਦਾ ਹੈ?

ਨੀਂਦ ਨਾ ਆਉਣ ਵਾਲਿਆਂ ਵਿੱਚ ਗਰੀਬ, ਮੱਧ ਵਰਗ ਅਤੇ ਅਮੀਰ ਲੋਕ ਵੀ ਸ਼ਾਮਲ ਹਨ। ਆਪਣਾ ਅਤੇ ਬੱਚਿਆਂ ਦਾ ਵਧੀਆ ਭਵਿੱਖ ਬਣਾਉਣ ਦੀ ਆਸ ਵਿੱਚ ਇਨਸਾਨ ਆਪਣਾ ਵਰਤਮਾਨ ਖਰਾਬ ਕਰ ਲੈਂਦਾ ਹੈ।ਜਦੋਂ ਉਸ ਨੂੰ ਇਸ ਖਰਾਬੀ ਦਾ ਪਤਾ ਲਗਦਾ ਹੈ ਤਾਂ ਉਦੋਂ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ ਭਾਵ ਪੁਲਾਂ ਥੱਲਿਓਂ ਪਾਣੀ ਲੰਘ ਚੁੱਕਾ ਹੁੰਦਾ ਹੈ ਜੋ ਵਾਪਸ ਨਹੀਂ ਮੁੜਨਾ ਹੁੰਦਾ। ਉਸ ਦੇ ਪੱਲੇ ਪਛਤਾਵਾ ਹੀ ਪੈਂਦਾ ਹੈ । ਨੀਂਦ ਨਾ ਆਉਣ ਦੇ ਕਈ ਕਾਰਨ ਹੋ ਸਕਦੇ ਹਨ ਪਰ ਮੁੱਖ ਕਾਰਣ ਚਿੰਤਾ/ਫਿਕਰ ਹੁੰਦਾ ਹੈ। ਦਿਮਾਗੀ ਪ੍ਰੇਸ਼ਾਨੀ ਹੋਣਾ, ਕਿਸੇ ਦਵਾਈ ਦਾ ਮਾੜਾ ਅਸਰ ਹੋਣਾ, ਬਹੁਤ ਜਿਆਦਾ ਘੰਟੇ ਕੰਮ ਕਰਨ ਨਾਲ ਨਾ ਸੌਣ ਦੀ ਆਦਤ ਪਾ ਲੈਣੀ, ਸੌਣ ਤੋਂ ਪਹਿਲਾਂ ਮੋਬਾਇਲ ਵਰਤਦੇ ਰਹਿਣਾ, ਸੌਣ ਤੋਂ ਪਹਿਲਾਂ ਕੋਈ ਡਰਾਉਣੀ ਫਿਲਮ ਦੇਖ ਲੈਣੀ, ਜਿਆਦਾ ਮਿਰਚਾਂ ਮਸਾਲਿਆਂ ਵਾਲਾ ਖਾਣਾ ਖਾ ਕੇ ਸੌਣਾ, ਸੌਣ ਤੋਂ ਪਹਿਲਾਂ ਬਹੁਤ ਜਿਆਦਾ ਖਾ ਲੈਣਾ ਜਾਂ ਬਹੁਤ ਭੁੱਖੇ ਹੋਣਾ ਆਦਿ ਨੀਂਦ ਨਾ ਆਉਣ ਦੇ ਕਾਰਣ ਹੁੰਦੇ ਹਨ । ਸੌਣ ਤੋਂ ਪਹਿਲਾਂ ਕਿਸੇ ਨਾਲ ਗੁੱਸੇ ਹੋਣਾ ਜਾਂ ਲੜ ਪੈਣਾ ਰਾਤ ਨੂੰ ਸੌਣ ਨਹੀਂ ਦਿੰਦਾ, ਮੈਗਨੀਜ਼ੀਅਮ ਦੀ ਘਾਟ ਕਰਕੇ ਵੀ ਨੀਂਦ ਨਹੀਂ ਆਉਂਦੀ ਹੈ। ਮੈਗਨੀਜ਼ੀਅਮ ਨਰਵਸ ਸਿਸਟਮ (ਇਰਵੌਸ ਸ਼ੇਸਟਇਮ) ਨੂੰ ਸਪੋਰਟ ਕਰਦਾ ਹੈ ਅਤੇ ਘਾਟ ਪੂਰੀ ਹੋਣ ਤੇ ਨੀਂਦ ਆਉਣ ਲੱਗ ਪੈਂਦੀ ਹੈ। ਮੈਗਨੀਜ਼ੀਅਮ ਦੀ ਘਾਟ ਨਾਲ ਰਾਤ ਨੂੰ ਨਾੜਾਂ ਚੜ੍ਹਨ ਦੀ ਸਮੱਸਿਆ ਵੀ ਹੋ ਜਾਂਦੀ ਹੈ ਜਿਸ ਨਾਲ ਵਾਰ ਵਾਰ ਅੱਖ ਖੁੱਲ੍ਹ ਜਾਂਦੀ ਹੈ, ਸੌਣ ਤੋਂ ਪਹਿਲਾਂ ਚਾਹ ਜਾਂ ਕੌਫੀ ਪੀਣ ਨਾਲ ਵੀ ਨੀਂਦ ਨਹੀਂ ਆਉਂਦੀ ਅਤੇ ਪੇਟ ਵਿੱਚ ਗੈਸ ਭਰੇ ਹੋਣ ਨਾਲ ਵੀ ਨੀਂਦ ਨਹੀਂ ਆਉਂਦੀ ।

ਕੁੱਝ ਲੋਕ ਜਦੋਂ ਆਪਣਾ ਕਾਰੋਬਾਰ ਖੋਲ੍ਹ ਲੈਂਦੇ ਹਨ ਤਾਂ ਕੋਸ਼ਿਸ਼ ਕਰਦੇ ਹਨ ਕਿ ਜਿਆਦਾ ਕੰਮ ਖੁਦ ਹੀ ਕੀਤਾ ਜਾਵੇ ਤਾਂ ਕਿ ਕਾਮਿਆਂ ਨੂੰ ਪੈਸੇ ਨਾ ਦੇਣੇ ਪੈਣ ਜਾਂ ਘੱਟ ਦੇਣੇ ਪੈਣ। ਭਾਵ ਉਹ ਬਹੁਤ ਪੈਸਾ ਕਮਾਉਣਾ ਚਾਹੁੰਦੇ ਹਨ ਪਰ ਦੂਜਿਆਂ ਨੂੰ ਦੇਣਾ ਹੀ ਨਹੀਂ ਚਾਹੁੰਦੇ। ਇਸ ਤਰਾਂ ਦਾ ਕਾਰੋਬਾਰ ਉਨ੍ਹਾਂ ਦੀ ਪਰਿਵਾਰਿਕ ਜਿੰਦਗੀ ਵੀ ਤਬਾਹ ਕਰ ਦਿੰਦਾ ਹੈ। ਇੱਕ ਕਹਾਵਤ ਹੈ ਕਿ "ਸੋਨੇ ਨੂੰ ਕੀ ਕਰਨਾ ਜਿਹੜਾ ਕੰਨਾਂ ਨੂੰ ਖਾਵੇ?" ਇਸ ਤਰਾਂ ਦੇ ਕਾਰੋਬਾਰ ਨਾਲੋਂ ਦੂਜੇ ਦੇ ਕੰਮ ਕਰਨਾ ਜਿਆਦਾ ਵਧੀਆ ਰਹਿੰਦਾ ਹੈ।

ਕੁੱਝ ਲੋਕ ਨਰਕ ਸਵਰਗ ਦੀ ਚਿੰਤਾ ਕਰਨ ਲੱਗ ਪੈਂਦੇ ਹਨ ਅਤੇ ਮਨ ਵਿੱਚ ਪਰਲੋਕ ਦਾ ਭਰਮ ਪਾਲਦੇ ਹਨ। ਕਈ ਮਰਨ ਤੋਂ ਬਾਦ ਜਮਾਂ ਦੀ ਮਾਰ ਤੋਂ ਡਰਨ ਦਾ ਭਰਮ ਪਾਲਣ ਲੱਗ ਪੈਂਦੇ ਹਨ। ਕਈਆਂ ਨੂੰ ਅਗਲੇ ਜਨਮ ਦਾ ਫਿਕਰ ਸੌਣ ਨਹੀਂ ਦਿੰਦਾ ਜਦ ਕਿ ਅਗਲਾ ਜਨਮ ਕਿਸੇ ਦਾ ਹੁੰਦਾ ਹੀ ਨਹੀਂ। ਕੁੱਝ ਲੋਕ ਭੂਤਾਂ, ਚੁੜੇਲਾਂ, ਦੇਆਂ ਦੀਆਂ ਕਹਾਣੀਆਂ ਸੁਣਦੇ ਅਤੇ ਪੜ੍ਹਦੇ ਹਨ। ਉਨ੍ਹਾਂ ਨੂੰ ਰਾਤ ਨੂੰ ਉਹ ਕੁੱਝ ਹੀ ਦਿਖਾਈ ਦੇਣ ਲੱਗ ਪੈਂਦਾ ਹੈ ਜੋ ਉਹ ਦਿਨ ਵੇਲੇ ਪੜ੍ਹਦੇ ਜਾਂ ਸੁਣਦੇ ਹਨ। ਉਹ ਇਹ ਸਭ ਯਾਦ ਕਰਕੇ ਵਾਰ ਵਾਰ ਉੱਠਦੇ ਹਨ।

ਨੀਂਦ ਨਾ ਆਉਣਾ ਕਈ ਹੋਰ ਬਿਮਾਰੀਆਂ ਨੂੰ ਜਨਮ ਦਿੰਦਾ ਹੈ ਅਤੇ ਲੰਬਾ ਸਮਾਂ ਨੀਂਦ ਦੀਆਂ ਗੋਲੀਆਂ ਖਾ ਕੇ ਸੌਣਾ ਸਿਹਤ ਲਈ ਮਾੜਾ ਹੁੰਦਾ ਹੈ। ਕਸਰਤ ਕਰਨੀ ਨੀਂਦ ਵਾਸਤੇ ਵਧੀਆ ਹੁੰਦੀ ਹੈ। ਜੇਕਰ ਦਿਨ ਵਿੱਚ 30 ਕੁ ਮਿੰਟ ਹੌਲੀ ਰਫਤਾਰ ਨਾਲ ਜਾਂ ਤੇਜ਼ ਰਫਤਾਰ ਨਾਲ ਦੌੜਦੇ ਹੋ ਤਾਂ ਇਹ ਸੌਣ ਲਈ ਅਤੇ ਸਿਹਤ ਲਈ ਬਹੁਤ ਵਧੀਆ ਹੈ। ਇਹ ਕਸਰਤ ਆਪਣੀ ਉਮਰ ਦੇ ਹਿਸਾਬ ਨਾਲ ਘੱਟ ਵੱਧ ਕੀਤੀ ਜਾ ਸਕਦੀ ਹੈ। ਜੇਕਰ ਇਹ ਕਸਰਤ ਨਹੀਂ ਕਰ ਸਕਦੇ ਤਾਂ ਹੋਰ ਕੋਈ ਵੀ ਕਸਰਤ ਕਰ ਸਕਦੇ ਹੋ । ਸਾਇਕਲ ਚਲਾਉਣਾ ਬਹੁਤ ਵਧੀਆ ਕਸਰਤ ਹੈ ਜਿਸ ਨਾਲ ਗੋਡੇ ਵੀ ਕਾਫੀ ਮਜ਼ਬੂਤ ਰਹਿੰਦੇ ਹਨ ਪਰ ਜਿਵੇਂ ਜਿਵੇਂ ਇਨਸਾਨ ਕੋਲ ਪੈਸਾ ਆਉਂਦਾ ਹੈ ਉਹ ਸਾਇਕਲ ਛੱਡ ਕੇ ਕਾਰਾਂ ਵੱਲ ਭੱਜਦਾ ਹੈ। ਕੁੱਝ ਮੁਲਕਾਂ ਵਿੱਚ ਕਾਰ ਖਰੀਦਣਾ ਮਜ਼ਬੂਰੀ ਹੁੰਦੀ ਹੈ ਪਰ ਭਾਰਤ ਵਰਗੇ ਮੁਲਕ ਵਿੱਚ ਕਾਫੀ ਗਿਣਤੀ ਦਿਖਾਵੇ ਲਈ ਹੀ ਕਾਰਾਂ ਖਰੀਦਦੀ ਹੈ ਜਿਸ ਨਾਲ ਪੈਸੇ ਅਤੇ ਸਿਹਤ ਦੀ ਬਰਬਾਦੀ ਹੁੰਦੀ ਹੈ। ਵੱਡੀ ਉਮਰ ਦੇ ਲੋਕ ਜਿਹੜੇ ਜਿਆਦਾ ਤੁਰ ਜਾਂ ਦੌੜ ਨਹੀਂ ਸਕਦੇ ਉਹ ਮਸਲ ਸਟਰੇਚ (ਸਚਲਏ ਸ਼ਟਰਏਟਚਹ) ਕਰਨ ਵਾਲੀਆਂ ਸੌਖੀਆਂ ਕਸਰਤਾਂ ਕਰ ਸਕਦੇ ਹਨ। ਇਨ੍ਹਾਂ ਵਾਸਤੇ ਕੋਈ ਖਰਚਾ ਵੀ ਨਹੀਂ ਆਉਂਦਾ।

ਨੀਂਦ ਨਾ ਆਉਣ ਦੀ ਹਾਲਤ ਵਿੱਚ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ ਪਰ ਦਵਾਈਆਂ ਤੋਂ ਬਚਣਾ ਚਾਹੀਦਾ ਹੈ। ਸਭ ਤੋਂ ਵਧੀਆ ਆਪਣੇ ਡਾਕਟਰ ਤੁਸੀਂ ਖੁਦ ਹੁੰਦੇ ਹੋ। ਆਪਣੀ ਨੀਂਦ ਨਾ ਆਉਣ ਦੇ ਕਾਰਣ ਖੁਦ ਲੱਭੋ। ਜਿੰਦਗੀ ਇੱਕ ਵਾਰ ਮਿਲਦੀ ਹੈ। ਇਸ ਦਾ ਵੱਧ ਤੋਂ ਵੱਧ ਅਨੰਦ ਮਾਨਣਾ ਚਾਹੀਦਾ ਹੈ।

## ਤਣਾਅ ਨੇ ਵਧਾ ਦਿੱਤਾ ਹੈ ਮਾਨਸਿਕ ਰੋਗੀਆਂ ਦਾ ਅੰਕੜਾ

ਲਿਖਤ
ਅਨਿਲ ਧੀਰ
647.853.5800



ਵਿਸ਼ਵ ਮਾਨਸਿਕ ਸਿਹਤ ਦਿਵਸ 10 ਅਕਤੂਬਰ ਨੂੰ ਦੁਨੀਆ ਭਰ ਵਿੱਚ ਮਾਨਸਿਕ ਸਿਹਤ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਮਾਨਸਿਕ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਮਦਦ ਲਈ ਯਤਨਾਂ ਨੂੰ ਜੁਟਾਉਣ ਲਈ ਮਨਾਇਆ ਜਾ ਰਿਹਾ ਹੈ। ਸਾਲ 2013 ਤੋਂ ਵਿਸ਼ਵ ਸਿਹਤ ਸੰਗਠਨ ਨੇ ਵਿਸ਼ਵ ਸਿਹਤ ਦਿਵਸ ਲਈ ਇੱਕ ਗਲੋਬਲ ਮੁਹਿਮ ਚਲਾਈ ਹੋਈ ਹੈ। ਇਸ ਮੁਹਿਮ ਦੌਰਾਣ ਵਿਸ਼ਵ ਭਰ ਵਿਚ ਲੋਕਾਂ ਦੀ ਮਾਨਸਿਕ ਸਮੱਸਿਆਵਾਂ ਪ੍ਰਤੀ ਜਾਗਰੂਕਤਾ ਬਾਰੇ ਵਿਚਾਰ ਕੀਤਾ ਜਾਂਦਾ ਹੈ। ਅੱਜ ਹਰ ਤੀਸਰਾ ਆਦਮੀ ਮਾਨਸਿਕ ਸਮੱਸਿਆ ਤਣਾਅ ਯਾਨਿ ਸਟ੍ਰੈਸ ਦਾ ਸ਼ਿਕਾਰ ਹੋ ਚੱਕਾ ਹੈ। ਵਰਕ-ਪਲੇਸ ਸਟ੍ਰੈਸ 77%, ਆਰਥਿਕ ਤੰਗੀ 81%, ਸਿਹਤ-ਸੰਬੰਧੀ 75%, ਵਾਤਾਵਰਣ ਤਬਦੀਲੀ 58% ਦਾ ਆਂਕੜਾ ਦੇਖਣ ਨੂੰ ਮਿਲ ਰਿਹਾ ਹੈ। ਸਟ੍ਰੈਸ ਕਿਸੇ ਵੀ ਤਬਦੀਲੀ ਪ੍ਰਤੀ ਸਰੀਰ ਦੀ ਪ੍ਰਤੀਕ੍ਰਿਆ ਹੈ ਜਿਸ ਲਈ ਵਿਵਸਥਾ ਦੀ ਜ਼ਰੂਰਤ ਹੁੰਦੀ ਹੈ।ਸਰੀਰ ਇਹ ਬਦਲਾਅ, 'ਤੇ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਪ੍ਰਤੀਕ੍ਰਿਆਵਾਂ ਨਾਲ ਪ੍ਰਤੀਕ੍ਰਿਆਂ ਕਰਦਾ ਹੈ। ਤਣਾਅ ਜ਼ਿੰਦਗੀ ਦਾ ਇੱਕ ਆਮ ਹਿੱਸਾ ਹੁੰਦਾ ਹੈ। ਕੋਈ ਵੀ ਘਟਨਾ, ਦੁਰਘਟਨਾ, ਜਾਂ ਵਿਚਾਰ, ਗੁੱਸਾ, ਘਬਰਾਹਟ ਅਤੇ ਨਿਰਾਸ਼ਾ, ਸਟ੍ਰੈਸ ਦੇ ਸਕਦੀ ਹੈ। ਤੁਸੀਂ ਆਪਣੇ ਮਾਹੌਲ, ਆਪਣੇ ਸਰੀਰ ਅਤੇ ਵਿਚਾਰਾਂ ਦੁਆਰਾ ਸਟ੍ਰੈਸ ਮਹਿਸੂਸ ਕਰਦੇ ਹੋ। ਇੱਥੋਂ ਤੱਕ ਕਿ ਸਕਾਰਾਤਮਕ ਜ਼ਿੰਦਗੀ ਵੀ ਬਦਲ ਜਾਂਦੀ ਹੈ। ਜਿਵੇਂ ਤਰੱਕੀ ਅਤੇ ਬੱਚੇ ਦਾ ਜਨਮ ਵੀ ਤਨਾਅ ਪੈਦਾ ਕਰ ਦਿੰਦਾ ਹੈ। ਲੰਬੇ ਸਮੇਂ ਤੱਕ ਰਹਿਣ ਵਾਲਾ ਸਟ੍ਰੈਸ ਬਿਮਾਰੀਆਂ ਵੀ ਪੈਦਾ ਕਰ ਸਕਦਾ ਹੈ। ਜੀਵ-ਵਿਗਿਆਨ ਵਿੱਚ ਤਣਾਅ ਸਰੀਰਕ ਜਾਂ ਮਾਨਸਿਕ ਸਿਹਤ ਲਈ ਖਤਰਿਆਂ ਦੇ ਪ੍ਰਤੀ ਸਰੀਰ ਦੀ ਪ੍ਰਤੀਕ੍ਰਿਆ ਹੈ। ਗੰਭੀਰ ਤਣਾਅ ਕਾਰਡੀਓਵੈਸਕੁਲਰ ਬਿਮਾਰੀ, ਚਿੰਤਾ ਅਤੇ ਉਦਾਸੀ ਨਾਲ ਜੁੜ ਜਾਂਦੀ ਹੈ। ਘਰੇਲੂ ਹਿੰਸਾ 'ਤੇ ਲੜਾਈ ਨਾਲ ਜੁੜੀ ਘਟਨਾਵਾਂ ਦਾ ਸਟ੍ਰੈਸ ਅਤੇ ਸਦਮੇ ਤੋਂ ਬਾਅਦ ਪੀਟੀਐਸਡੀ ਦਾ ਕਾਰਨ ਬਣਦੇ ਹਨ। ਵਿਸ਼ਵ ਭਰ ਵਿਚ ਕਈ ਮਿਲੀਅਨ ਲੋਕ ਇਸ ਨਾਲ ਪ੍ਰਭਾਵਿਤ ਹਨ। ਵੱਧ ਤਣਾਅ ਦੀ ਹਾਲਤ ਵਿਚ ਵਿਅਕਤੀ ਦਾ ਵਿਵਹਾਰ ਸੰਵੇਦਨਸ਼ੀਲ ਹੋ ਜਾਣ ਨਾਲ ਨਸ਼ੀਲੇ ਪਦਾਰਥਾਂ ਦੀ ਲੱਤ ਲੱਗਣ ਦੀ ਸੰਭਾਵਨਾ ਵੀ ਵੱਧ ਜਾਂਦੀ ਹੈ। ਇਨਸਾਨ ਦੇ ਨਾਲ-ਨਾਲ ਪਾਲਤੂ ਜਾਨਵਰ ਕੁੱਤੇ-ਬਿੱਲੀਆਂ ਵਿਚ ਵੀ ਤਣਾਅ ਦੇ ਲੱਛਣ ਦੇਖੇ ਜਾਂਦੇ ਹਨ। ਸਟ੍ਰੈਸ ਦੀ ਹਾਲਤ ਵਿਚ ਜਾਨਵਰਾਂ ਦਾ ਵਿਵਹਾਰ ਬਦਲ ਜਾਂਦਾ ਹੈ।

ਸਟ੍ਰੈਸ ਦੇ ਆਮ ਕਾਰਨ, ਪੈਸਾ, ਕੰਮ, ਆਰਥਿਕਤਾ, ਪਰਿਵਾਰਕ ਜ਼ਿੰਵਾਰੀਆਂ, ਰਿਸ਼ਤੇ, ਨਿੱਜੀ ਸਿਹਤ ਦੇ ਮੁੱਦੇ, ਮਕਾਨ ਦੇ ਖਰਚੇ, ਜੌਬ ਦੀ ਚਿੰਤਾ, ਨਿੱਜੀ ਸੁਰੱਖਿਆ, ਪਰਿਵਾਰਕਸਿਹਤ ਸਮੱਸਿਆਵਾਂ, ਨੂੰ ਮੰਨਿਆ ਗਿਆ ਹੈ। ਸੋਚਣ ਦਾ ਨੇਗੇਟਿਵ ਤਰੀਕਾ ਅਤੇ ਵੱਖ ਹੁਨਰ ਚਿੰਤਾ ਵਧਾ ਰਿਹਾ ਹੈ। ਮਾਡਰਨ ਲਾਈਫ ਸਟਾਇਲ ਵਿਚ ਇਨਸਾਨ ਸਰੀਰਕ ਤਣਾਅ- ਜਿਵੇਂ ਸੱਟ, ਇਨਫੈਕਸ਼ਨ, ਸਰਜਰੀ, ਦੂਸ਼ਿਤ ਵਾਤਾਵਰਣ, ਰੇਡੀਏਸ਼ਨ, ਵੱਧ ਰਿਹਾ ਸ਼ੋਰ, ਵਾਇਰਲ ਇਨਫੈਕਸ਼ਨ, ਥਕਾਵਟ, ਡਾਇਬਟੀਜ਼, ਹਾਰਮੋਨਲ ਬਦਲਾਅ, ਐਲਰਜੀ, ਸੰਵੇਦਨਸ਼ੀਲਤਾ, ਅਣਚਾਹੇ ਸਿਗਰੇਟ-ਇੰਡਸਟਰੀਅਲ ਧੂੰਏ ਦਾ ਅਸਰ, ਸਰੀਰ ਅੰਦਰ ਖੁਰਾਕੀ ਤੱਤਾਂ ਦੀ ਕਮੀ ਕਾਰਨ ਘੇਰੇ ਵਿਚ ਆ ਰਿਹਾ ਹੈ। ਮਨੋ-ਵਿਗਿਆਨਕ ਤਣਾਅ ਨਾਰਾਜ਼ਗੀ, ਡਰ, ਨਿਰਾਸ਼ਾ, ਉਦਾਸੀ, ਗੁੱਸਾ, ਬੋਧਿਕ ਤਣਾਅ, ਸਮੇਂ ਦੀ ਤੇਜ਼ ਰਫਤਾਰ, ਚਿੰਤਾ, ਸ਼ਰਮ, ਈਰਖਾ, ਵਿਰੋਧ, ਸਵੈ-ਆਲੋਚਨਾ, ਘਬਰਾਹਟ, ਕੰਟ੍ਰੋਲ ਤੋਂ ਬਾਹਰ ਹੋਣਾ, ਧੋਖਾਧੜੀ, ਹੋ ਜਾਣ ਨਾਲ ਦੇਖਿਆ ਜਾ ਰਿਹਾ ਹੈ।ਸਟ੍ਰੈਸ ਸਕਾਰਾਤਮਕ ਵੀ ਹੋ ਸਕਦਾ ਹੈ, ਜਿਵੇਂ ਕਿ ਡੈਡਲਾਈਨ ਨੂੰ ਪੂਰਾ ਕਰਨ ਅਤੇ ਸੰਭਾਵਿਤ ਖਤਰੇ ਤੋਂ ਬਚਣ ਲਈ ਮਦਦ ਵੀ ਕਰਦਾ ਹੈ।

**ਸਟ੍ਰੈਸ ਘਟਾ ਕੇ ਮਨ ਨੂੰ ਫਿੱਟ ਰੱਖੋ:**

- ਆਮ ਤਣਾਅ ਦੀ ਹਾਲਤ ਵਿਚ ਮਨ-ਪਸੰਦ ਸੰਗੀਤ ਯਾਨਿ ਨਵੇਂ-ਪਰਾਣੇ ਗੀਤ, ਗਜ਼ਲਾਂ, ਕਵਾਲੀਆਂ, ਇੰਸਟਰੂਮੇਂਟਲ ਸੰਗੀਤ ਸੁਣੋ। ਸਟ੍ਰੈਸ ਹਾਰਮੋਨ ਕੋਰਟੀਸੋਲ ਨੂੰ ਘਟਾ ਕੇ ਬਲੱਡ-ਪ੍ਰੈਸ਼ਰ ਨੂੰ ਘੱਟ ਕਰਕੇ ਸਰੀਰ ਨੂੰ ਰੀਲੈਕਸ ਕਰਦਾ ਹੈ। ਸਰੀਰ ਅਤੇ ਮਨ 'ਤੇ ਸਕਾਰਾਤਮਕ ਅਸਰ ਪਾਉਂਦਾ ਹੈ।
- ਸਟ੍ਰੈਸ ਰਹਿਣ ਦੀ ਹਾਲਤ ਵਿਚ ਆਪਣੇ ਚੰਗੇ ਦੋਸਤ-ਮਿੱਤਰਾਂ ਨਾਲ ਗੱਲਬਾਤ ਕਰੋ। ਜ਼ਿੰਦਗੀ ਵਿਚ ਚੰਗੇ ਦੋਸਤ ਬੜੇ ਮਹੱਤਵਪੂਰਣ ਹੁੰਦੇ ਹਨ ਜੋ ਸਮੱਸਿਆ ਦੂਰ ਕਰਨ ਵਿਚ ਮਦਦ ਵੀ ਕਰਦੇ ਹਨ। ਘਰ ਵਿਚ ਪਰਿਵਾਰ ਦੇ ਮੈਂਬਰਾਂ ਨਾਲ ਆਪਣੀ ਟੈਨਸ਼ਨ ਬਾਰੇ ਮਸ਼ਵਰਾ ਕਰਨ ਨਾਲ ਰੀਲੈਕਸ ਮਹਿਸੂਸ ਕਰੋ।
- ਰੁਟੀਨ ਦੀ ਟੈਨਸ਼ਨ ਵਿਚ ਆਪਣੇ-ਆਪ ਨੂੰ ਸ਼ਾਂਤਮਈ ਸਮਾਂ ਦੇ ਕੇ ਵਿਚਾਰ ਕਰੋ, ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਪਲੱਸ-ਮਾਈਨਸ ਬਾਰੇ ਗੌਰ ਕਰੋ। ਅਧੂਰੇ ਕੰਮ ਨੂੰ ਪੂਰਾ ਕਰਨ ਲਈ ਕੀ ਕਰਨਾ ਚਾਹੀਦਾ ਹੈ।
- ਮਾਨਸਿਕ ਅਤੇ ਸਰੀਰਕ ਤੰਦਰੁਸਤੀ ਲਈ ਪੌਸ਼ਟਿਕ ਖੁਰਾਕ ਲਵੋ। ਜੰਕ-ਫੂਡ, ਤੰਬਾਕੂ, ਸ਼ਰਾਬ ਤਣਾਅ ਵਧਾ ਸਕਦੀ ਹੈ। ਸ਼ੂਗਰ ਲੀਮਿਟ ਵਿਚ ਖਾਓ। ਤੰਦਰੁਸਤ ਦਿਮਾਗ ਲਈ ਭੋਜਨ ਵਿਚ ਓਮੇਗਾ 3-6-9 ਨੂੰ ਸ਼ਾਮਿਲ ਕਰੋ। ਵਿਟਾਮਿਨ ਸਪਲੀਮੈਂਟਸ, ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਸ਼ੁਰੂ ਕਰੋ।
- ਚੰਗੇ ਕਾਮੇਡੀ ਸੀਰੀਅਲ ਵਾਚ ਕਰੋ। ਹੱਸਣ ਨਾਲ ਸਰੀਰ ਅੰਦਰ ਐਂਡਰੋਫਿਨ ਰੀਲੀਜ਼ ਹੋਣ ਨਾਲ ਤਣਾਅ ਪੈਦਾ ਕਰਨ ਵਾਲੇ ਹਾਰਮੋਨਸ ਕੋਰਟੀਸੋਲ ਅਤੇ ਐਡਰਨਾਲੀਨ ਦੇ ਪੱਧਰ ਨੂੰ ਘੱਟ ਹੋ ਜਾਣ ਨਾਲ ਤੁਹਾਡਾ ਮਨ ਆਰਾਮ ਮਹਿਸੂਸ ਕਰਦਾ ਹੈ।
- ਅਨਰਜ਼ੀ ਡ੍ਰਿੰਕਸ, ਕਾਫੀ, ਬਲੈਕ ਚਾਹ ਦੀ ਥਾਂ ਗ੍ਰੀਨ-ਟੀ ਪੀਣ ਦੀ ਆਦਤ ਪਾ ਲਵੋ। ਕਿਓਂਕਿ ਜ਼ਿਆਦਾ ਕੈਫੀਨ ਕੁੱਝ ਸਮੇਂ ਲਈ ਸਪਾਈ ਪੈਦਾ ਕਰਦੀ ਹੈ ਜੋ ਹਾਈਪੋਥਲਮਿਕ - ਪੀਟੁਟਰੀ- ਐਡਰੀਨਲ ਧੁਰੇ ਨੂੰ ਓਵਰਡ੍ਰਾਈਵ ਵਿਚ ਜਾਣ ਦਾ ਕਾਰਨ ਵੀ ਬਣ ਸਕਦਾ ਹੈ। ਜਦਕਿ ਗ੍ਰੀਨ-ਟੀ ਅੰਦਰ ਮੌਜੂਦ ਐਂਟੀਆਕਸੀਡੈਂਟਸ 'ਤੇ ਅਮੀਨੋ ਐਸਿਡ ਤੰਤੂ ਪ੍ਰਣਾਲੀ ਨੂੰ ਰੀਲੈਕਸ ਕਰਦਾ ਹੈ।
- ਗਰਮ ਦੁੱਧ, ਤਾਜ਼ੇ ਫਲਾਂ ਦਾ ਰੱਸ, ਨਮਕੀਨ ਲੱਸੀ 'ਤੇ ਸ਼ਿਕੰਜੀ, ਮਿਕਸ ਵੈਜ਼ੀਟੇਬਲ, ਚਿਕਨ ਸੂਪ ਸਾਦਾ ਪਾਣੀ ਜਿਆਦਾ ਪੀ ਕੇ ਟੈਨਸ਼ਨ ਘਟਾਓ।
- ਡੇਲੀ ਰੁਟੀਨ ਵਿਚ ਵਰਕ-ਆਉਟ, ਯੋਗਾ, ਸੈਰ, ਦਿਮਾਗੀ ਕਸਰਤ, ਅਤੇ ਬਿਮਾਰੀ ਦੀ ਹਾਲਤ ਵਿਚ ਫਿਜੀਓ ਥੇਰਾਪਿਸਟ ਦੀ ਸਲਾਹ ਨਾਲ ਸ਼ੁਰੂ ਕਰੋ।
- ਕਾਂਟੀਨੇਂਟਲ ਸ਼ਿਫਟਾਂ ਨੇ ਵਰਕਰਾਂ ਦੀ ਨੀਂਦ ਖਰਾਬ ਕਰ ਦਿੱਤੀ ਹੈ। ਸਰੀਰ ਨੂੰ ਪੂਰੀ ਨੀਂਦ ਨਾ ਮਿਲਣ ਦੀ ਹਾਲਤ ਵਿਚ ਵਿਅਕਤੀ ਤਣਾਅ ਦੇ ਘੇਰੇ ਵਿਚ ਰਹਿੰਦਾ ਹੈ। ਦਿਮਾਗ ਨੂੰ ਪੂਰਾ ਆਰਾਮ ਨਹੀਂ ਮਿਲਦਾ। ਤੰਦਰੁਸਤ ਮਨ ਅਤੇ ਸਰੀਰ ਲਈ ਡੇਲੀ 8-10 ਘੰਟੇ ਦੀ ਨੀਂਦ ਲੈਣੀ ਜਰੂਰੀ ਹੈ।
- ਜੇ ਪਾਲਤੂ ਕੁੱਤੇ-ਬਿੱਲੀਆਂ ਦਾ ਵਿਵਹਾਰ ਬਦਲ ਜਾਵੇ ਤਾਂ ਉਨਾਂ ਦੀ ਖੁਰਾਕ ਦੇ ਨਾਲ-ਨਾਲ ਡੇਲੀ ਉਨਾਂ ਨਾਲ ਖੇਡੋ, ਪਿਆਰ ਕਰੋ ਅਤੇ ਸੈਰ ਕਰਾਓ। ਲੰਮੇ ਸਮੇਂ ਤੱਕ ਪਾਲਤੂ ਜਾਨਵਰਾਂ ਦੇ ਖਰਾਬ ਵਿਵਹਾਰ ਲਈ ਵੇਟਨਰੀ ਸਲਾਹ ਲਵੋ।

ਨੋਟ: ਮਾਨਸਿਕ ਤੰਦਰੁਸਤੀ ਲਈ ਟੈਨਸ਼ਨ ਦੇ ਸ਼ਿਕਾਰ ਬੱਚੇ, ਸੀਨੀਅਰਸ ਅਤੇ ਗਰਭਵਤੀ ਔਰਤਾਂ ਦਾ ਖਾਸ ਧਿਆਣ ਰੱਖੋ। ਮਨ ਅਤੇ ਸਰੀਰ ਦੀ ਬਿਮਾਰੀ ਦੀ ਹਾਲਤ ਵਿਚ ਡਾਕਟਰੀ ਇਲਾਜ਼ ਨਾਲ ਸਟ੍ਰੈਸ ਕੰਟ੍ਰੋਲ ਕਰਨਾ ਚਾਹੀਦਾ ਹੈ। ਦਿਲ ਦੀ ਆਮ ਸਮੱਸਿਆ ਦੇ ਲੱਛਣ ਸਾਹ ਚੜਨਾ, ਛਾਤੀ ਵਿਚ ਦਰਦ, ਅਨਿਯਮਿਤ ਧੜਕਨ ਅਤੇ ਚੱਕਰ ਆਉਣ ਦੀ ਸ਼ਿਕਾਇਤ ਵਿਚ ਤੁਹਾਡਾ ਫੈਮਿਲੀ ਡਾਕਟਰ ਸਟ੍ਰੈਸ ਟੈਸਟ ਦੇ ਨਾਲ ਕਈ ਹੋਰ ਜਾਂਚ ਲਈ ਵੀ ਕਹਿ ਸਕਦੇ ਹਨ।

ਲਿਖਤ : ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਸੰਪਰਕ : 95011-00062



# ਲੋਹੜੀ ਦੇ ਗਾਣਿਆਂ ਵਾਲਾ ਲੋਕ ਨਾਇਕ ਦੁੱਲਾ ਭੱਟੀ

ਪੰਜਾਬ ਦੇ ਚਾਰ ਮਸ਼ਹੂਰ ਲੋਕ ਨਾਇਕਾਂ ਜੱਗਾ ਡਾਕੂ, ਜਿਊਣਾ ਮੌੜ ਅਤੇ ਸੁੱਚਾ ਸੂਰਮਾ ਵਿੱਚੋਂ ਅਬਦੁੱਲਾ ਖਾਨ ਭੱਟੀ ਉਰਫ ਦੁੱਲਾ ਭੱਟੀ ਸਭ ਤੋਂ ਪਹਿਲਾਂ ਹੋਇਆ ਹੈ। ਦੁੱਲਾ ਭੱਟੀ ਪੰਜਾਬ ਦਾ ਪਹਿਲਾ ਰੌਬਿਨ ਹੁੱਡ ਸੀ। ਉਸ ਦਾ ਜਨਮ 1569 ਈ. ਦੇ ਕਰੀਬ ਅਕਬਰ ਮਹਾਨ ਦੇ ਸ਼ਾਸ਼ਨ ਕਾਲ ਵਿੱਚ ਹੋਇਆ ਸੀ। ਉਸ ਦੀ ਮਾਂ ਦਾ ਨਾਮ ਲੱਧੀ ਅਤੇ ਬਾਪ ਦਾ ਨਾਮ ਰਾਏ ਫਰੀਦ ਖਾਨ ਭੱਟੀ ਸੀ ਜੋ ਮੁਸਲਿਮ ਰਾਜਪੂਤ ਸੀ। ਫਰੀਦ ਖਾਨ ਸਾਂਦਲ ਬਾਰ ਦੇ ਪਿੰਡੀ ਭੱਟੀਆਂ ਇਲਾਕੇ ਦਾ ਸਰਦਾਰ ਸੀ ਤੇ ਉਸ ਦਾ ਪ੍ਰਭਾਵ ਲਹਿੰਦੇ ਪੰਜਾਬ ਦੇ ਮੌਜੂਦਾ ਜਿਲ੍ਹੇ ਹਾਫੀਜ਼ਾਬਾਦ ਤੋਂ ਲੈ ਕੇ ਮੁਲਤਾਨ ਤੱਕ ਸੀ। ਪਿੰਡੀ ਭੱਟੀਆਂ ਦਾ ਇਲਾਕਾ ਅੱਜ ਕਲ੍ਹ ਪਾਕਿਸਤਾਨ ਦੇ ਜਿਲ੍ਹਾ ਫੈਸਲਾਬਾਦ ਦੇ ਆਸ ਪਾਸ ਪੈਂਦਾ ਹੈ। ਅਕਬਰ ਤੋਂ ਪਹਿਲਾਂ ਭਾਰਤ ਵਿੱਚ ਜ਼ਮੀਨਾਂ ਦਾ ਲਗਾਨ ਇਕੱਠਾ ਕਰਨ ਵੇਲੇ ਬਹੁਤ ਧਾਂਦਲੀ ਚੱਲਦੀ ਸੀ।

ਪਰ ਅਕਬਰ ਨੇ ਆਪਣੇ ਵਿੱਤ ਮੰਤਰੀ ਦੀਵਾਨ ਟੋਡਰ ਮੱਲ ਦੀ ਮਦਦ ਨਾਲ ਸਾਰੇ ਰਾਜ ਵਿੱਚ ਜ਼ਮੀਨ ਦੀ ਮਿਣਤੀ ਕਰਵਾਈ ਤੇ ਉਸੇ ਹਿਸਾਬ ਨਾਲ ਲਗਾਨ ਨਿਸ਼ਚਿਤ ਕਰ ਦਿੱਤਾ। ਮਾਮਲਾ ਉਗਰਾਹੁਣਾ ਜਿੰਮੀਦਾਰ ਆਪਣਾ ਰੱਬੀ ਹੱਕ ਸਮਝਦੇ ਸਨ। ਪਰ ਅਕਬਰ ਵੱਲੋਂ ਸਿੱਧਾ ਮਾਮਲਾ ਉਗਰਾਹੁਣ ਤੋਂ ਜਿੰਮੀਦਾਰ ਭੜਕ ਗਏ ਤੇ ਆਪਣੇ ਅਧਿਕਾਰਾਂ ਵਿੱਚ ਦਖਲ ਸਮਝ ਕੇ ਬਗਾਵਤਾਂ ਸ਼ੁਰੂ ਕਰ ਦਿੱਤੀਆਂ। ਬਾਰਾਂ ਵਿੱਚ ਰਹਿਣ ਵਾਲੇ ਲੋਕ ਮੁੱਢ ਤੋਂ ਹੀ ਬਾਗੀ ਸਨ।

ਮਹਿਮੂਦ ਗਜ਼ਨਵੀ ਤੇ ਬਾਬਰ ਨੂੰ ਵੀ ਇਸ ਇਲਾਕੇ ਵਿੱਚ ਸਖਤ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ। ਲੜਨ ਭਿੜਨ ਤੇ ਲੁੱਟ ਮਾਰ ਦੇ ਸ਼ੌਕੀਨ ਇਹ ਲੋਕ ਸਰਕਾਰੀ ਹਕੂਮਤ ਨੂੰ ਨਹੀਂ ਸਨ ਮੰਨਦੇ। ਇੱਥੋਂ ਤੱਕ ਕਿ ਆਪਣੇ ਇਲਾਕੇ 'ਚੋਂ ਲੰਘਣ ਵਾਲੇ ਕਾਫਲਿਆਂ ਤੇ ਸਰਕਾਰੀ ਖਜ਼ਾਨੇ ਨੂੰ ਵੀ ਲੁੱਟ ਲੈਂਦੇ ਸਨ। ਫਰੀਦ ਖਾਨ ਭੱਟੀ ਨੇ ਵੀ ਬਗਾਵਤ ਕਰ ਦਿੱਤੀ, ਪਰ ਮੁਗਲ ਸੈਨਾਂ ਨੇ ਜਲਦੀ ਹੀ ਬਗਾਵਤਾਂ ਦਬਾ ਦਿੱਤੀਆਂ। ਫਰੀਦ ਖਾਨ ਤੇ ਉਸ ਦੇ ਬਾਪ ਸਾਂਦਲ ਖਾਨ ਭੱਟੀ ਨੂੰ ਫਾਂਸੀ ਲਗਾ ਦਿੱਤਾ ਗਿਆ ਤੇ ਜਗੀਰਾਂ ਜ਼ਬਤ ਕਰ ਲਈਆਂ ਗਈਆਂ। ਕਹਿੰਦੇ ਹਨ ਕਿ ਫਰੀਦ ਖਾਨ, ਸਾਂਦਲ ਖਾਨ ਤੇ ਉਹਨਾਂ ਦੇ ਸਾਥੀਆਂ ਦੀਆਂ ਲਾਸ਼ਾਂ ਤੂੜੀ ਨਾਲ ਭਰ ਕੇ ਸ਼ਾਹੀ ਕਿਲਾ ਲਾਹੌਰ ਦੇ ਦਰਵਾਜ਼ੇ 'ਤੇ ਲਟਕਾ ਦਿੱਤੀਆਂ ਗਈਆਂ।

ਦੁੱਲੇ ਦਾ ਜਨਮ ਫਰੀਦ ਦੇ ਮਰਨ ਤੋਂ ਚਾਰ ਮਹੀਨੇ ਬਾਅਦ ਹੋਇਆ ਸੀ। ਦੁੱਲੇ ਨੂੰ ਬਚਪਨ ਵਿੱਚ ਪਤਾ ਨਹੀਂ ਸੀ ਕਿ ਉਸ ਦੇ ਬਾਪ-ਦਾਦੇ ਨਾਲ ਕੀ ਵਾਪਰਿਆ ਹੈ। ਉਸ ਦਾ ਬਚਪਨ ਵੀ ਆਮ ਬੱਚਿਆਂ ਵਾਂਗ ਮਸੀਤ ਵਿੱਚ ਪੜ੍ਹ ਕੇ ਤੇ ਖੇਡ ਕੁੱਦ ਕੇ ਬੀਤਿਆ। ਉਹ ਬਚਪਨ ਤੋਂ ਹੀ ਬੜਾ ਦਲੇਰ ਅਤੇ ਬਾਗੀ ਕਿਸਮ ਦਾ ਸੀ। ਜਦੋਂ ਮੌਲਵੀ ਨੇ ਸਖਤੀ ਕੀਤੀ ਤਾਂ ਉਸ ਨੇ ਪੜ੍ਹਨਾ ਹੀ ਛੱਡ ਦਿੱਤਾ। ਉਹ ਬਚਪਨ ਤੋਂ ਤੀਰ, ਤਲਵਾਰ, ਬੰਦੂਕਾਂ ਆਦਿ ਚਲਾਉਣ ਦਾ ਸ਼ੌਕੀਨ ਸੀ। ਗੁਲੇਲ ਨਾਲ ਔਰਤਾਂ ਦੇ ਘੜੇ ਭੰਨ੍ਹ ਦੇਂਦਾ ਤਾਂ ਲੱਧੀ ਉਸ ਨੂੰ ਡਾਂਟਣ ਦੀ ਬਜਾਏ ਆਪਣੇ ਸਵਰਗਵਾਸੀ ਪਤੀ ਦੀ ਇੱਕੋ ਇੱਕ ਨਿਸ਼ਾਨੀ ਸਮਝ ਕੇ ਨਵੇਂ ਘੜੇ ਲੈ ਦੇਂਦੀ। ਜਦੋਂ ਉਸ ਨੂੰ ਆਪਣੇ ਬਾਪ ਦੀ ਹੋਣੀ ਬਾਰੇ ਪਤਾ ਲੱਗਾ ਤਾਂ ਉਹ ਭੜਕ ਉੱਠਿਆ। ਉਸ ਨੇ ਅਕਬਰ ਅਤੇ ਮੁਗਲ ਰਾਜ ਦੇ ਖਿਲਾਫ ਬਗਾਵਤ ਕਰ ਦਿੱਤੀ। ਉਸ ਨੇ ਸਰਕਾਰੀ ਖਜ਼ਾਨਾ ਲੁੱਟ ਕੇ ਲੋਕਾਂ ਵਿੱਚ ਵੰਡਣਾ ਸ਼ੁਰੂ ਕਰ ਦਿੱਤਾ ਤੇ ਆਪਣੇ ਖਰਚੇ 'ਤੇ ਗਰੀਬ ਘਰਾਂ ਦੀਆਂ ਅਨੇਕਾਂ ਲੜਕੀਆਂ ਦੇ ਵਿਆਹ ਕੀਤੇ। ਮੁਗਲਾਂ ਦੇ ਕਈ ਅਹਿਲਕਾਰਾਂ ਤੇ ਸੈਨਿਕਾਂ ਨੂੰ ਕਤਲ ਕਰ ਦਿੱਤਾ ਗਿਆ। ਇੱਕ ਵਾਰ ਤਾਂ ਸਾਂਦਲ ਬਾਰ ਦਾ ਇਲਾਕਾ ਲਾਹੌਰ ਦੇ ਸੂਬੇਦਾਰ ਦੇ ਕਬਜ਼ੇ ਵਿੱਚੋਂ ਇੱਕ ਤਰਾਂ ਨਾਲ ਅਜ਼ਾਦ ਹੀ ਹੋ ਗਿਆ ਸੀ। ਲੋਕ ਕਥਾ ਹੈ ਕਿ ਉਸ ਨੇ ਹੱਜ ਕਰਨ ਜਾਂਦੀ ਅਕਬਰ ਦੀ ਇੱਕ ਬੇਗਮ ਲੁੱਟ ਲਈ ਸੀ ਜਾਂ ਬੰਦੀ ਬਣ ਲਈ ਸੀ। ਪਰ ਇਸ ਸਬੰਧੀ ਕੋਈ ਇਤਿਹਾਸਕ ਸਬੂਤ ਨਹੀਂ ਮਿਲਦਾ। ਉਸ ਦੇ ਕਈ ਡਾਕੇ ਬੜੇ ਮਸ਼ਹੂਰ ਹੋਏ ਸਨ। ਉਸ ਨੇ ਇੱਕ ਵਾਰ ਅਕਬਰ ਲਈ ਖਾਸ ਅਰਬੀ ਘੋੜੇ ਲੈ ਕੇ ਜਾਂਦੇ ਕਾਬਲ ਦੇ ਵਪਾਰੀ ਨੂੰ ਲੁੱਟ ਲਿਆ ਸੀ। ਇਸ ਤੋਂ ਇਲਾਵਾ ਉਸ ਨੇ ਸ਼ਾਹ ਇਰਾਨ ਵੱਲੋਂ ਅਕਬਰ ਲਈ ਭੇਜੇ ਗਏ ਤੋਹਫੇ ਲੁੱਟ ਕੇ ਤਰਥੱਲੀ ਮਚਾ ਦਿੱਤੀ ਸੀ। ਲੁੱਟਿਆ ਸਮਾਨ ਗਰੀਬਾਂ ਵਿੱਚ ਵੰਡਣ ਕਾਰਨ ਲੋਕ ਉਸ ਨੂੰ ਆਪਣੀ ਜਾਨ ਤੋਂ ਵੱਧ ਪਿਆਰ ਕਰਨ ਲੱਗੇ। ਉਸ ਕੱਟੜਤਾ ਵਾਲੇ ਯੁੱਗ ਵਿੱਚ ਵੀ ਉਹ ਧਾਰਮਿਕ ਤੌਰ 'ਤੇ ਬਹੁਤ ਹੀ ਸ਼ਹਿਨਸ਼ੀਲ ਸੀ। ਇਲਾਕੇ ਦੇ ਹਿੰਦੂਆਂ ਪ੍ਰਤੀ ਉਸ ਦਾ ਵਿਵਹਾਰ ਬਹੁਤ ਹੀ ਪਿਆਰ ਭਰਿਆ ਸੀ। ਉਹ ਹਿੰਦੂ, ਸਿੱਖਾਂ ਅਤੇ ਮੁਸਲਮਾਨਾਂ ਦਾ ਸਾਂਝਾ ਨਾਇਕ ਹੈ। ਉਸ ਨੇ ਸੁੰਦਰੀ ਮੁੰਦਰੀ ਨਾਮਕ ਦੋ ਹਿੰਦੂ ਲੜਕੀਆਂ ਨੂੰ ਜਗੀਰਦਾਰ ਦੇ ਪੰਜੇ ਵਿੱਚੋਂ ਬਚਾ ਕੇ ਤੇ ਬਾਪ ਬਣ ਕੇ ਉਹਨਾਂ ਦਾ ਵਿਆਹ ਕਰਵਾਇਆ ਸੀ ਤੇ ਸਾਰਾ ਦਹੇਜ਼ ਖੁਦ ਦਿੱਤਾ ਸੀ। ਉਸ ਦੇ ਇਸ ਕਾਰਨਾਮੇ ਨੇ ਉਸ ਨੂੰ ਹਮੇਸ਼ਾਂ ਲਈ ਅਮਰ ਕਰ ਦਿੱਤਾ ਹੈ। ਅੱਜ ਤੱਕ ਹਰ ਸਾਲ ਲੋਕ ਉਸ ਨੂੰ ਉਸ ਨੂੰ ਲੋਹੜੀ ਦੇ ਤਿਉਹਾਰ 'ਤੇ " ਸੁੰਦਰ ਮੁੰਦਰੀਏ ਹੋ, ਤੇਰਾ ਕੌਣ ਵਿਚਾਰਾ ਹੋ, ਦੁੱਲਾ ਭੱਟੀ ਵਾਲਾ ਹੋ" ਗਾ ਕੇ ਯਾਦ ਕਰਦੇ ਹਨ।

ਦੁੱਲੇ ਦੀ ਲੋਕ ਰੱਬ ਵਾਂਗ ਪੂਜਾ ਕਰਨ ਲੱਗੇ। ਪਰ ਦੁੱਲੇ ਦੀ ਚੜ੍ਹਾਈ ਉਸ ਦੇ ਸਕੇ ਚਾਚੇ ਜਲਾਲੁਦੀਨ ਕੋਲੋਂ ਬਰਦਾਸ਼ਤ ਨਾ ਹੋਈ। ਉਹ ਮੁਗਲਾਂ ਦਾ ਮੁਖਬਰ ਬਣ ਗਿਆ ਤੇ ਖਬਰਾਂ ਸਰਕਾਰ ਤੱਕ ਪਹੁੰਚਾਉਣ ਲੱਗਾ। ਪਰ ਭਾਰੀ ਕੋਸ਼ਿਸ਼ਾਂ ਦੇ ਬਾਵਜੂਦ ਲਾਹੌਰ ਦਾ ਸੂਬੇਦਾਰ ਦੁੱਲੇ ਨੂੰ ਦਬਾ ਨਾ ਸਕਿਆ ਤੇ ਉਸ ਨੂੰ ਅਨੇਕਾਂ ਵਾਰ ਮੂੰਹ ਦੀ ਖਾਣੀ ਪਈ। ਇਸ ਤੋਂ ਖਿਝ ਕੇ ਅਕਬਰ ਨੇ ਸਾਂਦਲ ਬਾਰ ਦੀ ਬਗਾਵਤ ਦਬਾਉਣ ਲਈ ਆਪਣੇ ਦੋ ਬਹੁਤ ਹੀ ਕਾਬਲ ਜਰਨੈਲ ਮਿਰਜ਼ਾ ਅਲਾਉਦੀਨ ਅਤੇ ਮਿਰਜ਼ਾ ਜ਼ਿਆਉਦੀਨ ਖਾਨ 15000 ਸੈਨਿਕ ਦੇ ਕੇ ਲਾਹੌਰ ਭੇਜ ਦਿੱਤੇ। ਲਾਹੌਰ ਦੇ ਸੂਬੇਦਾਰ ਨੂੰ ਬੜੇ ਸਖਤ ਹੁਕਮ ਭੇਜੇ ਗਏ ਕਿ ਜੇ ਬਗਾਵਤ ਨਾ ਦਬਾਈ ਗਈ ਤਾਂ ਤੇਰਾ ਸਿਰ ਵੱਢ ਦਿੱਤਾ ਜਾਵੇਗਾ।

ਦਿੱਲੀ ਤੋਂ ਆਏ ਜਰਨੈਲਾਂ ਦੀ ਕਮਾਂਡ ਹੇਠ ਲਾਹੌਰ ਅਤੇ ਦਿੱਲੀ ਦੀ ਰਲੀ ਮਿਲੀ ਫੌਜ ਹੱਥ ਧੋ ਕੇ ਦੁੱਲੇ ਦੇ ਪਿੱਛੇ ਪੈ ਗਈ। ਦੁੱਲੇ ਦਾ ਘਰ ਘਾਟ ਤਬਾਹ ਕਰ ਦਿੱਤਾ ਗਿਆ ਤੇ ਲੱਧੀ ਸਮੇਤ ਭੱਟੀਆਂ ਦੀਆਂ ਸਾਰੀਆਂ ਔਰਤਾਂ ਬੰਦੀ ਬਣਾ ਲਈਆਂ ਗਈਆਂ। ਕਈ ਮਹੀਨੇ ਝੜਪਾਂ ਚਲਦੀਆਂ ਰਹੀਆਂ, ਦੁੱਲੇ ਅਤੇ ਸਾਥੀਆਂ ਨੇ ਛਾਪਮਾਰ ਯੁੱਧ ਨਾਲ ਫੌਜ ਦੇ ਨੱਕ ਵਿੱਚ ਦਮ ਕਰ ਦਿੱਤਾ। ਕਹਿੰਦੇ ਹਨ ਕਿ ਜਦੋਂ ਮੁਗਲ ਉਸ ਨੂੰ ਮੈਦਾਨ ਵਿੱਚ ਨਾ ਹਰਾ ਸਕੇ ਤਾਂ ਉਹਨਾਂ ਨੇ ਛਲ ਕਪਟ ਦਾ ਸਹਾਰਾ ਲਿਆ। ਵਿਚੋਲੇ ਪਾ ਕੇ ਸੁਲ੍ਹਾ ਦੀ ਗੱਲ ਚਲਾਉਣ ਦਾ ਢੋਂਗ ਰਚਿਆ ਗਿਆ। ਜਦੋਂ ਦੁੱਲਾ ਗੱਲ ਬਾਤ ਲਈ ਆਇਆ ਤਾਂ ਉਸ ਨੂੰ ਖਾਣੇ ਵਿੱਚ ਨਸ਼ਾ ਮਿਲਾ ਕੇ ਬੇਹੋਸ਼ ਕਰ ਕੇ ਗ੍ਰਿਫਤਾਰ ਕਰ ਲਿਆ ਤੇ ਲਾਹੌਰ ਜੇਲ੍ਹ ਵਿੱਚ ਬੰਦ ਕਰ ਦਿੱਤਾ। ਆਖਰ 1599 ਈ. ਨੂੰ ਸਿਰਫ 30 ਸਾਲ ਦੀ ਭਰ ਜਵਾਨੀ ਵਿੱਚ ਦੁੱਲੇ ਨੂੰ ਕੋਤਵਾਲੀ ਦੇ ਸਾਹਮਣੇ ਫਾਂਸੀ ਲਗਾ ਦਿਤਾ ਗਿਆ। ਕਹਿੰਦੇ ਹਨ ਕਿ ਉਸ ਦੀਆਂ ਆਖਰੀ ਰਸਮਾਂ ਮਹਾਨ ਸੂਫੀ ਸੰਤ ਸ਼ਾਹ ਹੁਸੈਨ ਨੇ ਨਿਭਾਈਆਂ ਸਨ। ਉਸ ਦੀ ਕਬਰ ਲਾਹੌਰ ਮਿਆਣੀ ਸਾਹਿਬ ਕਬਰਸਤਾਨ ਵਿੱਚ ਬਣੀ ਹੋਈ ਹੈ। ਦੁੱਲਾ ਪੰਜਾਬ ਦੇ ਇਤਿਹਾਸ ਦਾ ਅਮਰ ਕਿਰਦਾਰ ਹੈ ਤੇ ਅਣਖ ਨਾਲ ਜਿਊਣ ਦਾ ਪ੍ਰਤੀਕ ਹੈ।

---

ਲਿਖਤ : ਕੁਲਦੀਪ ਸਿੰਘ ਰਾਮਨਗਰ
ਸੰਪਰਕ : 94179-90040

# ਲੋਹੜੀ



ਬਚਪਨ ਵਿੱਚ ਲੋਹੜੀ ਮੰਗਣ ਵੇਲੇ ਗਏ ਇਹ ਬੋਲ ਬਚਪਨ ਵੇਲੇ ਮਨਾਈ ਜਾਂਦੀ ਹਰ ਲੋਹੜੀ ਦੀ ਯਾਦ ਤਾਜ਼ਾ ਕਰਾ ਜਾਂਦੇ ਹਨ।

ਦੇ ਮਾਈ ਪਾਥੀ
ਤੇਰਾ ਪੁੱਤ ਚੜ੍ਹੇ ਹਾਥੀ,
ਦੇ ਮਾਈ ਲੋਹੜੀ
ਜੀਵੇ ਤੇਰੀ ਜੋੜੀ,
ਦੇ ਮਾਈ ਲੋਹੜੀ
ਤੇਰਾ ਪੁੱਤ ਚੜ੍ਹੇ ਘੋੜੀ,
ਦੇ ਮਾਈ...

ਭਾਵੇਂ ਲੋਹੜੀ ਮਨਾਉਣ ਪਿੱਛੇ ਕਈ ਕਾਰਨ ਦੱਸੇ ਜਾਂਦੇ ਹਨ ਪਰ ਲੋਹੜੀ ਦਾ ਇਤਿਹਾਸ ਦੁੱਲਾ ਭੱਟੀ ਦੀ ਕਹਾਣੀ ਨਾਲ ਵੀ ਜੁੜਿਆ ਹੋਇਆ ਹੈ। ਦੁੱਲਾ ਭੱਟੀ ਅਕਬਰ ਦੇ ਸ਼ਾਸ਼ਨਕਾਲ ਦੌਰਾਨ ਇੱਕ ਬਾਗ਼ੀ ਸੀ ਅਤੇ ਦਿਆਲੂ ਵੀ ਸੀ ਜੋ ਕਿ ਅਮੀਰ ਲੋਕਾਂ ਦਾ ਮਾਲ ਲੁੱਟ ਕੇ ਗਰੀਬ ਲੋਕਾਂ ਵਿੱਚ ਵੰਡ ਦਿੰਦਾ ਸੀ। ਉਸ ਇਲਾਕੇ ਦੇ ਗਰੀਬ ਲੋਕ ਉਸ ਦੀ ਇਸ ਦਰਿਆ-ਦਿਲੀ ਦੇ ਕਾਇਲ ਸਨ ਇਸ ਕਰ ਕੇ ਉਹ ਲੋਕ ਉਸ ਦਾ ਆਦਰ-ਸਤਿਕਾਰ ਤੇ ਉਸ ਨੂੰ ਪਿਆਰ ਵੀ ਕਰਦੇ ਸਨ। ਇੱਕ ਵਾਰ ਦੀ ਗੱਲ ਹੈ ਕਿ ਉਸ ਨੇ ਇੱਕ ਲੜਕੀ ਤੋਂ ਅਗਵਾਕਾਰਾਂ ਤੋਂ ਇੱਕ ਲੜਕੀ ਨੂੰ ਛੁੜਾਇਆ ਤੇ ਉਸ ਲੜਕੀ ਨੂੰ ਆਪਣੀ ਧਰਮ ਦੀ ਧੀ ਬਣਾ ਲਿਆ। ਜਦ ਦੁੱਲਾ-ਭੱਟੀ ਨੇ ਉਸ ਲੜਕੀ ਦਾ ਵਿਆਹ ਕੀਤਾ ਤਾਂ ਉਸ ਨੇ ਉਸ ਦੇ ਵਿਆਹ ਵਿੱਚ ਤੋਹਫ਼ੇ ਦੇ ਤੌਰ ਤੇ ਸ਼ੱਕਰ ਪਾ ਦਿੱਤੀ ਸੀ। ਇੱਕ ਹੋਰ ਦੰਤ-ਕਥਾ ਅਨੁਸਾਰ: ਸੁੰਦਰੀ-ਮੁੰਦਰੀ ਇੱਕ ਗਰੀਬ ਬ੍ਰਾਹਮਣ ਦੀਆਂ ਮੰਗੀਆਂ ਹੋਈਆਂ ਧੀਆਂ ਸਨ ਪਰ ਗਰੀਬੀ ਕਾਰਨ ਵਿਆਹ ਵਿੱਚ ਦੇਰ ਹੋ ਰਹੀ ਸੀ। ਹਾਕਮ ਨੂੰ ਕੁੜੀਆਂ ਦੇ ਹੁਸਨ ਦਾ ਪਤਾ ਲੱਗ ਗਿਆ ਤਾਂ ਉਸ ਨੇ ਇਨ੍ਹਾਂ ਨੂੰ ਜ਼ੋਰੀਂ ਚੁੱਕਣ ਦੀ ਧਾਰ ਲਈ ਲਈ। ਇਸ ਦੀ ਭਿਣਕ ਬ੍ਰਾਹਮਣ ਨੂੰ ਵੀ ਪੈ ਗਈ। ਇਸ ਲਈ ਉਸਨੇ ਕੁੜੀਆਂ ਦਾ ਜਲਦੀ ਵਿਆਹ ਕਰਨ ਲਈ ਜੰਗਲ ਵਿੱਚ ਦੁੱਲੇ ਨਾਲ ਸੰਪਰਕ ਕੀਤਾ ਅਤੇ ਦੁੱਲੇ ਨੇ ਵਿਆਹ ਦੀ ਜ਼ੁੰਮੇਵਾਰੀ ਲੈ ਲਈ ਅਤੇ "ਕੁੜੀਆਂ ਦੇ ਸਹੁਰਿਆਂ ਨੇ ਹਾਕਮ ਤੋਂ ਡਰਦਿਆਂ ਕਿਹਾ ਕਿ ਉਹ ਰਾਤ ਸਮੇਂ ਹੀ ਵਿਆਹੁਣ ਆਉਣਗੇ। ਪਿੰਡ ਤੋਂ ਬਾਹਰ ਜੰਗਲ ਵਿੱਚ ਵਿਆਹ ਰਚਾਉਣ ਦਾ ਪ੍ਰਬੰਧ ਕੀਤਾ ਗਿਆ। ਰੌਸ਼ਨੀ ਲਈ ਲੱਕੜੀਆਂ ਇਕੱਠੀਆਂ ਕਰ ਕੇ ਅੱਗ ਬਾਲੀ ਗਈ। ਦੁੱਲੇ ਨੇ ਆਲੇ-ਦੁਆਲੇ ਦੇ ਪਿੰਡਾਂ ਤੋਂ ਦਾਨ ਇਕੱਠਾ ਕੀਤਾ। ਪਿੰਡ ਵਿੱਚ ਜਿਹਨਾਂ ਦੇ ਘਰ ਨਵੇਂ ਵਿਆਹ ਹੋਏ ਸਨ ਜਾਂ ਜਿਹਨਾਂ ਦੇ ਬਾਲ ਜਨਮੇ ਸਨ ਉਨ੍ਹਾਂ ਨੇ ਵੀ ਸੁੰਦਰ-ਮੁੰਦਰੀ ਦੇ ਵਿਆਹ 'ਤੇ ਆਪਣੇ ਵੱਲੋਂ ਕੁਝ ਨਾ ਕੁਝ ਗੁੜ-ਸ਼ੱਕਰ ਤੇ ਦਾਣੇ ਆਦਿ ਦੇ ਰੂਪ ਵਿੱਚ ਦਾਨ ਦਿੱਤਾ। ਦੁੱਲੇ ਕੋਲ ਕੰਨਿਆ-ਦਾਨ ਦੇਣ ਲਈ ਇੱਕ ਲੱਪ ਸ਼ੱਕਰ ਦੀ ਹੀ ਸੀ। ਕੁੜੀਆਂ ਦਾ ਡੋਲਾ ਤੁਰ ਗਿਆ ਤੇ ਗ਼ਰੀਬ ਬ੍ਰਾਹਮਣ ਨੇ ਦੁੱਲੇ ਦਾ ਲੱਖ-ਲੱਖ ਸ਼ੁਕਰ ਕੀਤਾ। ਕਿਹਾ ਜਾਂਦਾ ਹੈ ਕਿ ਉਦੋਂ ਤੋਂ ਲੋਹੜੀ ਮਨਾਉਣ ਦਾ ਰਿਵਾਜ ਪੈ ਗਿਆ। ਇਸ ਕਰ ਕੇ ਹੀ ਹਰ ਲੋਹੜੀ ਦੇ ਦਿਨ ਦੁੱਲੇ ਨੂੰ ਹਰ ਲੋਹੜੀ ਦੇ ਸਮੇਂ ਯਾਦ ਕੀਤਾ ਜਾਂਦਾ ਹੈ। ਸ਼ਾਮ ਨੂੰ ਬੱਚੇ ਘਰਾਂ ਚੋਂ ਲੋਹੜੀ ਮੰਗਣ ਤੋਂ ਬਾਅਦ ਪਾਥੀਆਂ ਅਤੇ ਲੱਕੜਾਂ ਨਾਲ ਲੋਹੜੀ ਨੂੰ ਜਲਾ ਕੇ ਇਹ ਗੀਤ ਗਾਉਂਦੇ ਹੋਏ ਨਜਰ ਆਉਂਦੇ ਹਨ।

ਸੁੰਦਰ ਮੁੰਦਰੀਏ - ਹੋ!
ਤੇਰਾ ਕੌਣ ਵਿਚਾਰਾ - ਹੋ!
ਦੁੱਲਾ ਭੱਟੀ ਵਾਲਾ - ਹੋ!
ਦੁੱਲੇ ਧੀ ਵਿਆਹੀ - ਹੋ!

ਸੇਰ ਸੱਕਰ ਆਈ - ਹੋ!
ਕੁੜੀ ਦੇ ਬੋਝੇ ਪਾਈ - ਹੋ!

ਕੁੜੀ ਦਾ ਲਾਲ ਪਟਾਕਾ - ਹੋ!
ਕੁੜੀ ਦਾ ਸਾਲੂ ਪਾਟਾ - ਹੋ!
ਸਾਲੂ ਕੌਣ ਸਮੇਟੇ - ਹੋ!

ਚਾਚਾ ਗਾਲ੍ਹੀ ਦੇਸੇ - ਹੋ!
ਚਾਚੇ ਚੂਰੀ ਕੁੱਟੀ - ਹੋ!

ਜ਼ਿਮੀਦਾਰਾਂ ਲੁੱਟੀ - ਹੋ!
ਜ਼ਿਮੀਦਾਰ ਸਦਾਓ - ਹੋ!

ਗਿਣ ਗਿਣ ਪੌਲੇ ਲਾਓ - ਹੋ!
ਇੱਕ ਪੌਲਾ ਘਟ ਗਿਆ!
ਜ਼ਿਮੀਦਾਰ ਨੱਸ ਗਿਆ -

ਜੋ ਵੀ ਹੈ ਲੋਹੜੀ ਇੱਕ ਆਪਸੀ ਭਾਈਚਾਰਕ ਅਤੇ ਪਿਆਰ ਦੀ ਸਾਂਝ ਬਣ ਚੁੱਕੀ ਹੈ। ਪਹਿਲਾਂ ਸਿਰਫ਼ ਇਹ ਨਵੇਂ ਜੰਮੇ ਮੁੰਡਿਆਂ ਦਾ ਸਨਮਾਨ ਸੀ ਪਰ ਅੱਜ ਕੱਲ੍ਹ ਇਹ ਸਾਡੀ ਧੀਆਂ ਦਾ ਸਨਮਾਨ ਵੀ ਬਣ ਚੁੱਕੀ ਹੈ। ਨਵੇਂ ਜਨਮੇ ਬੱਚਿਆ ਦੀ ਲੋਹੜੀ ਮਨਾਉਣ ਦੀ ਰੀਤ ਬਣ ਚੁੱਕੀ ਹੈ। ਅੱਜ ਦੀ ਭੱਜ ਦੌੜ ਵਿੱਚ ਜਦੋਂ ਇਨਸਾਨ ਪਿੰਡ ਜਾਂ ਸ਼ਹਿਰ ਦੀ ਸਾਂਝੀ ਥਾਂ ਤੇ ਬਲਦੀ ਲੋਹੜੀ ਸ਼ੇਕਦਾ ਹੋਇਆ ਅਪਣੇ ਲੋਕਾਂ ਨਾਲ ਮੋਹ ਭਿੱਜੀਆਂ ਗੱਲਾਂ ਕਰਦਾ ਹੈ ਤਾਂ ਉਹ ਉਥੋਂ ਆਪਣੇ ਬਚਪਨ ਵਾਲੇ ਵਕਤ ਦੀਆ ਯਾਦਾ ਦੀਆ ਰਿਉੜੀਆਂ ਲੈਕੇ ਮੁੜਦਾ ਹੋਇਆ ਆਪਣੇ ਘਰ ਚਲਾ ਜਾਂਦਾ ਹੈ।



# ਆਓ, ਜੰਗਲੀ ਜੀਵਨ ਦੀ ਖ਼ੈਰ ਮੰਗੀਏ

ਜੰਗਲੀ ਜੀਵਨ ਸੁਰੱਖਿਆ ਹਫ਼ਤਾ

**ਲਿਖਤ : ਰਣਜੀਤ ਸਿੰਘ ਟੱਲੇਵਾਲ**
**ਮੋਬਾਈਲ :** 98765-28579



ਪਿਆਰੇ ਬੱਚਿਓ, ਸਾਡੀ ਧਰਤੀ ਗ੍ਰਹਿ ਦਾ ਉਹ ਵੱਡਾ ਖੇਤਰ ਜਿਸ ਵਿਚ ਬਹੁਤ ਸਾਰੀਆਂ ਕਿਸਮਾਂ ਦੇ ਵੇਲ, ਬੂਟੇ-ਬੂਟੀਆਂ, ਝਾੜੀਆਂ ਅਤੇ ਦਰੱਖਤ ਹੋਣ ਨੂੰ ਜੰਗਲ ਕਿਹਾ ਜਾਂਦਾ ਹੈ। ਜੰਗਲ ਜੈਵਿਕ ਵਿਭਿੰਨਤਾ ਦਾ ਵਡਮੁੱਲਾ ਖਜ਼ਾਨਾ ਹਨ। ਜੰਗਲ ਵਾਯੂ ਮੰਡਲੀ ਕਾਰਬਨ ਡਾਈਆਕਸਾਈਡ ਅਤੇ ਆਕਸੀਜਨ ਨੂੰ ਬਣਾਈ ਰੱਖਦੇ ਹਨ। ਜੰਗਲ ਪੌਦੇ ਅਤੇ ਜੀਵ ਜੰਤੂਆਂ ਨੂੰ ਨਿਵਾਸ ਸਥਾਨ ਪ੍ਰਦਾਨ ਕਰਦੇ ਹਨ। ਜੰਗਲਾਂ ਵਿਚ ਖੁੱਲ੍ਹੇ ਰੂਪ, ਕੁਦਰਤੀ ਵਾਤਾਵਰਨ, ਹਰ ਜੀਵ ਆਦਤਾਂ ਮੁਤਾਬਿਕ, ਭੋਜਨ ਪ੍ਰਾਪਤੀ, ਜਣਨ-ਕਿਰਿਆ ਕਰਨ ਅਤੇ ਬੱਚਿਆਂ ਦੇ ਰੱਖ-ਰਖਾਓ ਲਈ ਵੱਡੀ ਗਿਣਤੀ ਵਿਚ ਜੀਵ-ਜੰਤੂ ਰਹਿੰਦੇ ਹਨ ਤੇ ਵਿਗਸਦੇ ਹਨ, ਜੰਗਲੀ ਜੀਵਨ ਅਖਵਾਉਂਦਾ ਹੈ। ਹਰ ਸਾਲ ਲੋਕਾਂ ਨੂੰ ਜੰਗਲੀ ਜੀਵਨ ਬਾਰੇ ਜਾਗਰੂਕ ਕਰਨ, ਇਸ ਦੀ ਸਾਂਭ-ਸੰਭਾਲ ਲਈ ਸਿੱਖਿਅਤ ਕਰਨ, ਉਤਸ਼ਾਹਿਤ ਕਰਨ ਅਤੇ ਇਸ ਦੀ ਸਾਡੇ ਜੀਵਨ ਲਈ ਕੀ ਮਹੱਤਤਾ ਹੈ, ਹਰ ਸਾਲ ਵਿਸ਼ਵ ਜੰਗਲੀ ਜੀਵਨ ਸੁਰੱਖਿਆ ਹਫ਼ਤਾ (ਅਕਤੂਬਰ ਦਾ ਪਹਿਲਾ ਹਫ਼ਤਾ) ਮਨਾਇਆ ਜਾਂਦਾ ਹੈ।


ਪਿਆਰੇ ਬੱਚਿਓ, ਇਹ ਕਥਨ ਸਹੀ ਹੈ ਕਿ ਜਲ, ਜ਼ਮੀਨ ਤੇ ਜੰਗਲ ਨੇ ਤਾਂ ਹੀ ਧਰਤੀ ਤੇ ਮੰਗਲ ਨੇ। ਜੰਗਲੀ ਜੀਵਨ 'ਚ ਦਵਾਈਆਂ ਦੇਣ ਵਾਲੀਆਂ ਜੜ੍ਹੀਆਂ ਬੂਟੀਆਂ, ਜੰਗਲੀ ਜੀਵਨ ਦੇ ਕੁਦਰਤੀ ਨਜ਼ਾਰੇ ਸਾਡੇ ਲਈ ਸੈਰ-ਸਪਾਟਾ ਦੇ ਸਾਧਨ, ਰੁਜ਼ਗਾਰ ਦਾ ਵਸੀਲਾ, ਭਾਰਤੀ ਸੰਸਕ੍ਰਿਤ, ਧਾਰਮਿਕ ਅਤੇ ਸੱਭਿਆਚਾਰਕ ਖੇਤਰ ਵਿਚ ਬਹੁਤ ਮਹੱਤਤਾ ਹੈ। ਕਈ ਜੀਵ ਜੰਤੂ ਜਿਵੇਂ ਬਾਂਦਰ, ਰਿਛ (ਭਾਲੂ), ਹਾਥੀ, ਤੋਤਾ ਸਾਡੇ ਲਈ ਮਨੋਰੰਜਨ ਕਿਰਿਆ ਕਰਕੇ ਮਨਪ੍ਰਚਾਵਾ ਕਰਦੇ ਹਨ। ਪੰਛੀ ਮਿੱਠੜੇ ਬੋਲ ਬੋਲ ਕੇ ਜੀਵਨ ਦਾ ਸਮਤੋਲ ਰੱਖਦੇ ਹਨ। ਜੰਗਲੀ ਜੀਵਨ ਖੋਜਾਂ, ਅਧਿਐਨ, ਵਿਗਿਆਨਕ ਤਜਰਬਿਆਂ ਆਦਿ ਲਈ ਲਾਹੇਵੰਦ ਹੈ। ਜੰਗਲੀ ਜੀਵਨ ਦੀ ਸੁਰੱਖਿਆ ਹੀ ਸਾਡੀ ਸੁਰੱਖਿਆ ਹੈ। ਆਓ, ਜੰਗਲੀ ਜੀਵਨ ਦੀ ਖੈਰ ਮੰਗੀਏ।

ਜੰਗਲੀ ਜੀਵਨ ਦੀ ਸੁਰੱਖਿਆ ਲਈ ਭਾਰਤ ਸਰਕਾਰ ਨੇ ਬਹੁਤ ਸਾਰੇ ਰੂਲਜ਼ ਕਾਨੂੰਨ ਅਤੇ ਐਕਟ ਬਣਾਏ ਹਨ। ਪਾਰਕ, ਰੱਖਾਂ ਅਤੇ ਬੀੜ ਬਣਾਏ ਹਨ। ਪੰਜਾਬ ਵਿਚ ਮਹਿੰਦਰਾ ਚੌਧਰੀ ਜੁਆਲੋਜੀ ਪਾਰਕ ਛੱਤ ਬੀੜ, ਹਿਰਨ ਪਾਰਕ ਅਤੇ ਬੀੜ ਮੋਤੀ ਬਾਗ਼ ਪਟਿਆਲਾ ਅਤੇ ਬੀੜ ਬਠਿੰਡਾ ਆਦਿ ਮੌਜੂਦ ਹਨ। ਜੰਗਲੀ ਜੀਵਾਂ ਲਈ ਸਾਨੂੰ ਸਾਂਭ-ਸੰਭਾਲ, ਸੁਰੱਖਿਆ, ਅਪਣੱਤ, ਮੋਹ ਭਰਿਆ ਵਤੀਰਾ ਅਪਣਾਉਣਾ ਚਾਹੀਦਾ ਹੈ। ਜੀਵਾਂ ਦਾ ਸ਼ਿਕਾਰ, ਇਨ੍ਹਾਂ ਨੂੰ ਤਸੀਹੇ ਅਤੇ ਮਾਰਕੁੱਟ ਤੋਂ ਪ੍ਰਹੇਜ਼ ਕਰੀਏ। ਜੰਗਲਾਂ ਦੀ ਸਾਂਭ-ਸੰਭਾਲ ਕਰੀਏ। ਇਹ ਨਾਅਰਾ ਬੁਲੰਦ ਕਰੀਏ, ਜੰਗਲੀ ਜੀਵਨ ਸਾਡੇ ਲਈ ਵਰਦਾਨ, ਇਸ ਦੀ ਸਾਂਭ-ਸੰਭਾਲ ਵਿਚ ਸਾਡੀ ਸ਼ਾਨ।

## ਰਸਤਾ ਲੱਭੋ




## ਬਿੰਦੂ ਮਿਲਾਓ



# ਅੱਥਰੂਆਂ ਵਾਲੇ ਗੁਲਾਬ

**ਲਿਖਤ : ਮਨਮੋਹਨ ਸਿੰਘ ਦਾਊਂ**
**ਮੋਬਾਈਲ :** 98151-23900

ਐਤਵਾਰ ਦਾ ਦਿਨ ਸੀ। ਕਰਨ ਅੱਜ ਘਰ ਹੀ ਸੀ। ਉਸ ਦੇ ਮਾਤਾ-ਪਿਤਾ ਵੀ ਛੁੱਟੀ ਕਾਰਨ ਘਰ ਦੇ ਕੰਮਾਂ ਵਿਚ ਰੁੱਝੇ ਹੋਏ ਸਨ। ਕਰਨ ਵੀ ਆਪਣੀ ਪੜ੍ਹਾਈ ਕਰ ਰਿਹਾ ਸੀ। ਉਹ ਅੱਠਵੀਂ ਸ਼੍ਰੇਣੀ ਦਾ ਵਿਦਿਆਰਥੀ ਸੀ।

ਕਈ ਦਿਨਾਂ ਤੋਂ ਸ਼ਹਿਰ ਵਿਚ ਨਗਰ ਨਿਗਮ ਦੇ ਮੇਅਰ ਵਲੋਂ ਸ਼ਹਿਰ ਨੂੰ ਸੁੰਦਰੀਕਰਨ ਦੇ ਉਪਰਾਲੇ ਸ਼ੁਰੂ ਕੀਤੇ ਹੋਏ ਸਨ। ਸ਼ਹਿਰ ਦੀ ਸਫ਼ਾਈ ਕਰਨ ਕਾਮੇ ਲੱਗੇ ਹੋਏ ਸਨ।

ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਨੇ ਆਪਣੇ ਘਰਾਂ ਦੇ ਅੱਗੇ ਫਾਲਤੂ ਸਾਮਾਨ ਰੱਖਿਆ ਹੋਇਆ ਸੀ। ਆਵਾਜਾਈ ਵਿਚ ਔਕੜਾਂ ਆਉਂਦੀਆਂ ਸਨ। ਕਈਆਂ ਦੇ ਡਿਗਣ ਕਾਰਨ ਸੱਟਾਂ ਵੀ ਲੱਗੀਆਂ ਸਨ। ਬਜ਼ੁਰਗਾਂ ਨੂੰ ਤਾਂ ਹੋਰ ਮੁਸ਼ਕਿਲ ਆਉਂਦੀ। ਸਾਈਕਲ ਚਲਾਉਂਦੇ ਬੱਚੇ ਆਪਸ ਵਿਚ ਝਗੜ ਪੈਂਦੇ।

ਨਗਰ ਨਿਗਮ ਨੇ ਮਤਾ ਪਾਸ ਕਰਕੇ ਘਰਾਂ ਦੇ ਅੱਗੇ ਦੀਵਾਰਾਂ ਦੇ ਨਾਲ-ਨਾਲ ਸੀਮੈਂਟ ਦੀਆਂ ਇੱਟਾਂ (ਇੰਟਰ ਬਲਾਕਸ) ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਕਈ ਮੁਹੱਲਿਆਂ ਵਿਚ ਇਹ ਕੰਮ ਸ਼ੁਰੂ ਹੋ ਗਿਆ ਸੀ। ਇਸ ਕੰਮ ਵਿਚ ਕਈ ਮੁਸ਼ਕਿਲਾਂ ਵੀ ਆਈਆਂ। ਕਈ ਬਿਜਲੀ ਦੇ ਖੰਭੇ ਅੜਿੱਕਾਂ ਲਾਉਂਦੇ ਸਨ। ਕਈ ਲੋਕਾਂ ਨੇ ਫਾਲਤੂ ਜੰਗਲੇ ਬਣਾਏ ਹੋਏ ਸਨ। ਕਈਆਂ ਨੇ ਆਲੇ-ਦੁਆਲੇ ਕਬਾੜ ਸੁੱਟਿਆ ਹੋਇਆ ਸੀ। ਨਗਰ ਨਿਗਮ ਅਧਿਕਾਰੀ ਇਹ ਸੂਚਨਾ ਵੀ ਦਿੰਦੇ ਸਨ ਕਿ ਆਪਣੀ ਥਾਂ ਤੋਂ ਬਿਨਾਂ, ਗ਼ੈਰ-ਅਧਿਕਾਰਤ ਥਾਂ 'ਤੇ ਮਾਲਕ ਮਕਾਨਾਂ ਦਾ ਹੱਕ ਨਹੀਂ। ਕਾਨੂੰਨ ਸਭ ਲਈ ਸਾਂਝਾ ਹੁੰਦਾ ਹੈ। ਕਾਨੂੰਨ ਦੀ ਪਾਲਣਾ ਕਰਨਾ, ਹਰ ਇਕ ਨਾਗਰਿਕ ਦਾ ਫ਼ਰਜ਼ ਹੈ।



ਹੁਣ ਪੀਲੇ ਪੰਜੇ ਵਾਲੀ ਮਸ਼ੀਨ ਕਰਨ ਦੀ ਗਲੀ ਵਿਚ ਆ ਗਈ ਸੀ। ਟਰੈਕਟਰ-ਟਰਾਲੀ 'ਚ ਪੰਜੇ ਵਾਲੀ ਮਸ਼ੀਨ ਕਾਮਿਆਂ ਨਾਲ ਫਾਲਤੂ ਸਮਾਨ ਚੁੱਕ-ਚੁੱਕ ਕੇ ਲੱਦ ਰਹੀ ਸੀ। ਲੋਕ ਸਭ ਕੁਝ ਵੇਖ ਰਹੇ ਸਨ। ਦੀਵਾਰਾਂ ਤੋਂ ਬਾਹਰ ਲਾਏ ਜੰਗਲੇ ਤੋੜੇ ਜਾ ਰਹੇ ਸਨ। ਟੁੱਟੀਆਂ ਵਸਤਾਂ ਤੇ ਕਬਾੜ ਹੂੰਝਿਆ ਜਾ ਰਿਹਾ ਸੀ। ਮਹਿਕਮੇ ਦੇ ਅਧਿਕਾਰੀ ਆਪਣੀ ਜ਼ਿੰਮੇਵਾਰੀ ਨਿਭਾਅ ਰਹੇ ਸਨ। ਦੀਵਾਰਾਂ ਤੋਂ ਬਾਹਰ ਬਣਾਈਆਂ ਕਿਆਰੀਆਂ 'ਚੋਂ ਫੁੱਲ-ਬੂਟੇ ਵੀ ਸਾਫ਼ ਕਰੇ ਜਾ ਰਹੇ ਸਨ। ਸਫਾਈ ਕਰਨ ਤੋਂ ਬਾਅਦ ਇੱਟਾਂ ਲਾਉਣ ਦਾ ਕੰਮ ਸ਼ੁਰੂ ਹੋਣਾ ਸੀ। ਇਸ ਤਰ੍ਹਾਂ ਨਾਲ ਗਲੀ ਦਾ ਰਸਤਾ ਖੁੱਲ੍ਹ ਜਾਣਾ ਸੀ ਤੇ ਆਵਾਜਾਈ ਸੌਖੀ ਹੋ ਜਾਣੀ ਸੀ। ਕਿਤੇ-ਕਿਤੇ ਅਧਿਕਾਰੀਆਂ ਨੂੰ ਸਖਤੀ ਵੀ ਕਰਨੀ ਪਈ।

ਕਰਨ ਦੇ ਘਰ ਅੱਗੇ ਵੀ ਇਕ ਕਿਆਰੀ ਵਿਚ ਉਸ ਦੇ ਪਿਤਾ ਨੇ ਗੁਲਾਬ ਦਾ ਬੂਟਾ ਕਈ ਸਾਲਾਂ ਤੋਂ ਲਾਇਆ ਹੋਇਆ ਸੀ ਤੇ ਹੁਣ ਇਹ ਵੱਡਾ ਹੋ ਗਿਆ ਸੀ। ਫਰਵਰੀ ਦਾ ਮਹੀਨਾ ਹੋਣ ਕਾਰਨ, ਉਸ ਨੂੰ ਉਨਾਭੀ ਰੰਗ ਦੇ ਗੁਲਾਬ ਖਿੜੇ ਹੋਏ ਸਨ। ਕਰਨ ਉਸ ਨੂੰ ਪਾਣੀ ਪਾਉਂਦਾ ਤੇ ਗੋਡੀ ਵੀ ਕਰਿਆ ਕਰਦਾ ਸੀ। ਉਸ ਦੇ ਪਿਤਾ ਸਮੇਂ-ਸਮੇਂ ਦੇਸੀ ਰੂੜੀ (ਖਾਦ) ਵੀ ਪਾਉਂਦੇ ਹੁੰਦੇ ਸਨ। ਹੁਣ ਇਹ ਪੌਦਾ ਵੱਡਾ ਬੂਟਾ ਬਣ ਗਿਆ ਸੀ, ਜਿਸ ਦੀ ਚੱਕਲੀ ਉਤਾਰ ਕੇ ਕਿਸੇ ਗਮਲੇ ਜਾਂ ਹੋਰ ਥਾਂ ਨਹੀਂ ਸੀ ਲਾਇਆ ਜਾ ਸਕਦਾ। ਕਰਨ ਤੇ ਉਸ ਦੇ ਪਿਤਾ ਨੂੰ ਕੁਝ ਸਮਝ ਨਹੀਂ ਸੀ ਆ ਰਹੀ।

ਗੁਲਾਬ ਦਾ ਬੂਟਾ ਤਾਂ ਆਖਰ ਨੂੰ ਪੁੱਟਣਾ ਹੀ ਪੈਣਾ ਹੈ। ਪੰਜਾ-ਮਸ਼ੀਨ ਉਨ੍ਹਾਂ ਦੇ ਘਰ ਅੱਗੇ ਆ ਖਲੋਤੀ। ਕਰਨ ਉਦਾਸ ਹੋਈ ਖੜ੍ਹਿਆ ਸੀ। ਮਸ਼ੀਨ ਨੇ ਤਾਂ ਆਖਰ ਕਾਰਵਾਈ ਕਰਨੀ ਹੀ ਸੀ। ਕਰਨ ਨਜ਼ਰਾਂ ਭਰ-ਭਰ ਕੇ ਖਿੜੇ ਗੁਲਾਬ ਦੇ ਫੁੱਲਾਂ ਨੂੰ ਤੱਕ ਰਿਹਾ ਸੀ। ਉਸ ਦੇ ਪਿਤਾ ਨੂੰ ਪਤਾ ਸੀ ਕਿ ਕਰਨ ਉਸ ਗੁਲਾਬ ਦੇ ਬੂਟੇ ਨੂੰ ਬਹੁਤ ਮੋਹ ਕਰਦਾ ਸੀ। ਉਸ ਨੇ ਖਿੜੇ ਫੁੱਲਾਂ ਦੀ ਫੋਟੋ ਮੋਬਾਈਲ ਵਿਚ ਸਾਂਭ ਲਈ। 'ਕੋਈ ਨਾ ਬੇਟਾ, ਹੌਸਲਾ ਰੱਖ, ਇਸ ਦਾ ਸਬੰਧ ਸਾਡੇ ਨਾਲ ਏਨਾ ਹੀ ਸੀ। ਕਾਨੂੰਨ ਤਾਂ ਸਾਰਿਆਂ ਲਈ ਹੁੰਦਾ ਹੈ। ਆਪਾਂ ਗਮਲਿਆਂ 'ਚ ਹੋਰ ਫੁੱਲ ਲਾ ਲਵਾਂਗੇ', ਕਰਨ ਦੇ ਪਿਤਾ ਨੇ ਉਸ ਨੂੰ ਧੀਰਜ ਦਿੰਦਿਆਂ ਕਿਹਾ।

ਕਰਨ ਭਾਵੁਕ ਹੋ ਗਿਆ, ਫੁੱਲਾਂ ਨੂੰ ਆਪਣੇ ਚੁੰਮਣ ਦੇਣ ਲਈ। ਆਖਰ ਉਸ ਦੇ ਅੱਥਰੂ ਫੁੱਲਾਂ 'ਤੇ ਡੁੱਲ੍ਹ ਪਏ। ਲੋਕ ਵੀ ਕਰਨ ਦੇ ਫੁੱਲਾਂ ਨਾਲ ਮੁਹੱਬਤ 'ਤੇ ਹੈਰਾਨ ਹੋ ਰਹੇ ਸਨ। ਪੰਜਾ ਮਸ਼ੀਨ ਨੇ ਗੁਲਾਬ ਦੇ ਬੂਟੇ ਨੂੰ ਉਖੇੜ ਕੇ ਟਰਾਲੀ 'ਤੇ ਲੱਦ ਦਿੱਤਾ ਸੀ। ਕਿਆਰੀ ਖਾਲੀ ਹੋ ਗਈ ਸੀ। ਕਰਨ ਨੂੰ ਇਉਂ ਲੱਗਿਆ ਜਿਵੇਂ ਅੱਥਰੂਆਂ ਵਾਲੇ ਗੁਲਾਬ ਉਸ ਨੂੰ ਅਲਵਿਦਾ ਕਹਿ ਰਹੇ ਹੋਣ।

*ਪਿਆਰੇ ਬੱਚਿਓ ! ਹੇਠਾਂ ਦਿੱਤੇ ਗਏ ਦੋਹਾਂ ਚਿੱਤਰਾਂ 'ਚ ਘੱਟੋ-ਘੱਟ 6 ਅੰਤਰ ਹਨ। ਕੀ ਤੁਸੀਂ ਇਨ੍ਹਾਂ ਦਾ ਪਤਾ ਲੱਗਾ ਸਕਦੇ ਹੋ... ?*



ਉੱਤਰ : ਪੰਛੀ ਦੀ ਚੁੰਝ, ਭਾਫ਼, ਕੁੱਤੇ ਦੀ ਸਮਾਇਲ, ਵਿਅਕਤੀ ਦੀ ਬਾਜੂ ਅਤੇ ਵਾਲ।




# ਕਾਵਿ-ਲਹਿਰਾਂ

## ਪਰਿੰਦੇ

ਅੰਬਰ ਦੇ ਸਿਰਤਾਜ ਪਰਿੰਦੇ।
ਭਰਦੇ ਜਦ ਪਰਵਾਜ਼ ਪਰਿੰਦੇ।
ਡੁਬਕੀ ਵਿੱਚ ਸੰਗੀਤਕ ਲੋਰੀ।
ਪੰਛੀ ਲਾਉਂਦੇ ਚੋਰੀ-ਚੋਰੀ।
ਦਰਿਆ ਦੇ ਵਿੱਚ ਸਾਜ਼ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।

ਇੱਕ ਦੂਜੇ ਨਾਲ ਕੋਈ ਨਾ ਰੁੱਸੇ।
ਸਭ ਧਰਮਾਂ ਤੋਂ ਉੱਚੇ ਸੁੱਚੇ।
ਰੱਬ ਵਰਗੀ ਆਵਾਜ਼ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।

ਇੰਦਰ ਧਨੁਸ਼ ਖੰਭਾਂ ਵਿੱਚ ਭਰ ਕੇ।
ਰੰਗ ਦੀ ਹੋਂਦ ਸਥਾਪਿਤ ਕਰ ਕੇ।
ਸਿਰ ਤੇ ਪਹਿਨਣ ਤਾਜ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।

ਘਰ ਨਿਰਮਾਣ 'ਚ ਉੱਤਮ ਸ਼ਿਲਪੀ।
ਬੰਦੇ ਤੋਂ ਸਰਵੋਤਮ ਸ਼ਿਲਪੀ।
ਕਰਮਠਤਾ ਦੇ ਕਾਜ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।

ਮਾਲਿਕ ਦੇ ਇੱਕ ਇਸ਼ਾਰੇ 'ਤੇ।
ਵਾਪਸ ਆਉਣ ਚੁਬਾਰੇ 'ਤੇ।
ਰੱਖ ਲੈਂਦੇ ਨੇ ਲਾਜ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।

ਇਨ੍ਹਾਂ ਵਿੱਚ ਵੀ ਆਦਤ ਹੁੰਦੀ।
ਮੋਹ ਮਮਤਾ ਦੇ ਬਾਬਤ ਹੁੰਦੀ।
ਹੋ ਜਾਂਦੇ ਨਾਰਾਜ਼ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।

ਨਾ ਹੱਦਾਂ ਨਾ ਧਰਮ ਨਾ ਜਾਤੀ।
ਰਾਤ, ਦੁਪਹਿਰੇ, ਜਾਂ ਪ੍ਰਭਾਤੀ।
ਧਰਤੀ ਦੇ ਸਵਰਾਜ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।

ਮੁਸ਼ਕਿਲ ਹੈ ਇਨ੍ਹਾਂ ਦੀ ਭਾਸ਼ਾ।
ਸਮਝਣ ਦੁਖ-ਸੁਖ ਆਸ-ਨਿਰਾਸ਼ਾ।
ਦਿੰਦੇ ਜਦ ਆਵਾਜ਼ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।

ਬੰਦੇ ਨਾਲੋਂ ਵੱਧ ਸਿਆਣੇ।
ਦਿੰਦੇ ਨਹੀਂ ਮਿਹਣੇ ਤਾਅਨੇ।
ਲੈਂਦੇ ਨਹੀਂ ਹਨ ਦਾਜ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।

ਆਜ਼ਾਦੀ ਦੇ ਅੰਦਰ ਰਹਿੰਦੇ।
'ਕੱਠੇ, ਉੱਠਦੇ, ਰਲਮਿਲ ਬਹਿੰਦੇ।
ਹੁੰਦੇ ਨਈ ਮੁਹਤਾਜ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।

ਇਨ੍ਹਾਂ 'ਚੋਂ ਖੋਜੇ ਉੱਡਣ ਖਟੋਲੇ।
ਲੱਖਾਂ ਮੀਲ ਖੰਭਾਂ ਨਾਲ ਤੋਲੇ।
ਯਾਤਰਾ ਦੇ ਸਮਰਾਟ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।
ਸੁਰ-ਸੰਗੀਤ ਇਨ੍ਹਾਂ 'ਚੋਂ ਬਣਿਆ।
ਸੱਭਿਆਚਾਰ ਇਨ੍ਹਾਂ 'ਚੋਂ ਜਣਿਆ।
ਸੰਸਕ੍ਰਿਤੀ ਦਾ ਆਗਾਜ਼ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।

'ਬਾਲਮ' ਸੁੱਖ ਨੂੰ ਵੰਡਦੇ ਜਾਂਦੇ।
ਆਫ਼ਤ ਵਿੱਚ ਵੀ ਨਹੀਂ ਘਬਰਾਂਦੇ।
ਦੁੱਖ ਦਾ ਰੱਖਣ ਰਾਜ਼ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।

**ਲਿਖਤ : ਬਲਵਿੰਦਰ 'ਬਾਲਮ' ਗੁਰਦਾਸਪੁਰ**
**ਸੰਪਰਕ:** 98156-25409

## ਕਿਸੇ ਨੂੰ ਦੇਖ ਕੇ

ਕਿਸੇ ਨੂੰ ਦੇਖ ਕੇ ਸੜਿਆ ਨਾ ਕਰ,
ਬਹੁਤੀ ਬੁੜ ਬੁੜ ਕਰਿਆ ਨਾ ਕਰ।
ਸਾਰਾ ਦਿਨ ਹੀ ਲੜਿਆ ਨਾ ਕਰ,
ਜਣੇ ਖਣੇ ਕੋਲ ਖੜ੍ਹਿਆ ਨਾ ਕਰ।

ਝੂਠ ਦਾ ਪਾਣੀ ਭਰਿਆ ਨਾ ਕਰ,
ਸੱਚ ਬੋਲਦਾ ਡਰਿਆ ਨਾ ਕਰ।
ਕੰਮ ਕਰਨ ਤੋਂ ਟਲਿਆ ਨਾ ਕਰ,
ਹਰ ਰੋਜ਼ ਬਹਾਨੇ ਘੜਿਆ ਨਾ ਕਰ।

ਬੇਕਾਰ ਕਿਤਾਬਾਂ ਪੜ੍ਹਿਆ ਨਾ ਕਰ,
ਖ਼ਿਆਲਾਂ ਦੀ ਘੋੜੀ ਚੜ੍ਹਿਆ ਨਾ ਕਰ।
ਹਰ ਦਲਦਲ ਵਿੱਚ ਵੜਿਆ ਨਾ ਕਰ,
ਦਾਮਨ ਨੂੰ ਮੈਲਾ ਕਰਿਆ ਨਾ ਕਰ।

ਕਿਸੇ ਦੀ ਨਿੰਦਾ ਕਰਿਆ ਨਾ ਕਰ,
ਰੋਂਦਾ ਪਿਟਦਾ ਮਰਿਆ ਨਾ ਕਰ।
ਗਿੱਲੀ ਥਾਂ 'ਤੇ ਵਰ੍ਹਿਆ ਨਾ ਕਰ,
ਦਿਲਬਰ 'ਤੇ ਗੁੱਸਾ ਕਰਿਆ ਨਾ ਕਰ।

ਖ਼ੁਦ ਵਿੱਚ ਫ਼ੂਕਾਂ ਭਰਿਆ ਨਾ ਕਰ,
ਬਹੁਤੀ ਮੈਂ ਮੈਂ ਕਰਿਆ ਨਾ ਕਰ।
ਮਜ਼ਮਿਆਂ ਅੰਦਰ ਵੜਿਆ ਨਾ ਕਰ,
ਅੰਧ ਭਰੋਸਾ ਕਰਿਆ ਨਾ ਕਰ।

**ਲਿਖਤ : ਪੋਰਿੰਦਰ ਸਿੰਗਲਾ 'ਢਪਾਲੀ'**
**ਸੰਪਰਕ:** 95010-00276

## ਗਏ ਵਿਚਾਰੇ ਰੋਜੜੇ- ਰਹਿ ਗਏ 9 ਤੇ 20

ਹੁਣ ਦੇਊ ਇੱਕ ਦਿਨ ਛੱਡ ਅਹੁਦਾ,
ਆਖ਼ਰ ਦਿੱਤਾ ਕਰ ਐਲਾਨ ਕਹਿੰਦੇ।
ਵਾਹ ਵਾਹ ਖੱਟ ਕੇ ਲਈ ਖੱਟ ਥੂਹ ਥੂਹ,
ਅੱਧ ਵਿਚਾਲੇ ਖਿੰਡ ਗਈ ਭਾਨ ਕਹਿੰਦੇ।

ਜਿੰਨਾਂ ਚਾਹੀਦਾ ਜਾਓ ਲੈ ਓਨਾਂ,
ਖੋਲ੍ਹ ਬਹਿ ਗਿਆ ਸਾਰਾ ਥਾਨ ਕਹਿੰਦੇ।
ਜੀਹਤੋਂ ਆਈ ਦਾ ਜਾਓ ਆ ਛੇਤੀ
ਹੋਕਾ ਲਾ 'ਤਾ ਵਿੱਚ ਜਹਾਨ ਕਹਿੰਦੇ।

ਪਰਜਾ ਆਪਣੀ ਤਾਂ ਫਿਰੇ ਭੁੱਖੀ,
ਪਿਆ ਸਾਂਭਦਾ ਫਿਰੇ ਜਹਾਨ ਕਹਿੰਦੇ,
ਹਟ ਬੋਲਣੋਂ ਜਦ ਗਈ ਤੂਤੀ,
ਖਾਲੀ ਕਰਨੀ ਪਈ ਦੁਕਾਨ ਕਹਿੰਦੇ।

ਕਰ ਬਥੇਰਾ ਲਿਆ ਰਾਜ 'ਭਗਤਾ',
ਪਾ ਮੰਜੇ 'ਚ ਗਿਆ ਕਾਣ ਕਹਿੰਦੇ।
ਗਏ ਉੱਠਣੋਂ ਹਟਾ ਸ਼ਿਕਾਰ ਜਦੋਂ,
ਛੱਡ ਚੱਲਿਆ ਤੀਰ ਕਮਾਨ ਕਹਿੰਦੇ,

**ਲਿਖਤ : ਬਰਾੜ ਭਗਤਾ ਭਾਈ ਕਾ,**
1-604-751-1113

## ਰਿਸ਼ਤੇ

ਕੈਸੇ ਰਿਸ਼ਤੇ ਨੇ ਅੱਜਕੱਲ੍ਹ ਦੇ,
ਕੇਵਲ ਲੋਕ-ਵਿਖਾਵਾ।
ਨਾ ਅਪਣੱਤ ਨਾ ਨਿੱਘ ਕੋਈ ਹੈ,
ਕੀ ਮੈਂ ਕਹਾਂ ਭਰਾਵਾ!

ਭਾਈ ਭਾਈ ਨਾ ਵੇਖ ਸਹਾਰੇ,
ਕੈਰੀ ਅੱਖ ਨਾਲ ਵਿੰਹਦੇ।
ਤਾਅਨੇ-ਮਿਹਣੇ ਲਾਉਂਦੇ ਨੇ,
ਕੀ ਦੱਸਾਂ ਕੀ ਕੀ ਕਹਿੰਦੇ।

ਜਿਂਦਾਂ ਮਿਲੇ ਨਾ ਪਾਣੀ, ਉਹ
ਪੌਦੇ ਛੇਤੀ ਸੁੱਕ ਜਾਂਦੇ।
ਜਿੱਥੇ ਮਿਲੇ ਨਾ ਇੱਜ਼ਤ ਕੋਈ,
ਉਹ ਰਿਸ਼ਤੇ ਮੁੱਕ ਜਾਂਦੇ।

ਪਹਿਲਾਂ ਘਰ ਸਨ ਹੁੰਦੇ ਕੱਚੇ,
ਪਰ ਸੀ ਰਿਸ਼ਤੇ ਪੱਕੇ।
ਅੱਜਕੱਲ੍ਹ ਘਰ ਤਾਂ ਪੱਕੇ ਨੇ,
ਪਰ ਰਿਸ਼ਤੇ ਹੋ ਗਏ ਕੱਚੇ।

ਰਿਸ਼ਤੇ ਤੰਦ ਪਿਆਰਾਂ ਵਾਲੀ,
ਇਹਨੂੰ ਕਦੇ ਨਾ ਤੋੜੋ।
ਮਨੋਂ ਮਿਟਾਈਏ ਸਾਤਾ ਨਫ਼ਰਤ,
ਪਿਆਰ ਦੇ ਰਿਸ਼ਤੇ ਜੋੜੋ।

**ਲਿਖਤ : ਪ੍ਰੋ. ਨਵ ਸੰਗੀਤ ਸਿੰਘ**
**ਸੰਪਰਕ :** 9417692015.

## ਜੇ ਹੱਸ ਕੇ ਬੁਲਾ ਲੈਂਦੇ

ਰੱਬ ਨੂੰ ਜੋ ਹਮੇਸ਼ਾ ਯਾਦ ਰੱਖਣ
ਕਰਦੇ ਨਹੀਂ ਕਿਸੇ ਦਾ ਨੁਕਸਾਨ ,
ਉਹ ਹਰ ਸਮੇਂ ਯਾਦ ਰੱਖਦੇ
ਕਿ ਸਭ ਨੂੰ ਦੇਖ ਰਹੇ ਭਗਵਾਨ ...

ਕੁਝ ਬੰਦੇ ਕਰਦੇ ਕੁਝ ਹੋਰ
ਤੇ ਕੁਝ ਹੋਰ ਪਏ ਦੱਸਦੇ ,
ਕੁਝ ਬੰਦੇ ਲੱਖ ਦੇ
ਤੇ ਕੁਝ ਹੁੰਦੇ ਨੇ ਕੱਖ ਦੇ ,
ਪਰ ਸਭ ਤੋਂ ਖਤਰਨਾਕ ਹੁੰਦੇ
ਉਹ ਬੰਦੇ ,
ਜਿਹੜੇ ਦੋ - ਦੋ ਚਿਹਰੇ ਰੱਖਦੇ...

ਦੂਰ ਹੋ ਕੇ ਵੀ ਯਾਦ ਆਉਂਦੇ ਕਈ
ਨੇੜੇ ਹੋ ਕੇ ਰੁਲਾਉਂਦੇ ਕਈ ,
ਬੰਦੇ - ਬੰਦੇ ਦਾ ਫ਼ਰਕ ਹੁੰਦਾ ' ਧਰਮਾਣੀ ' ,
ਦੁੱਖ ਦੇ ਵੀ ਹਸਾਉਂਦੇ ਕਈ...

ਦੋਸਤੋ ! ਕਦੇ ਕਿਸੇ ਨਾਲ਼ ਲੜੋ ਨਾ ,
ਗਲਤ ਬੰਦੇ ਨਾਲ਼ ਬਹੁਤਾ ਤੁਸੀਂ ਖੜੋ ਨਾ ;
ਹਰ ਗੱਲ ਦਾ ਕੋਈ ਮਤਲਬ ਹੁੰਦਾ ,
ਪਰ ਗੱਲ - ਗੱਲ 'ਤੇ ਵੀ ਬਹੁਤਾ ਅੜੋ ਨਾ...

ਕਈ ਚਲਾਕੀਆਂ ਕਰਨ ਕੋਝੀਆਂ
ਜਿਵੇਂ ਦੂਜੇ ਨੂੰ ਨਾ ਹੋਣ ਸੋਝੀਆਂ ,
ਜੋ ਬਣਨ ਬੜੇ ਚਲਾਕ ,
ਬਾਅਦ 'ਚ ਹੁੰਦੇ ਬੜੇ ਖਰਾਬ...

ਤਬਾਹ ਕਰਕੇ ਸਾਨੂੰ
ਹੁਣ ਯਾਰੀਆਂ ਲਾਉਣ ਨੂੰ ਫਿਰੇ ,
ਉਸ ਨੂੰ ਕੀ ਪਤਾ
ਦੁੱਖਾਂ 'ਚ ਅਸੀਂ ਕਿੰਨਾ ਘਿਰੇ ...?

ਅੱਜ ਆਇਆ ਸੀ ਕੋਲ ਮੇਰੇ ਕੋਈ
ਪਰ ਉਸਨੇ ਪੁੱਛਿਆ ਨਾ ਮੇਰਾ ਹਾਲ ,
ਅਸੀਂ ਵੀ ਨਜ਼ਰ ਚੁਰਾ ਕੇ ਲੰਘ ਗਏ
ਹੋਈ ਬੜੀ ਕਮਾਲ ...

ਮੈਨੂੰ ਰੋਂਦੇ ਨੂੰ ਛੱਡ ਗਏ ਸੀ ਕਈ
ਮੈਂ ਹੁਣ ਪੱਥਰ - ਦਿਲ ਹੋ ਗਿਆ ਹਾਂ ,
ਮੈਨੂੰ ਵੀ ਹੁਣ
ਕਿਸੇ ਦੀ ਕੀ ਪਈ...?

ਜੇ ਮੈਨੂੰ ਹੱਸ ਕੇ ਬੁਲਾ ਲੈਂਦੇ
ਤਾਂ ਅਸੀਂ ਵੀ ਸਿਰ ਝੁਕਾ ਲੈਂਦੇ ,
ਉਹ ਆਕੜ ਨਾਲ ਲੰਘ ਗਏ
ਫਿਰ ਅਸੀਂ ਕਿਉਂ ਨੀਵੇਂ ਪੈਂਦੇ ...?

ਕਿਸੇ ਦੀਆਂ ਯਾਦਾਂ ਵਿੱਚ ਖੋ ਕੇ
ਕਦੇ ਕਿਸੇ ਲਈ ਰੋ ਕੇ ,
ਵਖਤ ਲੰਘਾ ਰਹੇ ਆਂ
ਜ਼ਿੰਦਗੀ ਨੂੰ ਢੋਅ ਕੇ ...

**ਲਿਖਤ : ਮਾਸਟਰ ਸੰਜੀਵ ਧਰਮਾਣੀ**
**ਸੰਪਰਕ :** 9478561356

## ਸਿਫ਼ਤਾਂ ਸੋਹਣੇ ਪੰਜਾਬ ਦੀਆਂ

ਸੁਣ ਓ ਵੀਰੇ ਸੁਣਾਵਾਂ ਸਿਫ਼ਤਾਂ ਸੋਹਣੇ ਪੰਜਾਬ ਦੀਆਂ।
ਮਹਿਕਾਂ ਆਵਣ ਉੱਦਾਂ ਜੀਕਣ ਫੁੱਲ ਗੁਲਾਬ ਦੀਆਂ।

ਹਰ ਮੌਸਮ ਇਸ ਦੀ ਧਰਤ 'ਤੇ ਆਉਂਦਾ ਹੈ।
ਕਦੇ ਮੱਧਮ ਸੂਰਜ ਕਦੇ ਬੜਾ ਰੁਸ਼ਨਾਉਂਦਾ ਹੈ।

ਸਤਲੁਜ ਬਾਤਾਂ ਪੁੱਛਦੈ ਰਾਵੀ ਕੋਲੋਂ ਚਨਾਬ ਦੀਆਂ,
ਸੁਣ ਓ ਵੀਰੇ ਸੁਣਾਵਾਂ ਸਿਫ਼ਤਾਂ ਸੋਹਣੇ ਪੰਜਾਬ ਦੀਆਂ।

ਆਫ਼ਤ ਆਣ ਪਵੇ ਤਾਂ ਥਾਂ-ਥਾਂ ਲੰਗਰ ਲੱਗਦੇ ਨੇ,
ਪਾਣੀ ਪੀਣ ਨੂੰ ਮੰਗਦਾ ਕੋਈ ਦੁੱਧ ਹੀ ਵੰਡਦੇ ਨੇ।

ਖ਼ੁਸ਼ ਹੋ ਵੰਡੀ ਜਾਵਣ ਚੀਜ਼ਾਂ ਬੇਹਿਸਾਬ ਜੀਆਂ,
ਸੁਣ ਓ ਵੀਰੇ ਸੁਣਾਵਾਂ ਸਿਫ਼ਤਾਂ ਸੋਹਣੇ ਪੰਜਾਬ ਦੀਆਂ।

ਮੌਜ 'ਚ ਰਹਿੰਦੇ ਜਾ ਕੇ ਪਿੰਡਾਂ ਵਾਲੇ ਵੇਖ ਲਵੀਂ,
ਸਿਆਲ 'ਚ ਪਾਈ ਰੱਖਦੇ ਧੂਣੀਆਂ ਸੇਕ ਲਵੀਂ।

ਗੱਲਾਂ ਨਾ ਬਹੁਤੀਆਂ ਗੌਲਣ ਕਿਸੇ ਨਵਾਬ ਦੀਆਂ,
ਸੁਣ ਓ ਵੀਰੇ ਸੁਣਾਵਾਂ ਸਿਫ਼ਤਾਂ ਸੋਹਣੇ ਪੰਜਾਬ ਦੀਆਂ।

ਤੂੰ 'ਬਲਜੀਤ' ਕਦੇ ਜੇ ਹੋਵੇਂ ਵਿੱਚ ਉਦਾਸੀ ਦੇ,
ਸੱਥ 'ਚ ਜਾ ਕੇ ਦੇਖੀਂ ਫੁੱਟਦੇ ਫੁਹਾਰੇ ਹਾਸੀ ਦੇ।

ਭਰ-ਭਰ ਮੁੱਠੀਆਂ ਲੈਜੀਂ ਵੀਰੇ ਸਾਡੇ ਰਿਵਾਜ ਦੀਆਂ,
ਸੁਣ ਓ ਵੀਰੇ ਸੁਣਾਵਾਂ ਸਿਫ਼ਤਾਂ ਸੋਹਣੇ ਪੰਜਾਬ ਦੀਆਂ।

**ਬਲਜੀਤ ਸਿੰਘ ਅਕਲੀਆ**
**ਸੰਪਰਕ:** 98721-21002

## ਮਾਂ ਬੋਲੀ ਦੇ ਪੁੱਤਰੋ

ਮਾਂ ਬੋਲੀ ਦੇ ਪੁੱਤਰੋ! ਕਿਉਂ ਮੇਰੇ ਤੋਂ ਮੁੱਖ ਮੋੜ ਰਹੇ?
ਦੁੱਧ ਮੱਖਣਾਂ ਨਾਲ ਪਾਲਿਉ ਕਿਉਂ ਮਾਂ ਨੂੰ ਹੋੜ ਰਹੇ...?
ਲੋਰੀ ਦੇ ਪੰਘੂੜੇ ਬਹਿ ਕੇ ਬਚਪਨ ਹੰਢਾਇਆ ਹੈ।
ਹਿੱਕੜੀ ਲਾ ਮੋਹ ਲਾਡ ਕਰ ਲੋਰੀ ਨੂੰ ਗਾਇਆ ਹੈ।
ਮਾਂ ਪੁੱਤ ਦੇ ਇਸ ਅਟੁੱਟ ਰਿਸ਼ਤੇ ਨੂੰ ਕਿਉਂ ਤੋੜ ਰਹੇ?
ਮਾਂ ਬੋਲੀ ਦੇ ਪੁੱਤਰੋ! ਕਿਉਂ ਮੇਰੇ ਤੋਂ ਮੁੱਖ ਮੋੜ ਰਹੇ...?
ਮਾਂ ਦੀ ਗੋਦ ਵਿੱਚ ਬੋਲੀਆਂ ਪਲ ਬੋਲੀਆਂ ਨੇ।
ਤੋਤਲੀ ਬੋਲੀ 'ਚ ਮਾਂ ਨੇ ਲੋਰੀਆਂ ਘੋਲੀਆਂ ਨੇ।
ਮਾਂ ਨੂੰ ਭੁੱਲ ਕੇ ਪੁੱਤਰੋ ਹੋਰਾਂ ਸੰਗ ਨਾਤਾ ਜੋੜ ਰਹੇ।
ਮਾਂ ਦੇ ਪੁੱਤੋ ਏਸ ਅਟੁੱਟ ਰਿਸ਼ਤੇ ਨੂੰ ਕਿਉਂ ਤੋੜ ਰਹੇ...?
ਢੋਲੇ, ਮਾਹੀਏ, ਗਿੱਧੇ, ਝੂੰਮਰ ਤੇ ਪੈਂਦੀਆਂ ਧਮਾਲਾਂ ਨੇ।
ਕਵੀ, ਕਵੀਸ਼ਰ, ਢਾਡੀਆਂ ਨੇ ਬਾਲੀਆਂ ਮਿਸਾਲਾਂ ਨੇ।
ਮਾਖਿਉਂ ਰਿਸਦੀ ਮਿਠਾਸ ਤੋਂ ਕਿਉਂ ਪਾਸਾ ਮੋੜ ਰਹੇ?
ਮਾਂ ਦੇ ਪੁੱਤਰੋ ਏਸ ਅਟੁੱਟ ਰਿਸ਼ਤੇ ਨੂੰ ਕਿਉਂ ਤੋੜ ਰਹੇ...?
ਮਾਂ ਨੇ ਗੋਦੀ ਚੁੱਕ ਖਿਡਾਇਆ ਦਿੱਤੀਆਂ ਲੋਰੀਆਂ ਨੇ।
ਸ਼ਾਦੀ ਸਮੇਂ ਭੈਣਾਂ ਚਾਅ ਨਾਲ ਗਾਈਆਂ ਘੋੜੀਆਂ ਨੇ।
ਹੇਰੇ, ਟੱਪੇ, ਮਜ਼ਾਕ, ਸਿੱਠਣੀਆਂ ਤੋਂ ਕਿਉਂ ਮੁੱਖ ਮੋੜ ਰਹੇ?
ਮਾਂ ਦੇ ਪੁੱਤਰੋ ਏਸ ਅਟੁੱਟ ਰਿਸ਼ਤੇ ਤੋਂ ਮੁੱਖ ਮੋੜ ਰਹੇ...?
ਠੇਠ ਪੰਜਾਬੀ ਭਾਸ਼ਾ 'ਚ ਗੁਰੂਆਂ ਬਾਣੀ ਉਚਾਰੀ ਹੈ।
ਭਗਤਾਂ ਫ਼ਕੀਰ ਭੱਟਾਂ ਨੇ ਸਲੋਕਾਂ ਵਿੱਚ ਸ਼ਿੰਗਾਰੀ ਹੈ।
ਸੁਬ੍ਹਾ ਸਵੇਰੇ ਅੰਮ੍ਰਿਤ ਬਾਣੀ ਦੇ ਬੋਲਾਂ ਤੋਂ ਕੰਨ ਹੋੜ ਰਹੇ...।
ਮਾਂ ਦੇ ਵਿਹੜੇ ਨੱਚਦੇ ਟੱਪਦੇ ਕਿੱਧਰ ਨੂੰ ਹੋ ਦੌੜ ਰਹੇ...?
ਹੋਰ ਭਾਸ਼ਾਵਾਂ ਨੂੰ ਵੀ ਪੜ੍ਹ ਗਿਆਨ ਪਾਉ ਰੱਜ ਰੱਜ ਕੇ।
ਪੁੱਤਰੋ ਪਾਉ ਤਰੱਕੀਆਂ ਜ਼ਿੰਦਗੀ ਦੇ ਵਿੱਚ ਭੱਜ ਭੱਜ ਕੇ।
ਪਰ ਮਾਂ ਬੋਲੀ ਨੂੰ ਪਿੱਠ ਦੇ ਕਿਹੜੇ ਰਾਹ ਵੱਲ ਦੌੜ ਰਹੇ?
ਮਾਂ ਦੇ ਪੁੱਤਰੋ! ਮੇਰੇ ਤੋਂ ਕਿਉਂ ਹੁਣ ਮੁੱਖ ਮੋੜ ਰਹੇ...?
ਜੋ ਗਿਆਨ ਤੁਸੀਂ ਮਾਂ ਬੋਲੀ ਬਿਨ ਪਾ ਨਾ ਸਕੋ।
ਹੋਰ ਕਿਸੇ ਭਾਸ਼ਾ 'ਚ ਬਹੁਤਾ ਡੂੰਘਾ ਨਾ ਜਾ ਸਕੋ।
ਮਾਂ ਦੇ ਪੀਤੇ ਦੁੱਧ ਤੋਂ ਮੁਨਕਰ ਹੋ ਕੀ ਜੇ ਲੋੜ ਰਹੇ?
ਮਾਂ ਦੇ ਪੁੱਤੋ ਏਸ ਅਟੁੱਟ ਰਿਸ਼ਤੇ ਨੂੰ ਕਿਉਂ ਤੋੜ ਰਹੇ...?
'ਅਜ਼ਾਦ' ਚਾਰ ਅੱਖਰ ਮਾਂ ਬੋਲੀ ਦੇ ਪੜ੍ਹ ਗਿਆ।
ਅੱਖਰਾਂ ਦੇ ਸਹਾਰੇ ਜੀਵਨ ਦਾ ਬੇੜਾ ਤਰ ਗਿਆ।
ਸਦਾ ਸੁਹਾਗਣ ਮਾਂ ਦੇ ਦਰ ਤੋਂ ਕਿਉਂ ਮੁੱਖ ਮੋੜ ਰਹੇ...?
ਦੁੱਧ ਮੱਖਣਾਂ ਸੰਗ ਪਲੇ ਪੁੱਤਰੋ ਕਿਧਰ ਨੇਹੁੰ ਜੋੜ ਰਹੇ...?

**ਲਿਖਤ : ਰਣਜੀਤ ਆਜ਼ਾਦ ਕਾਂਝਲਾ, ਸੰਪਰਕ:** 94646-97781



# ਨਾਰੀ ਸੰਸਾਰ



# ਪਰਿਵਾਰ ਖ਼ੁਸ਼ਹਾਲ ਕਿਵੇਂ ਬਣਾਈਏ ?



ਲਿਖਤ : ਬਰਜਿੰਦਰ ਕੌਰ ਬਿਸਰਾਓ
ਸੰਪਰਕ : 99889-01324

ਸਾਡੇ ਸਭਿਆਚਾਰ ਉੱਪਰ ਪੱਛਮੀ ਸੱਭਿਅਤਾ ਦਾ ਰੰਗ ਦਿਨ-ਬ-ਦਿਨ ਗੂੜ੍ਹਾ ਚੜ੍ਹਦਾ ਜਾ ਰਿਹਾ ਹੈ। ਸੰਚਾਰ ਦੇ ਸਾਧਨ ਵਧ ਰਹੇ ਹਨ। ਮੋਬਾਈਲ ਫੋਨਾਂ ਤੇ ਇੰਟਰਨੈੱਟ ਦੀ ਵਰਤੋਂ ਵਧ ਗਈ ਹੈ। ਜਿਸ ਕਰਕੇ ਪਰਿਵਾਰਾਂ ਦੇ ਰਹਿਣ-ਸਹਿਣ ਦੇ ਤੌਰ ਤਰੀਕਿਆਂ ਵਿੱਚ ਵੀ ਨਵੀਨਤਾ ਆ ਰਹੀ ਹੈ। ਇਹਨਾਂ ਗੱਲਾਂ ਦਾ ਅਜੋਕੇ ਭਾਰਤੀ ਪਰਿਵਾਰਿਕ ਜੀਵਨ ਉੱਪਰ ਬੁਰਾ ਅਸਰ ਵੱਧ ਪੈ ਰਿਹਾ ਹੈ ਅਤੇ ਚੰਗਾ ਘੱਟ। ਨਵੀਂ ਪੀੜ੍ਹੀ ਦੇ ਬੱਚਿਆਂ ਦੀਆਂ ਖਾਣ-ਪੀਣ, ਰਹਿਣ-ਸਹਿਣ ਅਤੇ ਪਹਿਰਾਵੇ ਦੀਆਂ ਆਦਤਾਂ ਪੂਰੀ ਤਰ੍ਹਾਂ ਪੱਛਮੀ ਸੱਭਿਅਤਾ ਦੇ ਪ੍ਰਭਾਵ ਹੇਠ ਆ ਗਈਆਂ ਹਨ ਜਦ ਕਿ ਘਰਾਂ ਵਿੱਚ ਬਜ਼ੁਰਗਾਂ ਦੀ ਸੋਚ ਉਹਨਾਂ ਨਾਲ ਮੇਲ ਨਹੀਂ ਖਾਂਦੀ ਜਿਸ ਕਾਰਨ ਕਈ ਘਰਾਂ ਵਿੱਚ ਇਹ ਸਥਿਤੀ ਤਣਾਅ ਦਾ ਮਾਹੌਲ ਪੈਦਾ ਕਰਦੀ ਹੈ। ਇਹੋ ਜਿਹੀ ਸਥਿਤੀ ਵਿੱਚ ਵਿਚਕਾਰਲੀ ਪੀੜ੍ਹੀ ਦਾ ਯੋਗਦਾਨ ਮਹੱਤਵਪੂਰਨ ਹੁੰਦਾ ਹੈ। ਉਹ ਹੀ ਇੱਕ ਜ਼ਰੀਆ ਹੁੰਦਾ ਹੈ ਜੋ ਦੋਵਾਂ ਪੀੜ੍ਹੀਆਂ ਵਿੱਚ ਇੱਕ ਸੁਖਾਵਾਂ ਮਾਹੌਲ ਸਿਰਜਣ ਵਿੱਚ ਸਹਾਈ ਹੋ ਸਕਦੇ ਹਨ। ਉਹ ਵੱਡਿਆਂ ਨੂੰ ਸਤਿਕਾਰ ਸਹਿਤ ਥੋੜ੍ਹਾ ਸੋਚ ਬਦਲਣ ਲਈ ਪ੍ਰੇਰਿਤ ਕਰਨ ਅਤੇ ਛੋਟਿਆਂ ਨੂੰ ਘਰ ਦੀਆਂ ਹੱਦਾਂ ਅਤੇ ਮਰਿਆਦਾ ਤਹਿਤ ਹੀ ਚੱਲਣ ਦੀ ਸਮੇਂ-ਸਮੇਂ ਤੇ ਤਾਕੀਦ ਕਰਦੇ ਰਹਿਣ। ਜੇ ਉਹ ਪੱਖਪਾਤੀ ਰਵੱਈਆ ਅਪਣਾਉਣਗੇ ਤਾਂ ਘਰ ਦੇ ਮਾਹੌਲ ਨੂੰ ਕੋਈ ਬਾਹਰੋਂ ਆ ਕੇ ਠੀਕ ਨਹੀਂ ਕਰ ਸਕਦਾ। ਪਦਾਰਥਵਾਦੀ ਯੁੱਗ ਹੋਣ ਕਰਕੇ ਲੋਕਾਂ ਦੀਆਂ ਖ਼ਵਾਹਿਸ਼ਾਂ ਵੀ ਵਧ ਗਈਆਂ ਹਨ ਜਿਸ ਕਰਕੇ ਉਹਨਾਂ ਦੀਆਂ ਖ਼ਵਾਹਿਸ਼ਾਂ ਨੂੰ ਪੂਰੀਆਂ ਕਰਨ ਲਈ ਇਕੱਲੇ ਮਰਦ ਦੀ ਕਮਾਈ ਨਾਲ ਪੂਰੀ ਨਹੀਂ ਪੈਂਦੀ। ਜਿਸ ਕਰਕੇ ਘਰਾਂ ਵਿੱਚ ਘਰੇਲੂ ਔਰਤਾਂ ਦੇ ਮੁਕਾਬਲੇ ਕੰਮ-ਕਾਜੀ ਔਰਤਾਂ ਦੀ ਗਿਣਤੀ ਵਧ ਰਹੀ ਹੈ। ਜਿਹੜੇ ਘਰਾਂ ਵਿੱਚ ਪਤੀ-ਪਤਨੀ ਦੋਵੇਂ ਨੌਕਰੀ ਪੇਸ਼ਾ ਹੁੰਦੇ ਹਨ ਉਸ ਘਰ ਵਿੱਚ ਸਵੇਰ ਤੋਂ ਲੈਕੇ ਰਾਤ ਨੂੰ ਸੌਣ ਵੇਲੇ ਤੱਕ ਮਾਹੌਲ ਭੱਜ-ਦੌੜ ਵਾਲਾ ਬਣਿਆ ਰਹਿੰਦਾ ਹੈ। ਪਤੀ ਪਤਨੀ ਦਾ ਆਪਸ ਵਿੱਚ ਝਗੜਾ ਰਹਿਣ ਲੱਗ ਪੈਂਦਾ ਹੈ । ਅੱਜ ਕੱਲ੍ਹ ਬਹੁਤੇ ਪਰਿਵਾਰ ਟੁੱਟਣ ਦਾ ਮੁੱਖ ਕਾਰਨ ਹੀ ਔਰਤਾਂ ਦਾ ਸਵੈਨਿਰਭਰ ਹੋਣਾ ਹੈ। ਔਰਤਾਂ ਦਾ ਸਵੈ-ਨਿਰਭਰ ਹੋਣਾ ਚੰਗੀ ਗੱਲ ਹੈ ਪਰ ਆਪਣੇ ਘਰ ਨੂੰ ਸੰਭਾਲ਼ ਕੇ ਰੱਖਣਾ ਉਸ ਤੋਂ ਵੀ ਚੰਗੀ ਗੱਲ ਹੈ ਕਿਉਂਕਿ ਜਦ ਪਰਿਵਾਰ ਟੁੱਟਦੇ ਹਨ ਤਾਂ ਸਭ ਤੋਂ ਵੱਧ ਖਾਮਿਆਜ਼ਾ ਬੱਚਿਆਂ ਨੂੰ ਭੁਗਤਣਾ ਪੈਂਦਾ ਹੈ। ਇਹੋ-ਜਿਹੇ ਜੋੜਿਆਂ ਨੂੰ ਬਿਨ੍ਹਾਂ ਕਿਸੇ ਤੀਜੇ ਦੀ ਦਖਲਅੰਦਾਜ਼ੀ ਦੇ ਆਪਸ ਵਿੱਚ ਬੈਠ ਕੇ ਘਰੇਲੂ ਮਸਲੇ ਹਲ ਕਰਕੇ, ਆਪਣਾ ਪਰਿਵਾਰ ਬਚਾ ਕੇ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਜੋ ਉਹ ਬੱਚਿਆਂ ਦੇ ਭਵਿੱਖ ਨੂੰ ਸੁਰੱਖਿਅਤ ਰੱਖਣ।ਇਸ ਲਈ ਦੋਵਾਂ ਧਿਰਾਂ ਨੂੰ ਹਉਮੈ ਦਾ ਤਿਆਗ ਕਰਨਾ ਪਵੇਗਾ। ਇੱਕ ਦੂਜੇ ਪ੍ਰਤੀ ਨਫ਼ਰਤ ਤਿਆਗ ਕੇ ਵਫ਼ਾਦਾਰੀ ਨਾਲ ਆਪਣਾ ਪਤੀ-ਪਤਨੀ ਦਾ ਰਿਸ਼ਤਾ ਨਿਭਾਉਣ।ਇਸ ਲਈ ਉਹਨਾਂ ਨੂੰ ਆਪਣੀ ਅੰਤਰ ਆਤਮਾ ਅਤੇ ਸੋਚ ਨੂੰ ਠੋਸ ਬਣਾਉਣਾ ਪਵੇਗਾ।

ਸਾਡੇ ਸਮਾਜ ਵਿੱਚ ਨੂੰਹ-ਸੱਸ ਦੇ ਰਿਸ਼ਤੇ ਨੂੰ ਤਾਂ ਲੋਕ ਬੱਸ ਦੋ ਦੁਸ਼ਮਣਾਂ ਦੇ ਰੂਪ ਵਿੱਚ ਹੀ ਦੇਖਦੇ ਹਨ।ਜਦ ਕਿ ਇਹ ਰਿਸ਼ਤਾ ਸਭ ਤੋਂ ਖ਼ੂਬਸੂਰਤ ਰਿਸ਼ਤਾ ਹੁੰਦਾ ਹੈ। ਕਿੰਨੇ ਚਾਵਾਂ ਮਲ੍ਹਾਰਾਂ ਨਾਲ ਇਸ ਰਿਸ਼ਤੇ ਨੂੰ ਜੋੜਿਆ ਜਾਂਦਾ ਹੈ।ਇਸ ਰਿਸ਼ਤੇ ਨੂੰ ਵਿਗਾੜਨ ਵਿੱਚ ਸਮਾਜ ਅਤੇ ਰਿਸ਼ਤੇਦਾਰਾਂ ਦਾ ਬਹੁਤ ਵੱਡਾ ਹੱਥ ਹੁੰਦਾ ਹੈ। ਨੂੰਹ ਕੋਲ਼ ਸੱਸ ਦੀਆਂ ਤੇ ਸੱਸ ਕੋਲ ਨੂੰਹ ਦੀਆਂ ਗੱਲਾਂ ਕਰਕੇ ਕੰਨ ਭਰਨੇ, ਲੜਾਈ ਕਰਵਾਉਣੀ ਅਤੇ ਫਿਰ ਤਮਾਸ਼ਾ ਵੇਖਣਾ ਆਮ ਜਿਹੀ ਗੱਲ ਹੈ। ਲੜਕੀ ਨੂੰ ਵੀ ਉਸ ਘਰ ਨੂੰ ਤੇ ਸਾਰੇ ਜੀਆਂ ਨੂੰ ਆਪਣਾ ਸਮਝ ਕੇ ਹੀ ਨਵੇਂ ਰਿਸ਼ਤਿਆਂ ਨਾਲ ਸ਼ੁਰੂਆਤ ਕਰਨੀ ਚਾਹੀਦੀ ਹੈ। ਲੋਕਾਂ ਤੋਂ ਉਹਨਾਂ ਦੇ ਉਲ਼ਟ ਕੁਝ ਵੀ ਨਾ ਸੁਣਨ ਦਾ ਪ੍ਰਣ ਲੈਣਾ ਚਾਹੀਦਾ ਹੈ। ਦੂਜੇ ਪਾਸੇ ਸਹੁਰਿਆਂ ਨੂੰ ਵੀ ਘਰ ਵਿੱਚ ਆਏ ਇਸ ਨਵੇਂ ਜੀਅ ਦੀਆਂ ਲੋੜਾਂ ਦੇ ਨਾਲ ਨਾਲ ਜਜ਼ਬਾਤਾਂ ਅਤੇ ਭਾਵਨਾਵਾਂ ਦਾ ਧਿਆਨ ਰੱਖਿਆ ਜਾਵੇ। ਨਵੇਂ ਜੀਅ ਨੂੰ ਘਰ ਦੇ ਮਾਹੌਲ ਅਨੁਸਾਰ ਢਾਲਣ ਲਈ ਸਹਿਯੋਗ ਦਿੱਤਾ ਜਾਵੇ। ਨੂੰਹ ਕਿਸੇ ਸਹੇਲੀ ਜਾਂ ਭੈਣ ਦੀ ਸੱਸ ਦੀਆਂ ਤਾਰੀਫਾਂ ਅਤੇ ਸੱਸ ਲੋਕਾਂ ਦੀਆਂ ਨੂੰਹਾਂ ਦੀਆਂ ਤਾਰੀਫਾਂ ਕਰਨ ਤੋਂ ਪਰਹੇਜ਼ ਕਰਨ। ਕੰਮ ਨੂੰ ਆਪਸੀ ਸਹਿਯੋਗ ਨਾਲ ਰ਼ਲ ਮਿ਼ਲ ਕੇ ਕਰ ਲੈਣ ਨਾਲ ਵੀ ਵਿਚਾਰਾਂ ਵਿੱਚ ਵਖਰੇਵਾਂ ਨਹੀਂ ਆ ਸਕਦਾ।

ਮੁੱਕਦੀ ਗੱਲ ਇਹ ਹੈ ਕਿ ਪਰਿਵਾਰ ਦੇ ਜੀਆਂ ਵਿਚਲਾ ਆਪਸੀ ਸਹਿਯੋਗ ਹੀ ਘਰ ਵਿੱਚ ਪਿਆਰ ਦਾ ਮਾਹੌਲ ਪੈਦਾ ਕਰ ਸਕਦਾ ਹੈ। ਪਰਿਵਾਰ ਦੇ ਇੱਕ ਗਰਮ ਸੁਭਾਅ ਵਾਲੇ ਵਿਅਕਤੀ ਨਾਲ ਨਰਮ ਰਵੱਈਆ ਅਪਣਾ ਕੇ, ਘਰ ਅੰਦਰ ਦੇ ਕੰਮਕਾਜ ਅਤੇ ਵੱਡੇ ਛੋਟੇ ਵਾ਼ਲੇ ਭੇਦ ਮਿਟਾ ਕੇ ਇੱਕ ਦੂਜੇ ਨੂੰ ਸਹਿਯੋਗ ਦੇਣ ਨਾਲ ਜਿੱਥੇ ਘਰ ਦੇ ਸਾਰੇ ਕੰਮ ਸਹਿਜੇ ਹੀ ਨਿਪਟ ਸਕਦੇ ਹਨ ਤੇ ਨਾਲ ਹੀ ਘਰ ਦਾ ਮਾਹੌਲ ਖੁਸ਼ਨੁਮਾ ਹੋ ਜਾਵੇਗਾ। ਇਹ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ ਘਰ ਆਪਣਾ ਹੈ , ਪਰਿਵਾਰ ਵੀ ਆਪਣਾ ਹੈ ,ਇਸ ਨੂੰ ਖੁਸ਼ਗਵਾਰ ਬਣਾਉਣਾ ਵੀ ਆਪਣਾ ਹੀ ਫਰਜ਼ ਹੈ। ਸੋ ਕਿਸੇ ਤੀਜੇ ਵਿਅਕਤੀ ਦੀ ਦਖਲਅੰਦਾਜ਼ੀ ਤੋਂ ਪਰਹੇਜ਼ ਕੀਤਾ ਜਾਵੇ ਤਾਂ ਜੋ ਕੋਈ ਹੋਰ ਘਰ ਅੰਦਰ ਦਾ ਤਾਣਾ ਬਾਣਾ ਨਾ ਉਲਝਾ ਦੇਵੇ।ਘਰ ਅਤੇ ਪਰਿਵਾਰ ਨੂੰ ਖੁਸ਼ਹਾਲ ਬਣਾਉਣ ਲਈ ਪਰਿਵਾਰ ਦੇ ਸਾਰੇ ਜੀਆਂ ਨੂੰ ਬਰਾਬਰ ਦਾ ਯੋਗਦਾਨ ਪਾਉਣਾ ਪਵੇਗਾ। ਇਹ ਜ਼ਰੂਰੀ ਨਹੀਂ ਕਿ ਪਰਿਵਾਰ ਦੇ ਸਾਰੇ ਜੀਆਂ ਵਿੱਚ ਨਿਮਰਤਾ, ਮਿਠਾਸ ਤੇ ਸਹਿਨਸ਼ੀਲਤਾ ਵਰਗੇ ਗੁਣ ਹੋਣ ਤਾਂ ਹੀ ਇੱਕ ਚੰਗਾ ਪਰਿਵਾਰ ਬਣ ਸਕਦਾ ਹੈ। ਜਿਵੇਂ ਇੱਕ ਰਸੋਈ ਵਿੱਚ ਖੰਡ ਅਤੇ ਗੁੜ ਦੇ ਨਾਲ ਨਾਲ ਨਮਕ ਮਿਰਚ ਵੀ ਰੱਖੀ ਹੁੰਦੀ ਹੈ ਇਸੇ ਤਰ੍ਹਾਂ ਇੱਕ ਪਰਿਵਾਰ ਵਿੱਚ ਸਭ ਦੇ ਸੁਭਾਅ ਵੀ ਗੁਣ-ਔਗਣ ਦੇ ਮਿਸ਼ਰਣ ਵਾਲੇ ਹੀ ਹੁੰਦੇ ਹਨ।ਇਹ ਵੀ ਜ਼ਰੂਰੀ ਨਹੀਂ ਕਿ ਸਭ ਦੇ ਸੁਭਾਅ ਆਪਸ ਵਿੱਚ ਮੇਲ ਖਾਂਦੇ ਹੋਣ। ਫਿਰ ਵੀ ਜਿਹੜੇ ਪਰਿਵਾਰਾਂ ਦੇ ਜੀਅ ਕੁੜੱਤਣ, ਖਿੱਝੂਪਣ, ਲੜਾਕੂਪਣ, ਪਿਆਰ, ਨਿਮਰਤਾ, ਸਹਿਣਸ਼ੀਲਤਾ ਅਤੇ ਹਮਦਰਦੀ ਵਰਗੇ ਗੁਣ-ਔਗੁਣਾਂ ਦਾ ਆਪਸ ਵਿੱਚ ਤਾਲਮੇਲ ਬਣਾ ਕੇ ਘਰ ਨੂੰ ਹੱਸਦਾ ਵੱਸਦਾ ਰੱਖਦੇ ਹਨ ਉਹ ਹੀ ਇੱਕ ਸਫ਼ਲ ਪਰਿਵਾਰ ਬਣਾ ਸਕਦੇ ਹਨ ।

# ਸਾਂਝਾ ਪਰਿਵਾਰ ਕਿਥੇ ਗੁਆਚ ਗਏ ?



ਲਿਖਤ : ਵਿਜੈ ਗਰਗ

ਇਹ ਪੱਕਾ ਅਤੇ ਕੌੜਾ ਸੱਚ ਹੈ। ਪਰਿਵਰਤਨ ਦਾ ਮਤਲਬ ਹੈ ਸਮਾਂ ਬਦਲਣਾ, ਸਮਾਜ ਬਦਲਣਾ, ਨਿਯਮਾਂ ਅਤੇ ਨਿਯਮਾਂ ਨੂੰ ਬਦਲਣਾ। ਅੱਜ ਜਿਸ ਸਮਾਜ ਵਿੱਚ ਅਸੀਂ ਆਪਣਾ ਜੀਵਨ ਬਤੀਤ ਕਰ ਰਹੇ ਹਾਂ, ਉਸ ਵਿੱਚ ਰਿਸ਼ਤਿਆਂ ਅਤੇ ਪਰਿਵਾਰ ਦੀ ਮਹੱਤਤਾ ਨਾਂਹ ਦੇ ਬਰਾਬਰ ਹੋ ਗਈ ਹੈ। ਮਿਸਾਲ ਦੇ ਤੌਰ 'ਤੇ ਜੇਕਰ ਪਹਿਲਾਂ ਦੇਖਿਆ ਜਾਵੇ ਤਾਂ ਸੰਯੁਕਤ ਪਰਿਵਾਰ ਵਿਚ ਜਦੋਂ ਵੀ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਸੀ ਤਾਂ ਉਸ ਨੂੰ ਸੰਭਾਲਣ ਲਈ ਪੂਰਾ ਪਰਿਵਾਰ ਸਾਂਝੇ ਤੌਰ 'ਤੇ ਜਥੇਬੰਦ ਹੋ ਜਾਂਦਾ ਸੀ। ਦੂਜੇ ਪਾਸੇ ਜੇਕਰ ਅੱਜ ਕਿਸੇ ਨਾਲ ਅਜਿਹਾ ਵਾਪਰਦਾ ਹੈ ਤਾਂ ਸਥਿਤੀ ਵੱਖਰੀ ਹੈ। ਭਾਰਤ ਵਿੱਚ ਵੀ ਬਹੁਤ ਸਾਰੇ ਪਰਿਵਾਰ ਪਰਮਾਣੂ ਰਹਿ ਰਹੇ ਹਨ। ਉਹਨਾਂ ਨਾਲ ਨਜਿੱਠੋਮੁਸ਼ਕਲਾਂ ਉਹਨਾਂ ਨੂੰ ਆਮ ਤੌਰ 'ਤੇ ਆਪਣੇ ਆਪ ਨਾਲ ਨਜਿੱਠਣੀਆਂ ਪੈਂਦੀਆਂ ਹਨ। ਹੋ ਸਕਦਾ ਹੈ ਕਿ ਉਸ ਦਾ ਪਰਿਵਾਰ ਇਕ-ਦੋ ਦਿਨ ਉਸ ਦਾ ਸਾਥ ਦੇਵੇ, ਪਰ ਉਸ ਤੋਂ ਬਾਅਦ ਉਸ ਨੂੰ ਆਪਣੇ ਆਪ ਨੂੰ ਸੰਭਾਲਣਾ ਪੈਂਦਾ ਹੈ। ਇਸ ਦੀ ਸਭ ਤੋਂ ਵੱਡੀ ਉਦਾਹਰਣ ਕੋਰੋਨਾ ਦੌਰ ਦੀ ਹੈ, ਜਿਸ ਵਿੱਚ ਅਣਗਿਣਤ ਪਰਿਵਾਰਾਂ ਨੇ ਮੌਤਾਂ ਦਾ ਸੋਗ ਮਨਾਇਆ ਅਤੇ ਉਨ੍ਹਾਂ ਦਾ ਆਪਣਾ ਪਰਿਵਾਰ ਵੀ ਉਨ੍ਹਾਂ ਨੂੰ ਸੰਭਾਲਣ ਲਈ ਅੱਗੇ ਨਹੀਂ ਆਇਆ। ਕਈ ਪਰਿਵਾਰ ਬਰਬਾਦ ਹੋ ਗਏ ਅਤੇ ਅਣਗਿਣਤ ਬੱਚੇ ਘਰ-ਘਰ ਠੋਕਰ ਖਾਣ ਲਈ ਮਜਬੂਰ ਹੋਏ। ਜਾਪਦਾ ਹੈ ਕਿ ਜੇਕਰ ਇਹ ਮਹਾਂਮਾਰੀ ਉਸ ਸਮੇਂ ਵਾਪਰੀ ਹੁੰਦੀ, ਜਦੋਂ ਸਾਰੇ ਪਰਿਵਾਰ ਸਾਂਝੇ ਤੌਰ 'ਤੇ ਹਰ ਸੁੱਖ-ਦੁੱਖ ਸਾਂਝਾ ਕਰਦੇ ਸਨ ਅਤੇ ਬਰਾਬਰ ਦੀ ਜ਼ਿੰਦਗੀ ਬਤੀਤ ਕਰਦੇ ਸਨ, ਤਾਂ ਸ਼ਾਇਦਇਸ ਦਾ ਬੁਰਾ ਪ੍ਰਭਾਵ ਦੇਖਣ ਨੂੰ ਨਹੀਂ ਮਿਲਦਾ। ਜਿਨ੍ਹਾਂ ਬੱਚਿਆਂ ਨੇ ਠੋਕਰ ਖਾਣੀ ਸੀ, ਉਨ੍ਹਾਂ ਦਾ ਆਸਰਾ ਅਤੇ ਉਨ੍ਹਾਂ ਦੇ ਨੇੜਲਿਆਂ ਦੀ ਸੰਗਤ ਉਨ੍ਹਾਂ ਦੇ ਸਿਰ 'ਤੇ ਰਹਿੰਦੀ ਸੀ। ਖੈਰ ਇਸ ਵਾਰ ਇਸ ਦੇ ਪਿੱਛੇ ਇੱਕ ਡਰ ਸੀ, ਪਰ ਭਾਵਨਾਵਾਂ ਕਿੱਥੇ ਗਈਆਂ ਸਨ? ਅੱਜ ਅਸੀਂ ਜਿਸ ਦੌਰ ਵਿੱਚ ਰਹਿ ਰਹੇ ਹਾਂ, ਉਸ ਸਮੇਂ ਵਿੱਚ ਵਿਆਹ ਦਾ ਅਰਥ ਸੁੰਗੜ ਗਿਆ ਹੈ। ਮਾਮੂਲੀ ਗੱਲ 'ਤੇ ਰਿਸ਼ਤੇ ਟੁੱਟ ਜਾਂਦੇ ਹਨ। ਤਲਾਕ ਦੀਆਂ ਕਈ ਅਰਜ਼ੀਆਂ ਅਦਾਲਤਾਂ ਦੀਆਂ ਫਾਈਲਾਂ ਵਿੱਚ ਦੱਬੀਆਂ ਪਈਆਂ ਹਨ। ਅੱਜ ਸ਼ਾਇਦ ਹੀ ਕੋਈ ਅਜਿਹਾ ਪਰਿਵਾਰ ਹੋਵੇਗਾ, ਜਿਸ ਵਿੱਚ ਘਰ ਦੇ ਬਜ਼ੁਰਗਾਂ ਨੂੰ ਪਹਿਲਾਂ ਵਾਂਗ ਹੀ ਸਤਿਕਾਰ ਦਿੱਤਾ ਜਾਂਦਾ ਹੋਵੇ। ਘਰ ਦੀ ਇੱਜ਼ਤ ਅਤੇ ਇੱਜ਼ਤ ਦੀ ਪਰਿਭਾਸ਼ਾ ਹੀ ਬਦਲ ਗਈ ਹੈਹੈ. ਪਹਿਲਾਂ ਸੰਯੁਕਤ ਪਰਿਵਾਰਾਂ ਵਿੱਚ ਕਮਾਉਣ ਵਾਲਿਆਂ ਦੀ ਗਿਣਤੀ ਘੱਟ ਹੋਣ ਦੇ ਬਾਵਜੂਦ ਘਰ ਦੇ ਸਾਰੇ ਖਰਚੇ ਪੂਰੇ ਹੁੰਦੇ ਸਨ ਅਤੇ ਸਾਰਾ ਪਰਿਵਾਰ ਖੁਸ਼ੀ-ਖੁਸ਼ੀ ਆਪਣਾ ਜੀਵਨ ਬਤੀਤ ਕਰਦਾ ਸੀ, ਜਦੋਂ ਕਿ ਅੱਜ-ਕੱਲ੍ਹ ਪਤੀ-ਪਤਨੀ ਵਿੱਚ ਬਰਾਬਰ ਦੀ ਕਮਾਈ ਹੋਣ ਦੇ ਬਾਵਜੂਦ ਘਰ ਦੇ ਖਰਚੇ ਪੂਰੇ ਕਰਨੇ ਔਖੇ ਹਨ। ਘਰ। ਇਹ ਖਤਮ ਹੋ ਗਿਆ ਹੈ ਸ਼ਾਇਦ ਇਸ ਦਾ ਕਾਰਨ ਖਪਤਵਾਦ ਦੀ ਵਧਦੀ ਭੁੱਖ ਹੈ। ਨਹੀਂ ਤਾਂ ਰਹਿਣ ਲਈ ਸਹੂਲਤਾਂ ਦੇ ਪਸਾਰੇ ਦੀ ਕਿੰਨੀ ਲੋੜ ਹੈ? ਦਿਖਾਵੇ ਦੀ ਜ਼ਿੰਦਗੀ ਵਿੱਚ ਬਰਬਾਦ ਹੋਇਆ ਪੈਸਾ ਜ਼ਿੰਦਗੀ ਦੇ ਅਰਥ ਅਤੇ ਸੀਮਾਵਾਂ ਨੂੰ ਬਦਲ ਰਿਹਾ ਹੈ। ਹਰ ਕੋਈ ਇਸ ਗੱਲ ਦਾ ਆਦੀ ਹੋ ਰਿਹਾ ਹੈ ਕਿ ਹੁਣ ਨੇੜੇ-ਤੇੜੇ ਵਾਲਿਆਂ ਨਾਲ ਸਾਂਝ ਘੱਟ ਗਈ ਹੈ, ਦੂਜਿਆਂ ਦੇ ਸਾਹਮਣੇ ਦਿਖਾਵੇ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਹੋਰ ਕਰਨਾ ਹੈ। ਕਿਸੇ ਸਮੇਂ ਬੱਚਿਆਂ ਨੂੰ ਰੋਜ਼ਮਰ੍ਹਾ ਦੀ ਜ਼ਿੰਦਗੀ ਦੇ ਜ਼ਰੂਰੀ ਕੰਮਾਂ ਨੂੰ ਪਿਆਰ ਅਤੇ ਸਿੱਖਿਆ ਨਾਲ ਸਿਖਾਇਆ ਜਾਂਦਾ ਸੀ ਅਤੇ ਉਹ ਉਨ੍ਹਾਂ ਨੂੰ ਪੂਰੇ ਉਤਸ਼ਾਹ ਨਾਲ ਕਰਦੇ ਸਨ, ਜਦੋਂ ਕਿ ਅੱਜ ਕੱਲ੍ਹ ਲੋੜ ਪੈਣ 'ਤੇ ਬੱਚਿਆਂ ਤੋਂ ਪਾਣੀ ਦੇ ਗਿਲਾਸ ਦੀ ਆਸ ਕਰਨੀ ਵੀ ਔਖੀ ਹੈ। ਉਂਜ, ਉਨ੍ਹਾਂ ਦੇ ਮਾਪੇ ਹੀ ਬੱਚਿਆਂ ਨੂੰ ਅਜਿਹਾ ਬਣਾਉਂਦੇ ਹਨ। ਨੌਕਰਸ਼ਾਹੀ ਦੇ ਦੌਰ ਵਿੱਚ ਪਤੀ-ਪਤਨੀ ਦੋਵਾਂ ਨੂੰ ਕੰਮ 'ਤੇ ਜਾਣਾ ਪੈਂਦਾ ਹੈ। ਹੁਣ ਬੱਚੇ ਦੀ ਆਪਣੀ ਕੋਈ ਕੰਪਨੀ ਨਹੀਂ ਹੈ। ਇਸ ਨੂੰ ਸੰਭਾਲਣ ਲਈ ਪੇਸ਼ੇਵਰਾਂ ਨੂੰ ਲਿਆ ਜਾਂਦਾ ਹੈ। ਉਹ ਉੱਥੇ ਕਿੰਨਾ ਕੁ ਪ੍ਰਾਪਤ ਕਰੇਗਾ? ਪਹਿਲਾਂ ਆਪਣੇ ਬਹੁਤ ਨਜ਼ਦੀਕੀ ਲੋਕਾਂ ਅਤੇ ਆਪਣੇ ਬਜ਼ੁਰਗਾਂ ਦੇ ਸਾਹਮਣੇਦੁੱਖ-ਸੁੱਖ ਸਾਂਝੇ ਕਰ ਕੇ ਮਨ ਹਲਕਾ ਹੋ ਜਾਂਦਾ ਸੀ, ਜਦੋਂ ਕਿ ਅੱਜ ਕੱਲ੍ਹ ਮਨੋਵਿਗਿਆਨੀ ਡਾਕਟਰਾਂ ਦੀ ਮਦਦ ਲੈਣ ਦਾ ਸਮਾਂ ਆ ਗਿਆ ਹੈ, ਜੋ ਕਿਸੇ ਨੂੰ ਥੋੜ੍ਹੀ ਜਿਹੀ ਤਕਲੀਫ਼ ਹੋਣ 'ਤੇ ਵੀ ਮਾਨਸਿਕ ਦਵਾਈਆਂ ਦੇ ਬੋਝ ਹੇਠ ਦੱਬ ਦਿੰਦੇ ਹਨ। ਪਤਾ ਨਹੀਂ ਇਸ ਨਾਲ ਸਮੱਸਿਆ ਕਿਸ ਹੱਦ ਤੱਕ ਖਤਮ ਹੋ ਜਾਂਦੀ ਹੈ ਪਰ ਇਸ ਦੀ ਬਜਾਏ ਦਵਾਈਆਂ ਦੇ ਸਾਈਡ ਇਫੈਕਟ ਕਾਰਨ ਹੋਰ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਲੋਕ ਆਪਣੇ ਨਜ਼ਦੀਕੀ ਦੋਸਤਾਂ ਜਾਂ ਜਿਨ੍ਹਾਂ ਨੂੰ ਉਹ ਪਿਆਰ ਕਰਦੇ ਸਨ, ਪ੍ਰਤੀ ਵਹਿਸ਼ੀਪੁਣਾ ਕਰਨ ਤੋਂ ਝਿਜਕਦੇ ਨਹੀਂ ਸਨ। ਕਿੰਨੀ ਵਧੀ ਹੋਈ ਮਾਨਸਿਕਤਾ ਹੈ! ਤਿਉਹਾਰਾਂ ਦਾ ਰੂਪ ਵੀ ਹੁਣ ਪੂਰੀ ਤਰ੍ਹਾਂ ਬਦਲ ਗਿਆ ਹੈ।ਇਹ ਕੀ ਹੈ? ਇਸ ਵਿੱਚੋਂ ਸਦਭਾਵਨਾ ਅਲੋਪ ਹੋ ਰਹੀ ਹੈ। ਸਮਝ ਨਹੀਂ ਆਉਂਦੀ ਕਿ ਇਹ ਤਬਦੀਲੀ ਕਿਵੇਂ ਹੈ? ਇਨ੍ਹਾਂ ਸਾਰੀਆਂ ਚਿੰਤਾਵਾਂ ਦੇ ਵਿਚਕਾਰ, ਅਜੇ ਵੀ ਲੱਗਦਾ ਹੈ ਕਿ ਬਹੁਤ ਕੁਝ ਬਚਾਇਆ ਜਾ ਸਕਦਾ ਹੈ। ਸ਼ਾਇਦ ਅਸੀਂ ਪਿਛਲੀ ਪੀੜ੍ਹੀ ਹਾਂ ਜਿਨ੍ਹਾਂ ਨੇ ਤਿਉਹਾਰਾਂ ਦੀ ਪਿਆਰੀ ਧੁੰਨ ਅਤੇ ਉਸੇ ਤਿਉਹਾਰਾਂ 'ਤੇ ਸੋਗਮਈ ਚੁੱਪ ਦੇਖੀ ਹੈ। ਜੇਕਰ ਅਸੀਂ ਸਾਂਝੇ ਪਰਿਵਾਰ ਦੀ ਭਾਵਨਾ ਨੂੰ ਕਾਇਮ ਰੱਖਿਆ ਹੈ ਤਾਂ ਅਸੀਂ ਪ੍ਰਮਾਣੂ ਪਰਿਵਾਰ ਦੇ ਖੇਤਰ ਵਿੱਚ ਵੀ ਸੰਘਰਸ਼ ਕਰ ਰਹੇ ਹਾਂ। ਗਰਮੀਆਂ ਦੇ ਮੌਸਮ ਵਿੱਚ ਰਾਤ ਨੂੰ ਪਾਣੀ ਛਿੜਕ ਕੇ ਬਿਸਤਰੇ ਨੂੰ ਠੰਡਾ ਕਰਨ ਦੇ ਨਾਲ-ਨਾਲ ਛੱਤਾਂ ਜਾਂ ਵਿਹੜੇ ਵਿੱਚ ਆਪਣੇ ਪਿਆਰਿਆਂ ਨਾਲ ਬੈਠਣਾ। ਅੱਜ ਅਸੀਂ ਬੰਦ ਕਮਰਿਆਂ ਵਿੱਚ ਕੈਦ ਹਾਂ।ਇਧਰ-ਉਧਰ ਰਿਸ਼ਤੇਦਾਰਾਂ ਦੀ ਜਾਨ ਮਿਲਦੀ ਹੈ। ਹਾਲਾਂਕਿ ਅਜੇ ਵੀ ਸਮਾਂ ਹੈ, ਜੇਕਰ ਕੋਈ ਬਚਾਉਣਾ ਚਾਹੁੰਦਾ ਹੈ। ਹੋ ਸਕਦਾ ਹੈ ਕਿ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਸਾਡੇ ਕੁਝ ਪਲ ਮਿਲ ਜਾਣ। ਇਹ ਦੱਸਣਾ ਅਤੇ ਸਮਝਾਉਣਾ ਬਹੁਤ ਜ਼ਰੂਰੀ ਹੈ ਕਿ ਮੋਬਾਈਲ ਸਕਰੀਨ ਵਿੱਚ ਬੰਦ ਜ਼ਿੰਦਗੀ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਹੈ। ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ, ਇਹ ਸਮਝਣਾ ਜ਼ਰੂਰੀ ਹੈ ਕਿ ਸੰਵਾਦ ਨੂੰ ਸਮਝਾਉਣ ਅਤੇ ਸਮਝਣ ਦੀ ਕੋਈ ਉਮਰ ਹੁੰਦੀ ਹੈ। ਕਾਸ਼ ਉਹ ਉਮਰ ਜਿਉਂਦੀ ਹੁੰਦੀ!

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

# Classified

ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
'ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਅੱਪ ਜਾਂ ਈ-ਮੇਲ ਕਰੋ :
**604-584-5577**
: infopunjabitribune@gmail.com



## BRIDE WANTED

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

..........................................

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

## CHANGE OF NAME

I, Jashandeep Singh Saini son of Jaswinder Singh resident of H.No. 22, Park Avenue Colony, Faridkot, Pin:151203, Punjab, India Presently Resident of 2988 Royal Street, Abbotsford B.C., V2T 2H8, Canada, Passport No: P5509061, do hereby change my name from Jashandeep Singh Saini to Jashandeep Singh with immediate effect.

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491.



# ਪਛਤਾਵਾ

**ਲੇਖਿਕਾ : ਮਨਪ੍ਰੀਤ ਕੌਰ ਭਾਟੀਆ**
**ਐਮ .ਏ, ਬੀ .ਐੱਡ। ਫ਼ਿਰੋਜ਼ਪੁਰ ਸ਼ਹਿਰ ।**

ਅੱਜ ਐਤਵਾਰ ਵਾਲੇ ਦਿਨ ਮੈਂ ਆਪਣੇ ਪਿੰਡ ਜਾਣ ਦਾ ਮਨ ਬਣਾਇਆ, ਭਾਵੇਂ ਮੈਨੂੰ ਆਪਣੇ ਪਰਿਵਾਰ ਸਮੇਤ ਪਿੰਡੋਂ ਸ਼ਹਿਰ ਵਸਿਆਂ ਕਈ ਵਰ੍ਹੇ ਹੋ ਗਏ ਸੀ। ਪਰ ਪਿੰਡ, ਜਿਥੇ ਮੈਂ ਆਪਣਾ ਬਚਪਨ ਗੁਜਾਰਿਆ,ਜਿੱਥੇ ਜਵਾਨੀ ਬੀਤੀ ਨਾਲ ਮੈਨੂੰ ਅੰਤਾਂ ਦਾ ਮੋਹ ਸੀ। ਸੋ ਆਪਣੇ ਪੁਰਾਣੇ ਬੇਲੀ -ਮਿੱਤਰਾਂ ਨੂੰ ਮਿਲਣ ਦਾ ਮਨ ਬਣਾ ਮੈਂ ਆਪਣੇ ਪਿੰਡ ਵੱਲ ਚੱਲ ਪਿਆ।

ਅੱਜ ਕਈ ਵਰ੍ਹਿਆਂ ਬਾਅਦ ਪੁਰਾਣੇ ਲੰਗੋਟੀਏ ਯਾਰ ਮੈਨੂੰ ਮਿਲ ਕੇ ਅੰਤਾਂ ਦੇ ਪ੍ਰਸੰਨ ਹੋਏ। ਸਭ ਨਾਲ ਹਾਸਾ- ਠੱਠਾ ਕਰ ਕੇ ਦੁਪਿਹਰੋਂ ਬਾਅਦ ਮੈਂ ਵਾਪਿਸ ਮੁੜ ਪਿਆ, ਪਰ ਘਰ ਪਰਤਣ ਤੋਂ ਪਹਿਲਾ ਮੈਂ ਉਸ ਗਲੀ 'ਚੋਂ, ਉਸ ਘਰ ਕੋਲੋਂ ਗੁਜ਼ਰਨਾ ਚਾਹੁੰਦਾ ਸੀ, ਜਿਥੇ ਅਸੀਂ ਪੂਰਾ ਪਰਿਵਾਰ ਚਾਚੇ -ਤਾਏ ਸਭ ਮਿਲ ਜੁਲ ਕੇ ਇਕੱਠੇ ਰਿਹਾ ਕਰਦੇ ਸੀ, ਪਰ ਜਰੂਰਤਾਂ ਤੇ ਸਹੂਲਤਾਂ ਦੀ ਲੋੜ ਕਾਰਨ ਸਭ ਅਲੱਗ -ਅਲੱਗ ਸ਼ਹਿਰਾਂ 'ਚ ਜਾ ਵਸੇ ਸੀ।

ਸੋ ਉਸ ਗਲੀ 'ਚ ਹੁੰਦੇ ਹੋਏ ਆਪਣੇ ਘਰ ਦੇਖਕੇ, ਜੋ ਕਦੇ ਸਾਡਾ ਹੁੰਦਾ ਸੀ, ਮੈਨੂੰ ਚਾਅ ਜਿਹਾ ਚੜ੍ਹ ਗਿਆ । ਹੁਣ ਇਸ ਦੀ ਦਿੱਖ ਵੀ ਬਦਲ ਕੇ ਬਹੁਤ ਸੋਹਣੀ ਹੋ ਗਈ ਸੀ। ਆਸੇ -ਪਾਸੇ ਹੋਰ ਵੀ ਘਰ ਕਾਫੀ ਵਧੀਆ ਬਣ ਗਏ ਸੀ, ਪਰ ਸਾਡੇ ਬਿਲਕੁਲ ਗੁਆਂਢ ਵਾਲਾ ਘਰ, ਜੋ ਕਿ ਕਦੇ ਪਿੰਡ 'ਚੋਂ ਸਭ ਤੋਂ ਵਧੀਆ ਹੁੰਦਾ ਸੀ, ਹੁਣ ਬਹੁਤ ਹੀ ਖਸਤਾ ਹਾਲਤ ਵਿਚ ਸੀਲ ਇਹ ਦੇਖ ਕੇ ਮੈਨੂੰ ਦੁੱਖ ਵੀ ਹੋਇਆ ਹੈ ਅਤੇ ਹੈਰਾਨੀ ਵੀ। ਮੈਂ ਇਸ ਬਾਰੇ ਸੋਚ ਹੀ ਰਿਹਾ ਸੀ ਕੇ ਅਚਾਨਕ ਮੈਨੂੰ ਕਿਸੇ ਔਰਤ ਦੇ ਉੱਚੀ-ਉੱਚੀ ਹੱਸਣ ਤੇ ਫਿਰ ਰੋਣ ਦੀ ਆਵਾਜ਼ ਸੁਣਾਈ ਦਿਤੀ, ਜੋ ਕਿ ਉਸੇ ਗੁਆਂਢ ਵਾਲੇ ਘਰ 'ਚੋਂ ਆ ਰਹੀ ਸੀ। ਮੈਂ ਹੈਰਾਨ ਹੋਇਆ ਉਸ ਘਰ ਅੰਦਰ ਵੜ ਗਿਆ, ਪਰ ਅੰਦਰ ਦਾ ਦ੍ਰਿਸ਼ ਬੜਾ ਹੀ ਡਰਾਉਣਾ ਜਿਹਾ ਸੀ। ਅਜ਼ੀਬ ਜਿਹੀ ਹੁੰਮਸ ਸਾਰੇ ਘਰ ਵਿਚ ਫੈਲੀ ਹੋਈ ਸੀ। ਇਕ ਕਮਜ਼ੋਰ ਜਿਹੀ ਬਜੁਰਗ ਔਰਤ ਹੇਠਾਂ ਜ਼ਮੀਨ 'ਤੇ ਬੈਠੀ ਹੋਈ ਆਪਣੇ- ਆਪ ਵਿੱਚ ਈ ਬੁੜ-ਬੁੜ ਕਰ ਰਹੀ ਸੀ। ਉਸ ਦੇ ਵਾਲ ਬੁਰੀ ਤਰਾਂ ਖਿਲਰੇ ਪਏ, ਗੰਦੇ ਜਿਹੇ ਕੱਪੜੇ ਪਾਏ ਹੋਏ,ਜਿਵੇਂ ਕਈ ਦਿਨਾਂ ਤੋਂ ਨਹਾਤੀ ਨਾ ਹੋਵੇ। ਉਸ ਦੇ ਸਰੀਰ ਅਤੇ ਕੱਪੜਿਆਂ ਤੇ ਗੋਡੇ -ਗੋਡੇ ਮੈਲ ਦੂਰੋਂ ਹੀ ਲਿਸ਼ਕਾਂ ਮਾਰ ਰਹੀ ਸੀਲ ਪੂਰੇ ਘਰ ਵਿਚ ਅਜ਼ੀਬ ਜਿਹੀ ਬਦਬੂ ਫੈਲੀ ਹੋਈ ਸੀ। ਮੈਂ ਜਲਦੀ ਨਾਲ ਬਾਹਰ ਵੱਲ ਜਾਣ ਲੱਗਾ ਤਾਂ ਉਹ ਔਰਤ ਚੀਕੀ, "ਜਰਨੈਲ ਪੁੱਤ ! ਆ ਗਿਆ ਤੂੰ....ਲ" ਤੇ ਉਹ ਭੱਜ ਕੇ ਮੇਰੇ ਨਾਲ ਆ ਲੱਗੀ।

ਮੈਂ ਜਿਵੇਂ ਅਚਾਨਕ ਹੋਏ ਹਮਲੇ ਤੋਂ ਘਬਰਾ ਗਿਆ। "ਮੈਂ.... ਮੈਂ ....ਜਰਨੈਲ ਨਹੀਂ..... ਪ" ਮੈਂ ਉਸ ਔਰਤ ਨੂੰ ਪਰਾਂ ਕਰਨ ਲਈ ਗੁੱਸੇ ਵਿੱਚ ਜ਼ੋਰ ਲਗਾਇਆ, ਪਰ ਉਸ ਨੇ ਮੈਨੂੰ ਘੁੱਟ ਕੇ ਫੜ ਲਿਆ ਅਤੇ ਉੱਚੀ-ਉੱਚੀ ਰੋਣ ਲੱਗੀ। ਮੈਂ ਧਿਆਨ ਨਾਲ ਦੇਖਿਆ, ਇਹ ਹੱਡੀਆਂ ਦੀ ਮੁੱਠ ਬਣੀ ਪਈ ਔਰਤ ਤਾਂ ਸ਼ਰਨਜੀਤ ਸੀ, ਜੋ ਕਈ ਸਾਲ ਪਹਿਲਾ ਹੱਟੀ -ਕੱਟੀ, ਬੜੇ ਹੀ ਰੋਅਬ -ਦਾਅਬ ਵਾਲੀ ਔਰਤ ਸੀ। ਉਦੋਂ ਪੂਰੇ ਪਿੰਡ ਵਿੱਚ ਇਹਨਾਂ ਦੇ ਪਰਿਵਾਰ ਦੀ ਬੜੀ ਧੌਂਸ ਹੁੰਦੀ ਸੀ। ਸਾਰੇ ਪਿੰਡ ਵਾਲੇ ਇਹਨਾਂ ਕੋਲੋਂ ਡਰਦੇ ਸੀ। ਇਨ੍ਹਾਂ ਦਾ ਇਕੋ -ਇੱਕ ਮੁੰਡਾ ਜਰਨੈਲ ਪੂਰਾ ਬਦਮਾਸ਼ ਸੀ, ਪਰ ਜਦ ਇਨ੍ਹਾਂ ਨੇ ਜਰਨੈਲ ਨੂੰ ਵਿਆਹਿਆ ਸੀ, ਤਾਂ ਪੂਰੇ ਪਿੰਡ ਇਨ੍ਹਾਂ ਦੀ ਵਾਹ -ਵਾਹ ਹੋ ਗਈ ਸੀ। ਇਨ੍ਹਾਂ ਦੀ ਨੂੰਹ ਜਸਬੀਰ ਸਾਰੇ ਪਿੰਡ 'ਚੋਂ ਸੋਹਣੀ ਤੇ ਗੁਣੀ ਆਈ ਹੋਣ ਕਾਰਨ ਸਾਰਿਆਂ ਦੀ ਜ਼ੁਬਾਨ 'ਤੇ ਉਸ ਦਾ ਹੀ ਨਾਂਅ ਰਹਿੰਦਾ। ਉਸ ਨੇ ਆਉਂਦਿਆਂ ਹੀ ਸਾਰਾ ਘਰ ਸੰਭਾਲ ਲਿਆ ਸੀ ਤੇ ਉਹ ਸੱਸ-ਸੁਹਰੇ, ਪਤੀ ਦਾ ਬਹੁਤ ਆਦਰ -ਮਾਣ ਕਰਨ ਵਾਲੀ ਸਾਊ ਔਰਤ ਸੀ। ਪਰ ਅਜੇ ਵਿਆਹ ਹੋਇਆਂ ਕੁਝ ਹੀ ਮਹੀਨੇ ਬੀਤੇ ਸੀ ਕਿ ਅਚਾਨਕ ਇੱਕ ਦਿਨ ਪਤਾ ਲੱਗਾ ਕਿ ਜਸਬੀਰ ਬੁਰੀ ਤਰਾਂ ਸੜ ਗਈ ਐ ਤੇ ਹਸਪਤਾਲ 'ਚ ਐ। ਸਭ ਹੈਰਾਨ ਤੇ ਪ੍ਰੇਸ਼ਾਨ ਕੀ ਇੰਝ ਅਚਾਨਕ.....ਲ ਤੇ ਜਦ ਪਤਾ ਲੱਗਾ ਕਿ ਗਹਿਰੇ ਜਖਮਾਂ ਦੀ ਤਾਬ ਨਾ ਝੱਲਦੀ ਹੋਈ ਉਹ ਦਮ ਤੋੜ ਗਈ ਤਾਂ ਪੂਰੇ ਪਿੰਡ ਵਿੱਚ ਸੋਗ ਦੀ ਲਹਿਰ ਦੌੜ ਗਈ ਸੀ। ਸਭ ਉਸ ਦੀ ਅਨਿਆਈ ਮੌਤ 'ਤੇ ਹੈਰਾਨ ਸੀ। ਜਦ ਕੁੜੀ ਦੇ ਪੇਕੇ ਪਰਿਵਾਰ ਨੂੰ ਪਤਾ ਲੱਗਾ ਤਾਂ ਪਤਾ ਲੱਗਦੇ ਹੀ ਕੁੜੀ ਦੀ ਮਾਂ ਨੂੰ ਸਦਮੇ ਕਾਰਨ ਦਿਲ ਦਾ ਦੌਰਾ ਪੈ ਗਿਆ ਤੇ ਉਹ ਥਾਂਏ ਪੂਰੀ ਹੋ ਗਈ ।

ਕੁਝ ਲੋਕ ਤਾਂ ਦੱਬੀ ਜ਼ੁਬਾਨ 'ਚ ਇਹ ਵੀ ਕਹਿੰਦੇ ਸੁਣੇ ਗਏ ਕਿ ਜਸਬੀਰ ਦੀ ਮੌਤ ਸ਼ਰਨਜੀਤ ਹੁਰਾਂ ਦਾ ਈ ਕੰਮ ਐ। ਪਰ ਉਨ੍ਹਾਂ ਤੋਂ ਡਰਦਾ ਕੋਈ ਉਨ੍ਹਾਂ ਦੇ ਖਿਲਾਫ਼ ਬੋਲਿਆ ਤੱਕ ਨਹੀਂ ਸੀ।

"ਫੇਰ... ਫੇਰ...ਕੌ.... ਕੌਣ... ਕੌਣ.. ਐ ਤੂੰ?" ਸ਼ਰਨਜੀਤ ਲੜਖੜਾਉਦੀ ਆਵਾਜ਼ 'ਚ ਬੋਲੀ ਤਾਂ ਮੈਂ ਇਕਦਮ ਅਜੀਤ 'ਚੋਂ ਵਰਤਮਾਨ 'ਚ ਮੁੜ ਆਇਆ। ਮੈਂ ਉਸ ਨੂੰ ਯਾਦ ਕਰਵਾਇਆ ਕਿ 'ਅਸੀਂ ਕੁੱਝ ਵਰ੍ਹੇ ਪਹਿਲਾ ਥੋਡੇ ਗੁਆਂਢ 'ਚ ਰਹਿੰਦੇ ਹੁੰਦੇ ਸੀ...। ਮੈਂ ਦੀਪਾ..... ਗੁਰਸ਼ਰਨ ਸਿੰਘ ਦਾ ਮੁੰਡਾ ।' ਮੈਂ ਉਸ ਨੂੰ ਯਾਦ ਕਰਾਉਣ ਦੀ ਕੋਸ਼ਿਸ਼ ਕੀਤੀ।

"ਅੱਛਾ, ਅੱਛਾ...ਦੀਪ .....।" ਉਹ ਉੱਚੀ -ਉੱਚੀ ਹੱਸਣ ਲੱਗੀ। "ਦੀਪਾ !" ਉਹ ਫਿਰ ਉੱਚਾ ਹੱਸੀ। ਮੈਂ ਜਾਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਮੇਰਾ ਹੱਥ ਫੜ ਕੇ ਬਿਠਾ ਲਿਆ।

"ਬਹਿ ਜਾ ਪੁੱਤ, ਬਹੁਤ ਚਿਰ ਬਾਅਦ ਮੇਰੇ ਘਰ ਅੰਦਰ ਕੋਈ ਆਇਆ ਏ । ਨਹੀਂ ਤਾਂ ਏਥੇ ਤਾਂ ਸਾਰੇ ਮੈਨੂੰ ਪਾਗਲ ਈ ਕਹਿੰਦੇ ਨੇ। ਪੁੱਤ ਮੈਂ ਤੈਨੂੰ ਵੀ ਪਾਗਲ ਲੱਗਦੀ ਆ?" ਤੇ ਉਹ ਮੇਰੇ ਮੂੰਹ ਵੱਲ ਝਾਕਣ ਲੱਗੀ। ਪਰ ਮੇਰੇ ਕੁੱਝ ਬੋਲਣ ਤੋਂ ਪਹਿਲਾ ਈ ਉਹ ਬੋਲੀ। "ਮੈਂ ਪਾਗਲ ਨਹੀਂ... ਮੈਨੂੰ ਤਾਂ ਦੁੱਖਾਂ ਨੇ ਅੱਧਮਰੀ ਕਰ ਦਿਤਾ ਏ। ਹੁਣ ਤਾਂ ਨਾ ਖਾਣ -ਪੀਣ ਦੀ ਹੋਸ਼। ਨਾ ਹੀ ਕਿਸੇ ਹੋਰ ਕੰਮ ਦੀ। ਬਹਿ ਜਾ ਪੁੱਤ ਮੇਰੀ ਪੂਰੀ ਗੱਲ ਸੁਣ ਕੇ ਜਾਂਵੀਂ, ਨਹੀਂ ਤਾਂ ਮਰਨ ਤੋਂ ਬਾਅਦ ਵੀ ਮੇਰੀ ਰੂਹ ਨੂੰ ਸ਼ਾਂਤੀ ਨਹੀਂ ਮਿਲਣੀ " "ਜਦ ਦਾ ਜਰਨੈਲ..... ਤੇ ਮੇਰਾ ਘਰ ਵਾਲਾ ਮੈਨੂੰ ਛੱਡ ਕੇ ਗਏ ਨੇ। ਮੈਂ ਤਾ ਜਿਉਂਦੇ ਜੀਅ ਮਰ ਗਈ।" "ਉਹ ਕਿੱਥੇ ਚਲੇ ਗਏ ਨੇ?" ਮੇਰਾ ਇਨ੍ਹਾਂ ਕਹਿੰਦੇ ਈ ਉਹ ਉੱਚੀ -ਉੱਚੀ ਰੋਣ ਲੱਗੀ ਲਈ। "ਇਹ ਤਾ ਸਾਡੇ ਪਾਪਾਂ ਦਾ ਈ ਫਲ ਐ। ਅੱਜ ਤੈਨੂੰ ਸ਼ਾਇਦ ਉਸ ਰੱਬ ਨੇ ਈ ਭੇਜਿਆ ਮੇਰਾ ਦੁੱਖ ਸੁਣਨ ਨੂੰ। ਹੁਣ ਤਾ ਬੱਸ ਉਸ ਘੜੀ ਨੂੰ ਪਈ ਉਡੀਕਦੀ ਆ, ਜਦ ਮੈਨੂੰ ਮੌਤ ਆ ਜਾਵੇ, ਪਰ ਉਹ ਭੈੜੀ ਵੀ ਨਹੀਂ ਆਉਂਦੀ ਲ" ਮੇਰਾ ਕੋਈ ਹੁੰਗਾਰਾ ਸੁਣੇ ਬਿਨਾਂ ਈ ਉਸ ਨੇ ਆਪਣੀ ਗੱਲ ਜਾਰੀ ਰੱਖੀ। "ਪੁੱਤਰਾਂ ਤੈਨੂੰ ਕੀ ਦੱਸਾਂ ! ਜਦ ਦੀ ਜਸਬੀਰ ਗਈ ਐ ਸਾਡੇ ਘਰ ਦੀਆਂ ਖੁਸੀਆਂ ਵੀ ਨਾਲ ਹੀ ਚਲੀਆਂ ਗਈਆਂ। ਅਸੀਂ ਪੁਲਿਸ ਤੋਂ ਤਾਂ ਚਲਾਕੀ ਨਾਲ ਬਚ ਗਏ। ਸਿਆਣੇ ਠੀਕ ਈ ਕਹਿੰਦੇ ਆ, ਸਭ ਬੁਰੇ ਕੰਮਾਂ ਦਾ ਫਲ ਇਸ ਧਰਤੀ 'ਤੇ ਈ ਆ। ਮੈਂ ਜਿਹੜੀ ਕਦੇ ਪੈਰਾਂ 'ਤੇ ਪਾਣੀ ਨਹੀਂ ਸੀ ਪੈਣ ਦਿੰਦੀ, ਰੱਬ ਦੀ ਐਸੀ ਮਾਰ ਵੱਜੀ ਕਿ ਹੁਣ ਮੌਤ ਨੂੰ ਆਵਾਜਾ ਮਾਰਦੀ ਆ। ਸਭ ਪਾਗਲ ਕਹਿੰਦੇ ਨੇ ਮੈਨੂੰ " "ਜਦ ਜਸਵੀਰ ਮਰੀ ਤਾਂ ਅਸੀਂ ਝੱਟ ਮੁੰਡੇ ਦਾ ਦੂਜਾ ਵਿਆਹ ਕਰਵਾ ਦਿਤਾ। ਚੋਖਾ ਦਾਜ ਆਇਆ, ਜਿਸਦੀ ਸਾਨੂੰ ਤਾਂਘ ਸੀ , ਘਰ ਭਰ ਦਿਤਾ ਉਨ੍ਹਾਂ ਸਮਾਨ ਨਾਲ । ਮੈਂ ਵੀ ਚੋੜੀ ਹੋਈ ਫਿਰਦੀ ਸੀ ਕਿ ਕੀ ਕਰ ਲਿਆ ਕਿਸੇ.... ਆਪਣੀ ਮਨ ਆਈ ਕਰ ਕੇ ਛੱਡੀ। ਕੁੱਝ ਵਕਤ ਤਾ ਸੋਹਣਾ ਬੀਤ ਗਿਆ, ਪਰ ਦੂਜੀ ਨਾਲ ਵੀ ਨਾ ਮੇਰੀ ਨਿਭੀ। ਅਗੋ ਉਹ ਵੀ ਬੜੀ ਤੇਜ ਸੀ। ਆਖਿਰ ਇੱਕ ਦਿਨ ਮੈਂ ਮੁੰਡੇ ਨੂੰ ਕਹਿ ਹੀ ਦਿਤਾ ਬਈ ਤਲਾਕ ਲੈ ਲਾ ਇਸ ਤੋਂ, ਜਾਂ ਇਸਨੂੰ ਵੀ ਪਾਰ ਬੁਲਾ ਦੇ। ਪਰ ਮੁੰਡੇ ਨੂੰ ਪਤਾ ਨਹੀਂ ਕੀ ਹੋਇਆ ਸਾਨੂੰ ਬਿਨਾਂ ਦੱਸੇ ਦੂਜੇ ਸ਼ਹਿਰ ਦੀ ਬਦਲੀ ਕਰਵਾ ਲਈ ਤੇ ਵਹੁਟੀ ਨੂੰ ਨਾਲ ਲੈ ਕੇ ਐਸਾ ਗਿਆ ਕੇ ਅੱਜ ਤੱਕ ਸ਼ਕਲ ਨਹੀਂ ਵਿਖਾਈ। ਬੱਸ ਕਿਸੇ ਐਨਾ ਹੀ ਦੱਸਿਆ ਕੇ ਅਜੇ ਤੱਕ ਬੱਚਾ ਨਹੀਂ ਹੋਇਆ ਉਸ ਦੇ। ਇੰਨੇ ਸਾਲ ਬੀਤਣ ਤੇ ਵੀ ਉਹ ਔਲਾਦ ਦਾ ਮੂੰਹ ਵੇਖਣ ਨੂੰ ਤਰਸ ਰਿਹਾ। ਸੁਣਿਆ ਐ ਉਸ ਨੇ ਸਭ ਬੁਰੇ ਕੰਮ ਵੀ ਛੱਡ ਦਿੱਤੇ ਤੇ ਵਾਲ ਰੱਖ ਕੇ ਅੰਮ੍ਰਿਤ ਵੀ ਛਕ ਲਿਆ। ਉਹ ਸਿੱਧੇ ਰਾਹ ਤੇ ਆ ਗਿਆ, ਪਰ ਮੇਰੀ ਸਾਰ ਕਦੇ ਵੀ ਨਹੀਂ ਲੈਣ ਆਇਆ। ਹੁਣ ਸਾਰਾ ਕੀਮਤੀ ਸਮਾਨ ਇਸ ਘਰ ਵਿਚ ਰੁਲਦਾ ਫਿਰਦਾ, ਪਰ ਵਰਤਣ ਵਾਲਾ ਈ ਕੋਈ ਨਹੀਂ ।"

"ਤੇਰੇ ਅੰਕਲ ਨੂੰ ਤਾ ਜਰਨੈਲ ਦੇ ਜਾਣ ਮਗਰੋਂ ਕੁੱਝ ਮਹੀਨੇ ਬਾਅਦ ਹੀ ਦਿਲ ਦਾ ਦੌਰਾ ਪੈ ਗਿਆ ਤੇ ਉਹ ਸਦਾ ਲਈ ਇਸ ਜਹਾਨ ਤੋਂ ਕੂਚ ਕਰ ਗਏ.... ਤੇ ਮੈਨੂੰ ਸਭ ਦੇ ਵਿਛੋੜੇ ਨੇ ਅੱਧੀ ਪਾਗਲ ਕਰ ਦਿਤਾ। ਹੁਣ ਤਾ ਇੱਕਲੀ ਬੈਠੀ ਨੂੰ ਰੱਬ ਵੀ ਯਾਦ ਆਉਂਦਾ ਏ ਤੇ ਆਪਣੇ ਮਾੜੇ ਕਰਮ ਵੀ ।"

"ਜਸਬੀਰ ਤੇ... ਤੇ....ਮੈਂ ਖੁਦ ਮਿੱਟੀ ਦਾ ਤੇਲ ਪਾਇਆ। ਹੁਣ ਤਾਂ ਰਾਤੀ ਰੋਜ ਸੁਪਨੇ ਵਿੱਚ ਵੀ ਆਉਂਦੀ ਏ। ਤੇ ਦਿਨੇ ਵੀ ਚਾਰੇ ਪਾਸੇ ਉਹ ਮੈਨੂੰ ਮਿੰਨਤਾਂ ਪਾਉਂਦੀ ਦਿਖਾਈ ਦਿੰਦੀ ਏ। 'ਨਾ ਮਾਰੋ ਮੈਨੂੰ, ਨਾ ਮਾਰੋ......।' ਪਰ ਮੈਂ ਬਲਦੀ ਤੀਲੀ ਐਸੀ ਉਸ ਵੱਲ ਸੁਟੀ ਕਿ ਉਹ ਮਿੰਟਾ ਵਿੱਚ ਹੀ ਚੀਕਦੀ- ਚਲਾਉਦੀ ਸੜ ਕੇ ਸੁਆਹ ਹੋ ਗਈ । ਜਿਉਂਦੀ ਨੂੰ ਅੱਗ ਨਾਲ ਸਾੜ ਸੁਟਿਆ ਮੈਂ। ਉਹ ਬੰਦ ਕਮਰੇ ਵਿੱਚ ਚੀਕਦੀ ਰਹੀ, ਤੜਫਦੀ ਰਹੀ ਤੇ ਅਸੀਂ ਬੇਪਰਵਾਹ ਹੋਏ ਟੀ.ਵੀ. ਉੱਚੀ ਆਵਾਜ ਵਿੱਚ ਛੱਡ ਕੇ ਹੱਸਦੇ ਰਹੇ। ਬੱਸ ਉਹੀ ਹਾਸਾ ਲੈ ਬੈਠਾ ਸਾਨੂੰ ਤੇ ਜਦ ਉਹ ਬੁਰੀ ਤਰਾਂ ਸੜ ਗਈ ਤਾਂ ਚੰਗੇ ਬਣਨ ਲਈ ਅਸੀਂ ਚੀਕਾਂ ਮਾਰਦੀ ਤੇ ਤੜਫਦੀ ਨੂੰ ਹਸਪਤਾਲ ਲੈ ਗਏ, ਜਿਥੇ ਲਿਜਾਦਿਆਂ ਹੀ ਕੁੱਝ ਦੇਰ ਬਾਅਦ ਉਹ... ।" "ਮੈਨੂੰ ਉਸ ਦੀਆਂ ਚੀਕਾਂ ਸੁਣਾਈ ਦੇਂਦੀਆ ਨੇ....ਉਹ ਚੀਕ ਰਹੀ ਏ... ਉਹ ਚੀਕ ਰਹੀ ਏ.... ਉਹ.......। ਤੈਨੂੰ ਸੁਣੀਆਂ ਉਸ ਦੀਆਂ ਚੀਕਾਂ?" 'ਤੇ ਉਸ ਨੇ ਆਪਣੇ ਕੰਨ ਹਥੇਲੀਆਂ ਨਾਲ ਘੁੱਟ ਲਏ।

"ਇਸ ਸੁੰਨਸਾਨ ਪਏ ਘਰ ਵਿੱਚ ਉਸ ਦੀਆਂ ਚੀਕਾਂ ਗੂੰਜਦੀਆਂ ਨੇ ਲ" ਉਹ ਆਪਣੇ ਵਾਲ ਪੁੱਟਦੀ ਫਿਰ ਚੀਕਣ ਲੱਗੀ, "ਕੀ ਕਰਾਂ, ਮੈਂ ਕੀ ਕਰਾਂ? ਦੱਸ ਦੀਪੇ ਕੀ ਕਰਾਂ?" ਉਹ ਕਾਹਲੀ ਕਾਹਲੀ ਬੋਲਦੀ ਫਿਰ ਉੱਚੀ -ਉੱਚੀ ਰੋਣ ਲੱਗ ਪਈਲ ਮੈਂ ਘੜੀ ਵੱਲ ਵੇਖਿਆ ਆਖਰੀ ਬੱਸ ਜਾਣ ਵਿੱਚ ਬਹੁਤ ਘੱਟ ਵਕਤ ਰਹਿ ਗਿਆ ਸੀ। ਮੈਂ ਚਾਹ ਕੇ ਵੀ ਹੋਰ ਰੁਕ ਨਾ ਸਕਿਆਲ ਮੈਂ ਖੜ੍ਹਾ ਹੁੰਦਿਆਂ ਉਸ ਤੋਂ ਇਜਾਜਤ ਮੰਗੀ।

" ਵੇ ਪੁੱਤਰਾਂ ਇੱਕ ਕੰਮ ਕਰੀਂ ਲ" ਮੈਨੂੰ ਉਠਦੇ ਦੇਖ ਜਿਵੇਂ ਉਸ ਦੀ ਲੇਰ ਜਿਹੀ ਨਿਕਲ ਗਈ। ਮੈਂ ਉਸ ਵੱਲ ਦੇਖਦਿਆਂ ਬੋਲਿਆ, "ਦੱਸੋ?" .

ਉਹ ਹੱਥ ਜੋੜ ਕੇ ਬੋਲੀ, " ਬੱਸ.... ਬੱਸ ਰੱਬ ਅੱਗੇ ਦੁਆ ਕਰੀਂ....! ਮੈਨੂੰ ਛੇਤੀ ਚੁੱਕ ਲਵੇ ।" 'ਤੇ ਉਹ ਫਿਰ ਉਸੇ ਤਰਾਂ ਕੁਰਲਾਉਣ ਲੱਗੀ। ਮੈਂ ਉਦਾਸ ਤੇ ਪ੍ਰੇਸ਼ਾਨ ਹੋਇਆ ਜਲਦੀ ਨਾਲ ਉਥੋਂ ਬਾਹਰ ਨਿਕਲ ਆਇਆ। ਸੱਚਮੁੱਚ ਅੱਜ ਉਸ ਦੀਆਂ ਗੱਲਾਂ ਸੁਣ ਕੇ ਮੇਰਾ ਦਿਲ ਦਹਿਲ ਗਿਆ ਸੀ। ਹਨੇਰਾ ਹੋ ਰਿਹਾ ਸੀ। ਮੈਂ ਰੱਬ ਦਾ ਨਾਮ ਲੈਂਦਾ ਜਲਦੀ ਨਾਲ ਬੱਸ ਸਟੈਂਡ ਵੱਲ ਕਦਮ ਪੁੱਟਣ ਲੱਗਾ ।

# 'ਡੰਕੀ': ਲਹਿੰਦੇ ਪੰਜਾਬ ਦਾ 14 ਸਾਲਾ ਮੁੰਡਾ ਯੂਰਪ ਜਾਂਦਾ ਭੂਮੱਧ ਸਾਗਰ 'ਚ ਵਹਿ ਗਿਆ, 'ਏਜੰਟਾਂ ਦੇ ਪਿੰਡ' ਦਾ ਬੱਚਾ-ਬੱਚਾ ਕੀ ਸੁਪਨਾ ਲੈਂਦਾ ਹੈ

**ਵਲੋਂ : ਸ਼ਹਿਜ਼ਾਦ ਮਲਿਕ**



ਪਾਕਿਸਤਾਨ ਪੰਜਾਬ ਦਾ ਪਿੰਡ ਮੋਰੀਕਾ ਜੱਜਾ ਕਿਸੇ ਆਮ ਪਿੰਡ ਵਾਂਗ ਵਿਖਾਈ ਦਿੰਦਾ ਹੈ ਪਰ ਇਥੇ ਗਲੀਆਂ ਵਿੱਚ ਖੇਡਦੇ ਬੱਚੇ ਜਿਵੇਂ ਹੀ ਜਵਾਨੀ ਵਿੱਚ ਪੈਰ ਧਰਦੇ ਹਨ। ਇੱਕ ਅਜਿਹਾ ਸੁਪਨਾ ਵੇਖਣ ਲੱਗਦੇ ਹਨ ਜਿਸ ਨੂੰ ਪੂਰਿਆਂ ਕਰਨ ਲਈ ਕਈਆਂ ਨੂੰ ਜਾਨ ਗਵਾਉਣੀ ਪੈ ਜਾਂਦੀ ਹੈ।

ਇਹ ਸੁਪਨਾ ਜ਼ਿੰਦਗੀ ਯੂਰਪ ਵਿੱਚ ਬਿਤਾਉਣ ਦਾ ਹੈ, ਜਿਸ ਲਈ ਇਸ ਪਿੰਡ ਦੇ ਬਹੁਤ ਸਾਰੇ ਲੋਕ 'ਡੰਕੀ' ਵਰਗੇ ਗੈਰ-ਕਾਨੂੰਨੀ ਤਰੀਕੇ ਵੀ ਅਪਨਾਉਣ ਤੋਂ ਪਿਛੇ ਨਹੀਂ ਹੱਟਦੇ। ਇਹ ਹੀ ਉਹ ਪਿੰਡ ਹੈ ਜਿੱਥੋਂ ਦਾ 14 ਸਾਲਾ ਆਬਿਦ ਜਾਵੇਦ, ਜੋ ਕਿ ਗੈਰ-ਕਾਨੂੰਨੀ ਤੌਰ 'ਤੇ ਇਟਲੀ ਪਹੁੰਚਣ ਦੀ ਕੋਸ਼ਿਸ਼ ਕਰ ਰਿਹਾ ਸੀ ਪਰ 13 ਦਸੰਬਰ ਨੂੰ ਗ੍ਰੀਸ ਨੇੜੇ ਵਾਪਰੇ ਕਿਸ਼ਤੀ ਹਾਦਸੇ ਵਿੱਚ ਭੂਮੱਧ ਸਾਗਰ ਦੇ ਪਾਣੀ ਵਿੱਚ ਵਹਿ ਗਿਆ।

ਇਸ ਹਾਦਸੇ ਵਿੱਚ ਮਰਨ ਵਾਲੇ ਬੱਚੇ 12 ਤੋਂ 16 ਸਾਲ ਦੀ ਉਮਰ ਦੇ ਸਨ ਅਤੇ ਪਾਕਿਸਤਾਨ ਦੇ ਪੰਜਾਬ ਸੂਬੇ ਨਾਲ ਸਬੰਧਤ ਸਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਬੱਚੇ ਪੈਸੇ ਪੱਖੋਂ ਚੰਗੇ ਪਰਿਵਾਰਾਂ ਤੋਂ ਸਨ।

ਆਬਿਦ ਦੇ ਤਾਇਆ ਮੁਹੰਮਦ ਜ਼ੁਲਫ਼ਕਿਾਰ ਦੇ ਮੁਤਾਬਕ,"ਆਬਿਦ ਦੇ ਪਿਤਾ ਪਿਛਲੇ 12 ਸਾਲਾਂ ਤੋਂ ਸਾਊਦੀ ਅਰਬ ਵਿੱਚ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਦਾ ਫਰਨੀਚਰ ਦਾ ਕਾਰੋਬਾਰ ਹੈ, ਨਾਲ ਹੀ ਦੋ ਰੈਸਟੋਰੈਂਟ ਵੀ ਹਨ।" ਗੈਰ-ਕਾਨੂੰਨੀ ਇਮੀਗ੍ਰੇਸ਼ਨ ਬਾਰੇ ਆਮ ਧਾਰਨਾ ਰਹੀ ਹੈ ਕਿ ਦੇਸ਼ ਦੀਆਂ ਖਰਾਬ ਆਰਥਿਕ ਸਥਿਤੀਆਂ ਨੂੰ ਦੇਖਦੇ ਹੋਏ ਲੋਕ ਵਿਦੇਸ਼ਾਂ ਵਿੱਚ, ਖ਼ਾਸ ਕਰਕੇ ਯੂਰਪੀਅਨ ਦੇਸ਼ਾਂ ਵਿੱਚ ਬਿਹਤਰ ਭਵਿੱਖ ਦੀ ਆਸ ਵਿੱਚ ਆਪਣੀ ਜਾਨ ਜੋਖਮ ਵਿੱਚ ਪਾਉਣ ਤੋਂ ਵੀ ਨਹੀਂ ਝਿਜਕਦੇ।

ਤਾਂ ਫਿਰ ਸੱਤਵੀਂ ਜਮਾਤ ਦੇ ਇੱਕ ਵਿਦਿਆਰਥੀ ਨੇ ਵਿੱਤੀ ਤੌਰ 'ਤੇ ਸੁਰੱਖਿਅਤ ਹੋਣ ਦੇ ਬਾਵਜੂਦ ਵੀ ਇਹ ਔਖਾ ਕਦਮ ਕਿਉਂ ਚੁੱਕਿਆ?

ਇਸ ਦਾ ਜਵਾਬ ਜਾਣਨ ਲਈ ਮੋਰੀਕਾ ਜੱਜਾ ਦਾ ਦੌਰਾ ਕੀਤਾ। 'ਆਬਿਦ ਜਾਵੇਦ ਨੂੰ ਲੱਗਦਾ ਸੀ ਕਿ ਜ਼ਿੰਦਗੀ ਯੂਰਪ ਵਿੱਚ ਹੀ ਹੈ' ਮੋਰੀਕਾ ਜੱਜਾ ਪਾਕਿਸਤਾਨ ਪੰਜਾਬ ਦੇ ਕਿਸੇ ਵੀ ਹੋਰ ਪਿੰਡ ਵਾਂਗ ਨਜ਼ਰ ਆਉਂਦਾ ਹੈ।

ਜਿੱਥੇ ਤੁਸੀਂ ਕੰਧਾਂ ਉੱਤੇ ਪਾਥੀਆਂ ਸੁਕਦੀਆਂ ਦੇਖ ਸਕਦੇ ਹੋ ਤੇ ਨਾਲ ਹੀ ਗੱਡੇ-ਰੇਹੜੇ ਖੇਤਾਂ ਵਿੱਚ ਨਜ਼ਰ ਆਉਂਦੇ ਹਨ। ਪਿੰਡ ਵਿੱਚ ਇੱਕ ਪ੍ਰਾਇਮਰੀ ਸਕੂਲ ਹੈ ਅਤੇ ਇਸ ਤੋਂ ਅੱਗੇ ਪੜ੍ਹਾਈ ਲਈ ਬੱਚਿਆਂ ਨੂੰ ਪਿੰਡ ਤੋਂ ਦੂਰ ਸ਼ਹਿਰ ਤੱਕ ਜਾਣਾ ਪੈਂਦਾ ਹੈ। ਆਬਿਦ ਦੇ ਤਾਇਆ ਮੁਹੰਮਦ ਜ਼ੁਲਫ਼ਕਿਾਰ ਕਹਿੰਦੇ ਹਨ, "ਆਬਿਦ ਸੱਤਵੀਂ ਜਮਾਤ ਵਿੱਚ ਪੜ੍ਹਦਾ ਸੀ ਪਰ ਉਸਨੂੰ ਪੜ੍ਹਾਈ ਵਿੱਚ ਕੋਈ ਖਾਸ ਦਿਲਚਸਪੀ ਨਹੀਂ ਸੀ। ਉਹ ਆਪਣੇ ਪਰਿਵਾਰ ਨੂੰ ਕਹਿੰਦਾ ਸੀ ਕਿ ਉਹ ਵਿਦੇਸ਼ ਜਾਣਾ ਚਾਹੁੰਦਾ ਹੈ।"

ਉਨ੍ਹਾਂ ਨੇ ਕਿਹਾ ਕਿ ਕਿਉਂਕਿ ਆਬਿਦ ਦੇ ਪਿਤਾ ਸਾਊਦੀ ਅਰਬ ਵਿੱਚ ਸਨ ਅਤੇ ਘਰ ਵਿੱਚ ਸਿਰਫ਼ ਆਬਿਦ ਦੀ ਮਾਂ ਹੀ ਸੀ, ਇਸ ਲਈ ਉਨ੍ਹਾਂ ਨੇ ਆਬਿਦ ਦੇ ਜ਼ਿੱਦ ਕਰਨ ਦੇ ਬਾਵਜੂਦ ਉਸ ਨੂੰ ਵਿਦੇਸ਼ ਜਾਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ।

ਜ਼ੁਲਫ਼ਕਿਾਰ ਕਹਿੰਦੇ ਹਨ, "ਜਦੋਂ ਉਸ ਦੀ ਮਾਂ ਨੇ ਇਨਕਾਰ ਕਰ ਦਿੱਤਾ, ਤਾਂ ਆਬਿਦ ਕਹਿੰਦਾ ਸੀ ਕਿ ਪਿੰਡ ਦੇ ਸੈਂਕੜੇ ਬੱਚੇ ਵਿਦੇਸ਼ ਚਲੇ ਗਏ ਹਨ, ਉਨ੍ਹਾਂ ਨੂੰ ਕੁਝ ਨਹੀਂ ਹੋਇਆ ਅਤੇ ਜੇਕਰ ਉਸ ਨੂੰ ਭੇਜਿਆ ਗਿਆ, ਤਾਂ ਉਸਨੂੰ ਵੀ ਕੁਝ ਨਹੀਂ ਹੋਵੇਗਾ।" "ਉਹ ਕਹਿੰਦਾ ਸੀ ਵਿਦੇਸ਼ ਜਾਵਾਂਗਾ ਤੇ ਅਤੇ ਆਪਣੀ ਜ਼ਿੰਦਗੀ ਬਿਹਤਰ ਬਣਾਵਾਂਗਾ।"

ਆਖਿਰ ਆਬਿਦ ਦੀ ਮਾਂ ਨੇ ਆਪਣੇ ਪੁੱਤਰ ਦੀ ਜ਼ਿੱਦ ਅੱਗੇ ਝੁਕ ਕੇ ਉਸਨੂੰ ਵਿਦੇਸ਼ ਭੇਜਣ ਲਈ ਇੱਕ ਏਜੰਟ ਨਾਲ ਸੰਪਰਕ ਕੀਤਾ। ਉਨ੍ਹਾਂ ਨੇ ਕਿਹਾ, "ਆਬਿਦ 12 ਨਵੰਬਰ ਨੂੰ ਇਟਲੀ ਜਾਣ ਲਈ ਇਸਲਾਮਾਬਾਦ ਤੋਂ ਦੁਬਈ ਲਈ ਰਵਾਨਾ ਹੋਇਆ, ਫਿਰ ਉੱਥੋਂ ਉਹ ਮਿਸਰ ਗਿਆ ਅਤੇ ਕੁਝ ਦਿਨ ਲੀਬੀਆ ਰਿਹਾ ਅਤੇ ਉੱਥੋਂ 12 ਦਸੰਬਰ ਨੂੰ ਗ੍ਰੀਸ ਜਾਣ ਲਈ ਇੱਕ ਕਿਸ਼ਤੀ ਵਿੱਚ ਸਵਾਰ ਹੋਇਆ।" ਆਬਿਦ ਦਾ ਇੱਕ ਕਰੀਬੀ ਦੋਸਤ, ਨੌਮਾਨ ਜੋ ਕੁਝ ਮਹੀਨੇ ਪਹਿਲਾਂ ਤੱਕ ਮੋਰੀਕਾ ਜੱਜਾ ਦੀਆਂ ਉਨ੍ਹਾਂ ਹੀ ਗਲੀਆਂ ਵਿੱਚ ਆਬਿਦ ਨਾਲ ਖੇਡਦਾ ਸੀ। ਗੱਲ ਕਰਦੇ ਨੌਮਾਨ ਨੇ ਦੱਸਿਆ, "ਆਬਿਦ ਨੂੰ ਲੱਗਦਾ ਸੀ ਕਿ ਸਭ ਕੁਝ ਯੂਰਪ ਵਿੱਚ ਹੈ। ਜੇ ਉਹ ਉੱਥੇ ਜਾਂਵੇਗਾ, ਤਾਂ ਫਿਰ ਜ਼ਿੰਦਗੀ ਬਿਹਤਰ ਹੋ ਜਾਵੇਗੀ।"

ਆਬਿਦ ਦਾ ਭਰਾ ਵੀ ਇੱਕ ਯੂਰਪੀ ਦੇਸ਼ ਵਿੱਚ ਗੈਰ-ਕਾਨੂੰਨੀ ਤੌਰ 'ਤੇ ਗਿਆ ਸੀ। ਨੌਮਾਨ ਕਹਿੰਦੇ ਹਨ, "ਜੋ ਵੀ ਯੂਰਪ ਜਾਂਦੇ ਹਨ, ਉਹ ਵੀਡੀਓ ਜ਼ਰੂਰ ਬਣਾਉਂਦੇ ਹਨ, ਆਬਿਦ ਵੀ ਇਨਾਂ ਵੀਡੀਓ ਨੂੰ ਦੇਖਦਾ ਸੀ ਅਤੇ ਬਾਹਰ ਜਾਣ ਲਈ ਬਜ਼ਿੱਦ ਸੀ।"

ਨਾ ਸਿਰਫ਼ ਆਬਿਦ ਦੇ ਪਿਤਾ, ਸਗੋਂ ਪਿੰਡ ਦੇ ਹੋਰ ਕਈ ਪਰਿਵਾਰਾਂ ਦੇ ਮੈਂਬਰ ਵੀ ਵਿਦੇਸ਼ਾਂ ਨੂੰ ਗਏ ਹੋਏ ਹਨ। ਉਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਬੱਚੇ ਹਨ ਜੋ ਜਵਾਨੀ ਤੱਕ ਪਹੁੰਚਣ ਤੋਂ ਪਹਿਲਾਂ ਹੀ ਗੈਰ-ਕਾਨੂੰਨੀ ਤੌਰ 'ਤੇ ਯੂਰਪ ਪਹੁੰਚ ਗਏ ਸਨ।

ਨੌਮਾਨ ਕਹਿੰਦੇ ਹਨ ਕਿ ਆਬਿਦ ਹਮੇਸ਼ਾ ਆਪਣੇ ਦੂਜੇ ਦੋਸਤਾਂ ਨਾਲ ਵਿਦੇਸ਼ ਜਾਣ ਦੀਆਂ ਯੋਜਨਾਵਾਂ ਬਣਾਉਂਦਾ ਰਹਿੰਦਾ ਸੀ ਅਤੇ ਉਨ੍ਹਾਂ ਨਾਲ ਆਪਣੇ ਮੋਬਾਈਲ ਫੋਨ 'ਤੇ ਵੀਡੀਓ ਵੀ ਸਾਂਝਾ ਕਰਦਾ ਸੀ ਜੋ ਉਸ ਦੇ ਭਰਾ ਅਤੇ ਹੋਰ ਦੋਸਤਾਂ ਨੇ ਇਟਲੀ ਅਤੇ ਹੋਰ ਯੂਰਪੀਅਨ ਦੇਸ਼ਾਂ ਤੋਂ ਭੇਜੀਆਂ ਸਨ। ਉਹ ਕਹਿੰਦੇ ਹਨ, "ਆਬਿਦ ਇਨ੍ਹਾਂ ਫੋਟੋਆਂ ਅਤੇ ਵੀਡੀਓਜ਼ ਤੋਂ ਬਹੁਤ ਪ੍ਰਭਾਵਿਤ ਸੀ।"

## 'ਏਜੰਟਾਂ ਦਾ ਪਿੰਡ'

ਸਥਾਨਕ ਵਾਸੀਆਂ ਦਾ ਕਹਿਣਾ ਹੈ ਕਿ ਜਦੋਂ ਵੀ ਇਸ ਪਿੰਡ ਦਾ ਕੋਈ ਬੱਚਾ ਦਸ ਸਾਲ ਦਾ ਹੁੰਦਾ ਹੈ, ਤਾਂ ਉਸ ਦਾ ਪਰਿਵਾਰ ਅਤੇ ਪਿੰਡ ਦੇ ਲੋਕ ਉਸ ਨੂੰ ਦੱਸਦੇ ਹਨ ਕਿ ਉਸ ਦਾ ਭਵਿੱਖ ਪਾਕਿਸਤਾਨ ਵਿੱਚ ਨਹੀਂ ਸਗੋਂ ਵਿਦੇਸ਼ ਵਿੱਚ ਹੈ।

ਇਸ ਪਿੰਡ ਦੀਆਂ ਗਲੀਆਂ ਵਿੱਚ ਘੁੰਮਦੇ ਸਾਰੇ ਛੋਟੇ ਬੱਚਿਆਂ ਦੇ ਹੱਥਾਂ ਵਿੱਚ ਕੀਮਤੀ ਮੋਬਾਈਲ ਫੋਨ ਹਨ ਅਤੇ ਜਦੋਂ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਕੀ ਉਹ ਸਕੂਲ ਨਹੀਂ ਗਏ, ਤਾਂ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੇ ਪੜ੍ਹਾਈ ਛੱਡ ਦਿੱਤੀ ਹੈ। ਅਸਲ ਜਵਾਬ ਸੀ, "ਅਸੀਂ ਕੁਝ ਮਹੀਨਿਆਂ ਵਿੱਚ ਵਿਦੇਸ਼ ਜਾਵਾਂਗੇ, ਇਸ ਲਈ ਅਸੀਂ ਪੜ੍ਹਾਈ ਕਰਕੇ ਕੀ ਕਰਾਂਗੇ?" ਆਬਿਦ ਦੇ ਗੁਆਂਢੀ ਨੇ ਪਿੰਡ ਨੂੰ 'ਏਜੰਟਾਂ ਦਾ ਪਿੰਡ' ਕਿਹਾ। ਇਹ ਏਜੰਟ ਆਮ ਤੌਰ 'ਤੇ ਬੱਚਿਆਂ ਨੂੰ 25 ਤੋਂ 30 ਲੱਖ ਵਿੱਚ ਵਿਦੇਸ਼ ਭੇਜਣ ਦਾ ਵਾਅਦਾ ਕਰਦੇ ਹਨ। ਪਿੰਡ ਦੇ ਵਾਸੀ ਮੁਹੰਮਦ ਰਮਜ਼ਾਨ ਮੁਤਾਬਕ, "ਇਸ ਪਿੰਡ ਵਿੱਚ ਪਾਕਿਸਤਾਨ ਦੇ ਕਿਸੇ ਵੀ ਹੋਰ ਵੱਡੇ ਕਸਬੇ ਜਾਂ ਸ਼ਹਿਰ ਨਾਲੋਂ ਜ਼ਿਆਦਾ ਏਜੰਟ ਹਨ।" ਉਨ੍ਹਾਂ ਕਿਹਾ, "ਸਿਆਲਕੋਟ ਦੀ ਪਸਰੂਰ ਤਹਿਸੀਲ ਦੇ ਮੋਰੀਕਾ ਜੱਜਾ, ਖਾਨ ਜੱਜਾ ਅਤੇ ਕਿਲਾ ਕੱਲਰਵਾਲਾ ਪਿੰਡਾਂ ਤੋਂ ਇਲਾਵਾ, ਇਨ੍ਹਾਂ ਏਜੰਟਾਂ ਨੇ ਨਾਰੋਵਾਲ ਜ਼ਿਲ੍ਹੇ ਦੇ ਗਲੇ ਮਹਾਰਨ ਖੇਤਰ ਵਿੱਚ ਆਪਣੇ ਪੈਰ ਜਮਾ ਲਏ ਹਨ ਅਤੇ ਇਸ ਕੰਮ ਲਈ ਉਹ ਘਰੇਲੂ ਔਰਤਾਂ ਦੀ ਮਦਦ ਲੈਂਦੇ ਹਨ।"

"ਉਹ ਲੋਕਾਂ ਦੇ ਘਰਾਂ ਵਿੱਚ ਜਾਂਦੇ ਹਨ ਅਤੇ ਔਰਤਾਂ ਨੂੰ ਵਿਦੇਸ਼ਾਂ ਦੇ ਹਰੇ ਭਰੇ ਬਾਗ਼ ਦਿਖਾ ਕੇ ਆਪਣੇ ਬੱਚਿਆਂ ਦੇ ਬਿਹਤਰ ਭਵਿੱਖ ਲਈ ਵਿਦੇਸ਼ ਭੇਜਣ ਲਈ ਉਤਸ਼ਾਹਿਤ ਕਰਦੇ ਹਨ।" ਉਨ੍ਹਾਂ ਨੇ ਕਿਹਾ, "ਜਿਸ ਏਜੰਟ ਨੇ ਆਬਿਦ ਅਤੇ ਇਲਾਕੇ ਦੇ ਕੁਝ ਹੋਰ ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਕਿਸ਼ਤੀ 'ਤੇ ਬਿਠਾਇਆ ਸੀ, ਉਹ ਆਬਿਦ ਜਾਵੇਦ ਦੇ ਗੁਆਂਢ ਤੋਂ ਹੀ ਸੀ।"

"ਪਰ ਹੁਣ ਇਨ੍ਹਾਂ ਏਜੰਟਾਂ ਦੇ ਘਰਾਂ ਨੂੰ ਜਿੰਦਰੇ ਲੱਗੇ ਹੋਏ ਹਨ ਤੇ ਉਹ ਆਪਣੇ ਪਰਿਵਾਰਾਂ ਸਮੇਤ ਹੀ ਕਿਸੇ ਦੂਜੀ ਥਾਂ ਜਾ ਲੁਕੇ ਹਨ।" ਮੁਹੰਮਦ ਰਮਜ਼ਾਨ ਇੱਕ ਹੋਰ ਪਰਿਵਾਰ ਬਾਰੇ ਦੱਸਦੇ ਹਨ, "ਗੁਲਾ ਮਹਾਰਨ ਦੇ ਪੁੱਤਰ ਸੁਫਯਾਨ ਦੀ ਕਿਸ਼ਤੀ ਹਾਦਸੇ ਵਿੱਚ ਮੌਤ ਹੋ ਗਈ ਸੀ। ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰ ਨੇ ਉਨ੍ਹਾਂ ਨੂੰ ਲੀਬੀਆ ਭੇਜਣ ਲਈ ਕਿਸ਼ਤੀ ਤੇ ਸਵਾਰ ਕੀਤਾ ਸੀ।"

ਸੁਫਯਾਨ ਵੀ ਇੱਕ ਸਥਾਨਕ ਸਕੂਲ ਵਿੱਚ ਸੱਤਵੀਂ ਜਮਾਤ ਦਾ ਵਿਦਿਆਰਥੀ ਸੀ। ਮੁਹੰਮਦ ਰਮਜ਼ਾਨ ਨੇ ਕਿਹਾ, "ਲੋਕ ਇਨ੍ਹਾਂ ਏਜੰਟਾਂ ਵਿਰੁੱਧ ਨਹੀਂ ਬੋਲਦੇ ਕਿਉਂਕਿ ਉਨ੍ਹਾਂ ਨੂੰ ਡਰ ਹੁੰਦਾ ਹੈ ਕਿ ਇਸ ਨਾਲ ਪਿੰਡ ਵਿੱਚ ਦੁਸ਼ਮਣੀ ਪੈ ਜਾਵੇਗੀ ।"

ਇਹ ਗੱਲ ਉਦੋਂ ਵੀ ਦੇਖਣ ਨੂੰ ਮਿਲੀ ਜਦੋਂ ਬੀਬੀਸੀ ਦੀ ਟੀਮ ਕਵਰੇਜ ਲਈ ਇਲਾਕੇ ਵਿੱਚ ਗਈ। ਸਥਾਨਕ ਲੋਕ ਸਾਡੇ ਆਲੇ-ਦੁਆਲੇ ਇਕੱਠੇ ਹੋ ਗਏ ਅਤੇ ਪੁੱਛਣ ਲੱਗੇ ਕਿ ਅਸੀਂ ਇਸ ਇਲਾਕੇ ਵਿੱਚ ਕਿਸ ਮਕਸਦ ਨਾਲ ਆਏ ਹਾਂ।

ਆਬਿਦ ਦੇ ਘਰ ਤੋਂ ਇਲਾਵਾ, ਗਲੀ ਦੇ ਸਿਰਫ਼ ਇੱਕ ਜਾਂ ਦੋ ਘਰਾਂ ਦੇ ਦਰਵਾਜ਼ੇ ਖੁੱਲ੍ਹੇ ਸਨ, ਜਦੋਂ ਕਿ ਗਲੀ ਦੇ ਬਾਕੀ ਘਰਾਂ ਨੂੰ ਤਾਲੇ ਲੱਗੇ ਹੋਏ ਸਨ। ਇਸ ਬਾਰੇ ਪੁੱਛੇ ਜਾਣ 'ਤੇ ਪਿੰਡ ਵਾਸੀਆਂ ਨੇ ਕਿਹਾ, "ਇਸ ਗਲੀ ਵਿੱਚ ਬੰਦ ਘਰ ਕਥਿਤ ਤੌਰ 'ਤੇ ਏਜੰਟਾਂ ਦੇ ਘਰ ਹਨ ਜੋ ਕਿਸ਼ਤੀ ਹਾਦਸੇ ਤੋਂ ਬਾਅਦ ਆਪਣੇ ਪਰਿਵਾਰਾਂ ਨਾਲ ਕਿਤੇ ਜਾ ਕੇ ਲੁਕ ਗਏ ਹਨ।"

ਇੱਕ ਘਰ ਦੀ ਛੱਤ 'ਤੇ ਦੋ ਮਹਿਲਾ ਪੁਲਿਸ ਕਰਮੀ ਤਾਇਨਾਤ ਸਨ, ਪਰ ਘਰ ਨੂੰ ਤਾਲਾ ਲੱਗਿਆ ਹੋਇਆ ਸੀ। ਪਿੰਡ ਦੇ ਵਾਸੀ ਤਨਵੀਰ ਉਸਮਾਨ ਨੇ ਦੱਸਿਆ, "ਜਿਸ ਘਰ ਦੀ ਛੱਤ 'ਤੇ ਮਹਿਲਾ ਪੁਲਿਸ ਕਰਮੀ ਮੌਜੂਦ ਹਨ, ਉਹ ਵੀ ਕਥਿਤ ਤੌਰ 'ਤੇ ਇੱਕ ਏਜੰਟ ਦਾ ਹੈ ਅਤੇ ਉਸ ਦੀ ਪਤਨੀ ਵੀ ਇਸ ਗੈਰ-ਕਾਨੂੰਨੀ ਗਤੀਵਿਧੀ ਵਿੱਚ ਸ਼ਾਮਲ ਹੈ, ਜਿਸ ਦੀ ਗ੍ਰਿਫ਼ਤਾਰੀ ਲਈ ਹੀ ਮਹਿਲਾ ਪੁਲਿਸ ਨੂੰ ਤਾਇਨਾਤ ਕੀਤਾ ਗਿਆ ਹੈ।"

ਸਥਾਨਕ ਪੱਤਰਕਾਰ ਅਮੀਰ ਭੱਟ ਨੇ ਦਾਅਵਾ ਕੀਤਾ ਕਿ ਜਦੋਂ ਉਨ੍ਹਾਂ ਨੂੰ ਕਿਸ਼ਤੀ ਡੁੱਬਣ ਦੀ ਘਟਨਾ ਬਾਰੇ ਪਤਾ ਲੱਗਿਆ ਅਤੇ ਉਨ੍ਹਾਂ ਨੇ ਹੋਰ ਪੱਤਰਕਾਰਾਂ ਨਾਲ ਇਲਾਕੇ ਦਾ ਦੌਰਾ ਕੀਤਾ, ਤਾਂ ਏਜੰਟਾਂ ਅਤੇ ਉਨ੍ਹਾਂ ਦੇ ਸਾਥੀਆਂ ਨੇ ਪੱਤਰਕਾਰਾਂ ਨੂੰ ਘੇਰਾ ਪਾ ਲਿਆ, ਉਨ੍ਹਾਂ ਨਾਲ ਦੁਰਵਿਵਹਾਰ ਕੀਤਾ। ਐੱਫਆਈਏ ਅਤੇ ਸਥਾਨਕ ਪੁਲਿਸ ਨੇ ਘਟਨਾ ਵਿੱਚ ਸ਼ਾਮਲ ਸ਼ੱਕੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਉਨ੍ਹਾਂ ਦੇ ਘਰਾਂ ਦੇ ਬਾਹਰ ਪੁਲਿਸ ਕਰਮੀਆਂ ਦੀ ਤਾਇਨਾਤੀ ਕੀਤੀ ਹੈ ਪਰ ਅਜੇ ਤੱਕ ਕਿਸੇ ਵੀ ਮੁੱਖ ਸ਼ੱਕੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ।

ਐੱਫਆਈਏ ਦੇ ਇੱਕ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਕਿਹਾ ਕਿ ਉਸੇ ਇਲਾਕੇ ਦਾ ਰਹਿਣ ਵਾਲਾ ਉਸਮਾਨ ਜੱਜਾ ਯੂਨਾਨੀ ਕਿਸ਼ਤੀ ਹਾਦਸੇ ਦੇ ਮੁੱਖ ਸ਼ੱਕੀਆਂ ਵਿੱਚੋਂ ਇੱਕ ਹੈ, ਅਤੇ ਉਸ ਦੀ ਗ੍ਰਿਫ਼ਤਾਰ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਐਫਆਈਏ ਅਧਿਕਾਰੀਆਂ ਮੁਤਾਬਕ, ਜਦੋਂ ਕਿਸ਼ਤੀ ਡੁੱਬਣ ਦੀ ਘਟਨਾ ਵਾਪਰੀ ਤਾਂ ਮੁਲਜ਼ਮ ਉਸਮਾਨ ਜੱਜਾ ਸਿਆਲਕੋਟ ਜੇਲ੍ਹ ਵਿੱਚ ਨਿਆਂਇਕ ਰਿਮਾਂਡ 'ਤੇ ਸੀ, ਪਰ ਸਥਾਨਕ ਅਦਾਲਤ ਵੱਲੋਂ ਜ਼ਮਾਨਤ ਮਿਲਣ ਮਗਰੋਂ ਫਰਾਰ ਹੈ।

## ਐੱਫਆਈਏ ਦਾ ਕੀ ਰੁਖ਼ ਹੈ?

ਕਿਸ਼ਤੀ ਹਾਦਸੇ ਤੋਂ ਬਾਅਦ, ਜਦੋਂ ਇਹ ਪਤਾ ਲੱਗਾ ਕਿ ਨਾਰੋਵਾਲ ਅਤੇ ਸਿਆਲਕੋਟ ਜ਼ਿਲ੍ਹਿਆਂ ਦੇ ਸੈਂਕੜੇ ਬੱਚੇ ਗੈਰ-ਕਾਨੂੰਨੀ ਤੌਰ 'ਤੇ ਯੂਰਪੀਅਨ ਦੇਸ਼ਾਂ ਵਿੱਚ ਗਏ ਹਨ, ਤਾਂ ਅਸੀਂ ਪਹਿਲਾਂ ਨਾਰੋਵਾਲ ਜ਼ਿਲ੍ਹੇ ਦੇ ਗਲੇ ਮਹਾਰਨ ਖੇਤਰ ਵੱਲ ਰਵਾਨਾ ਹੋਏ।

ਇਸ ਪਿੰਡ ਦਾ ਸੁਫਯਾਨ ਬਹੁਤ ਛੋਟੀ ਉਮਰ ਦਾ ਸੀ ਜਦੋਂ ਉਸ ਦੀ ਗਰੀਸ ਵਿੱਚ ਇੱਕ ਕਿਸ਼ਤੀ ਹਾਦਸੇ ਵਿੱਚ ਮੌਤ ਹੋ ਗਈ ਸੀ।

ਜਦੋਂ ਅਸੀਂ ਇੱਕ ਸਥਾਨਕ ਪੱਤਰਕਾਰ, ਮੀਆਂ ਸ਼ਾਹਿਦ ਇਕਬਾਲ ਦੀ ਮਦਦ ਨਾਲ ਸੁਫਯਾਨ ਦੇ ਘਰ ਪਹੁੰਚੇ, ਤਾਂ ਦੇਖਿਆ ਕਿ ਉਸ ਦਾ ਘਰ ਇੱਕ ਖੁੱਲ੍ਹੇ ਇਲਾਕੇ ਪੰਜ ਕੁ ਮਰਲੇ ਦਾ ਸੀ। ਸੁਫਯਾਨ ਦੇ ਮਾਪਿਆਂ ਤੋਂ ਇਲਾਵਾ, ਉਨ੍ਹਾਂ ਦੇ ਦੋ ਚਾਚੇ ਵੀ ਘਰ 'ਚ ਮੌਜੂਦ ਸਨ।

ਸੁਫਯਾਨ ਦੇ ਚਾਚਾ ਇਸ ਘਟਨਾ ਬਾਰੇ ਗੱਲ ਕਰਨ ਲਈ ਤਿਆਰ ਨਹੀਂ ਸੀ ਅਤੇ ਉਨ੍ਹਾਂ ਨੇ ਸਿਰਫ ਇਹ ਕਿਹਾ ਕਿ 'ਸੁਫਯਾਨ ਦੀ ਜ਼ਿੰਦਗੀ ਇਸ ਤਰ੍ਹਾਂ ਹੀ ਲਿਖੀ ਗਈ ਸੀ।'

ਫੈਡਰਲ ਇਨਵੈਸਟੀਗੇਸ਼ਨ ਏਜੰਸੀ (ਐੱਫਆਈਏ) ਦੇ ਗੁਜਰਾਂਵਾਲਾ ਜ਼ੋਨ ਦੇ ਡਾਇਰੈਕਟਰ ਅਬਦੁਲ ਕਾਦਿਰ ਨੇ ਬੀਬੀਸੀ ਨੂੰ ਦੱਸਿਆ ਕਿ ਕਿਸ਼ਤੀ ਹਾਦਸੇ ਵਿੱਚ ਮਰਨ ਵਾਲੇ ਬੱਚਿਆਂ ਅਤੇ ਹੋਰਾਂ ਦੇ ਵਾਰਸ ਉਨ੍ਹਾਂ ਨਾਲ ਸਹਿਯੋਗ ਨਹੀਂ ਕਰ ਰਹੇ।

ਉਨ੍ਹਾਂ ਕਿਹਾ ਕਿ ਐੱਫਆਈਏ ਦੀ ਟੀਮ ਸਿਰਫ ਸੋਸ਼ਲ ਮੀਡੀਆ ਦੀ ਮਦਦ ਨਾਲ ਪ੍ਰਭਾਵਿਤ ਲੋਕਾਂ ਤੱਕ ਪਹੁੰਚ ਕਰ ਰਹੀ ਹੈ।

ਉਨ੍ਹਾਂ ਕਿਹਾ,"ਕੋਈ ਵੀ ਮਾਮਲਾ ਆਪਣੀ ਜਾਂਚ ਵਿੱਚ ਅੱਗੇ ਨਹੀਂ ਵਧ ਸਕਦਾ ਜਦੋਂ ਤੱਕ ਪੀੜਤ ਜਾਂ ਉਸ ਦੇ ਸਬੰਧੀ ਏਜੰਸੀ ਨਾਲ ਸਹਿਯੋਗ ਨਹੀਂ ਕਰਦੇ।"

ਉਨ੍ਹਾਂ ਕਿਹਾ ਕਿ ਇਸ ਘਟਨਾ ਤੋਂ ਬਾਅਦ, ਕੁਝ ਲੋਕਾਂ ਨੇ ਐੱਫਆਈਏ ਨਾਲ ਸੰਪਰਕ ਕੀਤਾ ਹੈ, ਜਿਸ ਤੋਂ ਬਾਅਦ ਮੁਲਜ਼ਮਾਂ ਵਿਰੁੱਧ ਕੇਸ ਦਰਜ ਕੀਤੇ ਗਏ ਹਨ।

ਐੱਫਆਈਏ ਦੇ ਡਾਇਰੈਕਟਰ ਨੇ ਕਿਹਾ, "ਇਸ ਖੇਤਰ ਵਿੱਚ ਏਜੰਟ ਵੱਖ-ਵੱਖ ਨਾਵਾਂ ਹੇਠ ਕੰਮ ਕਰਦੇ ਹਨ ਅਤੇ ਜੇਕਰ ਇੱਕ ਗਿਰੋਹ ਵਿਰੁੱਧ ਕਾਰਵਾਈ ਕੀਤੀ ਜਾਂਦੀ ਹੈ ਤਾਂ ਕੁਝ ਸਮੇਂ ਬਾਅਦ ਉਸੇ ਗਿਰੋਹ ਦੇ ਮੈਂਬਰ ਹੋਰ ਵੱਖ-ਵੱਖ ਨਾਵਾਂ ਹੇਠ ਕੰਮ ਕਰਨਾ ਸ਼ੁਰੂ ਕਰ ਦਿੰਦੇ ਹਨ।"

ਉਨ੍ਹਾਂ ਕਿਹਾ ਕਿ ਐੱਫਆਈਏ ਅਤੇ ਪੁਲਿਸ ਅਧਿਕਾਰੀ ਇਨ੍ਹਾਂ ਏਜੰਟਾਂ ਦੇ ਸਰਗਨਾ ਨੂੰ ਗ੍ਰਿਫ਼ਤਾਰ ਕਰਨ ਲਈ ਕੋਸ਼ਿਸ਼ ਕਰ ਰਹੇ ਹਨ, ਪਰ ਹੁਣ ਤੱਕ ਸਫਲਤਾ ਨਹੀਂ ਮਿਲੀ ਹੈ।

## ਜੋ ਲੋਕ ਯੂਰਪ ਪਹੁੰਚੇ

ਸਿਆਲਕੋਟ ਜ਼ਿਲ੍ਹੇ ਦੇ ਖਾਨ ਜੱਜਾ ਦੇ ਰਹਿਣ ਵਾਲੇ ਨਵੀਦ 2022 ਵਿੱਚ ਇਟਲੀ ਗਏ ਸਨ।

ਇਟਲੀ ਤੋਂ ਗੱਲ ਕਰਦਿਆਂ ਨਵੀਦ ਨੇ ਬੀਬੀਸੀ ਨੂੰ ਦੱਸਿਆ ਕਿ ਉਹ ਕਰੀਬ ਪੰਜ ਮਹੀਨੇ ਬਾਅਦ ਇਟਲੀ ਪਹੁੰਚਣ ਵਿੱਚ ਕਾਮਯਾਬ ਹੋ ਗਏ ਸਨ। ਨਵੀਦ ਨੇ ਕਿਹਾ ਕਿ ਜਦੋਂ ਉਨ੍ਹਾਂ ਨੇ ਘਰ ਛੱਡਿਆ ਤਾਂ ਉਹ 16 ਸਾਲ ਦੇ ਸਨ।

ਨਵੀਦ ਨੇ ਕਿਹਾ ਕਿ ਏਜੰਟ ਨੇ 15 ਲੋਕਾਂ ਨੂੰ ਇਟਲੀ ਪਹੁੰਚਾਉਣ ਲਈ ਪੈਸੇ ਲਏ ਸਨ। ਇਨ੍ਹਾਂ ਨੂੰ 'ਦੁਬਈ ਤੋਂ ਮਿਸਰ, ਫਿਰ ਉੱਥੋਂ ਲੀਬੀਆ ਅਤੇ ਫਿਰ ਕਿਸ਼ਤੀ ਰਾਹੀਂ ਇਟਲੀ ਪਹੁੰਚਾਉਣਾ ਸੀ।'

ਉਨ੍ਹਾਂ ਨੇ ਕਿਹਾ, "ਉਹ ਇਟਲੀ ਦੀ ਰਾਜਧਾਨੀ ਰੋਮ ਦੇ ਇੱਕ ਦੂਰ-ਦੁਰਾਡੇ ਇਲਾਕੇ ਵਿੱਚ ਲੁਕੇ ਹੋਏ ਹਨ। ਇੰਨੀ ਦਿਨੀਂ ਇੱਕ ਕਿਸਾਨ ਦੇ ਖੇਤਾਂ ਵਿੱਚ ਕੰਮ ਕਰ ਰਹੇ ਹਨ।"

ਉਹ ਕਹਿੰਦੇ ਹਨ ਕਿ "ਇੱਥੇ ਆ ਕੇ, ਮੈਨੂੰ ਅਹਿਸਾਸ ਹੋਇਆ ਕਿ ਰੋਜ਼ੀ-ਰੋਟੀ ਕਮਾਉਣ ਲਈ ਕਿੰਨੀ ਮਿਹਨਤ ਕਰਨੀ ਪੈਂਦੀ ਹੈ।"


"ਇੱਥੇ ਸਥਿਤੀ ਯੂਰਪ ਦੇ ਉਸ ਸੁਪਨੇ ਦੇ ਉਲਟ ਹੈ ਜੋ ਏਜੰਟਾਂ ਵੱਲੋਂ ਘਰ ਛੱਡਣ ਤੋਂ ਪਹਿਲਾਂ ਦਿਖਾਇਆ ਜਾਂਦਾ ਹੈ।"

ਉਨ੍ਹਾਂ ਨੇ ਕਿਹਾ ਕਿ ਉਹ ਹਾਲੇ ਤੱਕ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਹਨ ਅਤੇ "ਹਮੇਸ਼ਾ ਇਹ ਖ਼ਤਰਾ ਰਹਿੰਦਾ ਹੈ ਕਿ ਕਿਸੇ ਵੀ ਸਮੇਂ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ ਅਤੇ ਦੇਸ਼ਨਿਕਾਲਾ ਦਿੱਤਾ ਜਾ ਸਕਦਾ ਹੈ।"

ਨਵੀਦ ਨੇ ਕਿਹਾ ਕਿ ਉਨ੍ਹਾਂ ਦੇ ਪਿਤਾ ਪਾਕਿਸਤਾਨ ਵਿੱਚ ਇੱਕ ਕਿਸਾਨ ਸਨ ਅਤੇ ਉਨ੍ਹਾਂ ਨੂੰ ਆਪਣੇ ਪਿੰਡ ਰਹਿੰਦਿਆਂ ਕਦੇ ਵੀ ਵਿੱਤੀ ਔਕੜਾਂ ਦਾ ਸਾਹਮਣਾ ਨਹੀਂ ਕਰਨਾ ਪਿਆ।

ਪਰ ਨਵੀਦ ਨੂੰ ਵਿਦੇਸ਼ ਜਾਣ ਦਾ ਜਨੂੰਨ ਸੀ ਅਤੇ ਅਖੀਰ ਪਰਿਵਾਰ ਨੇ ਉਨ੍ਹਾਂ ਦੀ ਇਸ ਜ਼ਿੱਦ ਨੂੰ ਸਵੀਕਾਰ ਲਿਆ ਸੀ।

THINKING ABOUT
BUYING SELLING OR LEASE?




For a Free market evaluation of your property, contact

READY FOR A FREE EVALUATION :
Clients Evaluation of Borrowing Power for New Purchase
More Than Fourteen Years Experience in Real Estate.

ਘਰ, ਬੇਰੀ ਫਾਰਮ, ਖਾਲੀ ਜ਼ਮੀਨ,
ਪਲਾਟ ਜਾਂ ਵਪਾਰਕ ਜਾਇਦਾਦ ਖਰੀਦਣ
ਅਤੇ ਵੇਚਣ ਵੇਲੇ ਇਮਾਨਦਾਰ ਸੇਵਾਵਾਂ
ਲਈ ਅੱਜ ਹੀ ਮਿਲੋ।



for more information
Amarpal Singh
Call : 604.338.7310
PARALLEL
1200 W 73rd Ave Unit 828,
Vancouver, BC V6P 6G5

Keep Smiling Denture Clinic

# Keep Smiling Denture Clinic

SEMCD CERTIFIED CLINICIAN

Complete Denture · Implant Denture · Partial Denture

CARE HOME MOBILE SERVICE
ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ
ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ
ਲਈ ਵੀ ਪ੍ਰਮਾਣਿਤ (CERTIFIED) ਹਾਂ ।

ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ
ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
If you have received Canadian Dental Care Plan Card.
Book appointment

ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।



Gagan Chahal R.D.
Registered Denturist

Book Your Appointment
778-600-0811
6834 King George Blvd Surrey BC
778-600-0810
2644 Cyril St Abbotsford BC

# ਕੈਨੇਡਾ, ਪਨਾਮਾ ਅਤੇ ਗ੍ਰੀਨਲੈਂਡ ਨੂੰ ਕਬਜ਼ੇ 'ਚ ਲੈਣ ਦੀਆਂ ਡੌਨਲਡ ਟਰੰਪ ਧਮਕੀਆਂ ਕਿਉਂ ਦੇ ਰਹੇ

ਅਮਰੀਕਾ ਦੇ ਨਵੇਂ-ਚੁਣੇ ਗਏ ਰਾਸ਼ਟਰਪਤੀ ਡੌਨਲਡ ਟਰੰਪ ਨੇ ਪਨਾਮਾ ਨਹਿਰ ਅਤੇ ਗ੍ਰੀਨਲੈਂਡ 'ਤੇ ਕਬਜ਼ਾ ਕਰਨ ਲਈ ਫ਼ੌਜੀ ਕਾਰਵਾਈ ਦੀ ਸੰਭਾਵਨਾ ਨੂੰ ਰੱਦ ਕਰ ਦਿੱਤਾ ਹੈ। ਪਰ ਉਨ੍ਹਾਂ ਦੇ ਪਨਾਮਾ ਨਹਿਰ ਅਤੇ ਗ੍ਰੀਨਲੈਂਡ ਨੂੰ ਕਬਜ਼ੇ ਹੇਠ ਕਰਨ ਦੇ ਬਿਆਨ ਨੇ ਵੱਡੀ ਗਿਣਤੀ ਲੋਕਾਂ ਨੂੰ ਫ਼ਿਕਰਮੰਦ ਕਰ ਦਿੱਤਾ ਹੈ।

ਗ੍ਰੀਨਲੈਂਡ ਡੈਨਮਾਰਕ ਦੀ ਖ਼ੁਦਮੁਖ਼ਤਿਆਰੀ ਵਾਲਾ ਖੇਤਰ ਹੈ।

ਟਰੰਪ ਨੇ ਦੋਵਾਂ (ਪਨਾਮਾ ਨਹਿਰ ਅਤੇ ਗ੍ਰੀਨਲੈਂਡ) ਨੂੰ ਅਮਰੀਕਾ ਦੀ ਆਰਥਿਕ ਸੁਰੱਖਿਆ ਲਈ ਰਣਨੀਤਕ ਤੌਰ 'ਤੇ ਮਹੱਤਵਪੂਰਨ ਦੱਸਿਆ।

ਅਜਿਹਾ ਪਹਿਲੀ ਵਾਰ ਹੋਇਆ ਜਦੋਂ ਟਰੰਪ ਨੇ ਜਨਤਕ ਤੌਰ 'ਤੇ ਅਮਰੀਕੀ ਫ਼ੌਜ ਦੀ ਇਸ ਤਰ੍ਹਾਂ ਵਰਤੋਂ ਕਰਨ ਬਾਰੇ ਕੋਈ ਟਿੱਪਣੀ ਕੀਤੀ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਉਹ ਕੈਨੇਡਾ ਨੂੰ ਅਮਰੀਕਾ ਦਾ ਹਿੱਸਾ ਬਣਾਉਣ ਲਈ ਆਰਥਿਕ ਦਬਾਅ ਦੀ ਵਰਤੋਂ ਕਰਨਗੇ।

ਪਨਾਮਾ, ਗ੍ਰੀਨਲੈਂਡ, ਡੈਨਮਾਰਕ ਅਤੇ ਕੈਨੇਡਾ ਨੇ ਇਨ੍ਹਾਂ ਟਿੱਪਣੀਆਂ 'ਤੇ ਸਖ਼ਤ ਪ੍ਰਤੀਕਿਰਿਆ ਦਿੱਤੀ ਹੈ।




## ਪਨਾਮਾ ਨਹਿਰ

20ਵੀਂ ਸਦੀ ਦੇ ਸ਼ੁਰੂ ਵਿੱਚ ਨਹਿਰ ਦੇ ਨਿਰਮਾਣ ਦਾ ਜ਼ਿੰਮਾ ਲੈਣ ਤੋਂ ਬਾਅਦ ਅਤੇ ਦਹਾਕਿਆਂ ਦੀ ਗੱਲਬਾਤ ਤੋਂ ਬਾਅਦ, ਅਮਰੀਕਾ ਨੇ 1999 ਵਿੱਚ ਨਹਿਰ ਦਾ ਪੂਰਾ ਕੰਟਰੋਲ ਪਨਾਮਾ ਨੂੰ ਸੌਂਪ ਦਿੱਤਾ ਸੀ।

ਹੁਣ, ਟਰੰਪ ਕੌਮੀ ਸੁਰੱਖਿਆ ਦਾ ਹਵਾਲਾ ਦਿੰਦਿਆਂ ਨਹਿਰ ਨੂੰ ਵਾਪਸ ਅਮਰੀਕਾ ਦੇ ਕੰਟਰੋਲ ਵਿੱਚ ਲੈਣਾ ਚਾਹੁੰਦੇ ਹਨ।

ਟਰੰਪ ਨੇ ਕਿਹਾ, "ਪਨਾਮਾ ਨਹਿਰ ਸਾਡੇ ਦੇਸ਼ ਲਈ ਬਹੁਤ ਜ਼ਰੂਰੀ ਹੈ। ਇਹ ਚੀਨ ਵੱਲੋਂ ਚਲਾਈ ਜਾ ਰਹੀ ਹੈ। ਅਸੀਂ ਇਸ ਨਹਿਰ ਦਾ ਕੰਟਰੋਲ ਪਮਾਨਾ ਨੂੰ ਦਿੱਤਾ ਸੀ, ਨਾ ਕਿ ਚੀਨ ਨੂੰ ਅਤੇ ਹੁਣ ਚੀਨ ਇਸ ਦੀ ਦੁਰਵਰਤੋਂ ਕਰ ਰਿਹਾ ਹੈ।

"ਉਨ੍ਹਾਂ ਨੇ ਇਸ ਤੋਹਫ਼ੇ ਦੀ ਦੁਰਵਰਤੋਂ ਕੀਤੀ ਹੈ।"

ਹਾਲਾਂਕਿ ਅਧਿਕਾਰਤ ਅੰਕੜੇ ਟਰੰਪ ਦੇ ਦ੍ਰਿਸ਼ਟੀਕੋਣ ਨਾਲ ਮੇਲ ਨਹੀਂ ਖਾਂਦੇ। ਅਸਲ ਵਿੱਚ ਤਾਂ ਕੁੱਲ ਨਹਿਰੀ ਆਵਾਜਾਈ ਦਾ 72 ਫ਼ੀਸਦੀ ਹਿੱਸਾ ਅਮਰੀਕਾ ਕਾਰਗੋ ਕੋਲ ਹੈ।

ਪਨਾਮਾ ਕਨਾਲ ਅਥਾਰਟੀ ਮੁਤਾਬਕ ਚੀਨੀ ਕਾਰਗੋ ਤਕਰੀਬਨ 22 ਫ਼ੀਸਦੀ ਨਾਲ ਦੂਜੇ ਨੰਬਰ 'ਤੇ ਹੈ। ਚੀਨ ਨੇ ਵੀ ਪਨਾਮਾ ਵਿੱਚ ਵੱਡੇ ਪੱਧਰ 'ਤੇ ਆਰਥਿਕ ਨਿਵੇਸ਼ ਕੀਤਾ ਹੈ।

ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਪਨਾਮਾ ਨਹਿਰ ਨਾ ਸਿਰਫ਼ ਪ੍ਰਸ਼ਾਂਤ ਵਿੱਚ ਅਮਰੀਕੀ ਵਪਾਰ ਲਈ ਜ਼ਰੂਰੀ ਹੈ, ਇਹ ਚੀਨ ਨਾਲ ਭਵਿੱਖ ਵਿੱਚ ਕਿਸੇ ਵੀ ਕਿਸਮ ਦੇ ਫ਼ੌਜੀ ਸੰਘਰਸ਼ ਦੀ ਸਥਿਤੀ ਨਾਲ ਨਜਿੱਠਣ ਲਈ ਵੀ ਅਹਿਮ ਹੈ। ਟਰੰਪ ਨੇ ਇਸ ਤੋਂ ਪਹਿਲਾਂ ਇਲਜ਼ਾਮ ਲਾਇਆ ਸੀ ਕਿ ਅਮਰੀਕੀ ਕਾਰਗੋ ਜਹਾਜ਼ਾਂ ਤੋਂ ਪਨਾਮਾ 'ਤੇ ਨਹਿਰ ਦੀ ਵਰਤੋਂ ਬਦਲੇ ਵੱਧ ਵਸੂਲੀ ਕੀਤੀ ਜਾਂਦੀ ਹੈ।

ਟਰੁਥ ਸੋਸ਼ਲ ਨੈੱਟਵਰਕ 'ਤੇ ਟਰੰਪ ਦੇ ਅਕਾਊਂਟ 'ਤੇ ਇੱਕ ਨਜ਼ਰ ਤਸਵੀਰ ਦੇਖੀ ਜਾ ਸਕਦੀ ਹੈ, ਜਿਸ ਵਿੱਚ ਪਨਾਮਾ ਨਹਿਰ ਦੇ ਮੱਧ 'ਚ ਅਮਰੀਕੀ ਝੰਡੇ ਦਿਖਾਈ ਦਿੰਦੇ ਹਨ।

ਪਨਾਮਾ ਸਿਟੀ ਵਿੱਚ ਇੱਕ ਨਿਊਜ਼ ਕਾਨਫਰੰਸ ਵਿੱਚ ਪਨਾਮਾ ਦੇ ਵਿਦੇਸ਼ ਮੰਤਰੀ, ਜੇਵੀਅਰ ਮਾਰਟੀਨੇਜ਼-ਅਚਾ ਨੇ ਟਰੰਪ ਦੀ ਇਸ ਟਿੱਪਣੀ ਉੱਤੇ ਜਵਾਬ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਪਨਾਮਾ ਨਹਿਰ ਦੀ ਪ੍ਰਭੂਸੱਤਾ ਗੈਰ-ਸਮਝੌਤਯੋਗ ਸੀ।

ਮਾਰਟੀਨੇਜ਼-ਅਚਾ ਨੇ ਕਿਹਾ, "ਨਹਿਰ ਦਾ ਨਿਯੰਤਰਨ ਮੁਕੰਮਲ ਤੌਰ 'ਤੇ ਪਨਾਮੇਨੀਅਨ ਹੱਥਾਂ ਵਿੱਚ ਹੈ ਅਤੇ ਇਹ ਇਸੇ ਤਰ੍ਹਾਂ ਜਾਰੀ ਰਹੇਗਾ।"

## ਗ੍ਰੀਨਲੈਂਡ

ਗ੍ਰੀਨਲੈਂਡ ਡੈਨਮਾਰਕ ਦੇ ਅਧੀਨ ਇੱਕ ਖ਼ੁਦਮੁਖ਼ਤਿਆਰ ਖੇਤਰ ਹੈ ਅਤੇ ਦੁਨੀਆ ਦੇ ਸਭ ਤੋਂ ਘੱਟ ਆਬਾਦੀ ਵਾਲੇ ਖੇਤਰਾਂ ਵਿੱਚੋਂ ਇੱਕ ਹੈ।

ਟਰੰਪ ਨੇ ਰਾਸ਼ਟਰਪਤੀ ਵਜੋਂ ਆਪਣੇ ਪਹਿਲੇ ਕਾਰਜਕਾਲ ਦੌਰਾਨ 2019 ਵਿੱਚ ਗ੍ਰੀਨਲੈਂਡ ਨੂੰ ਖ਼ਰੀਦਣ ਦਾ ਵਿਚਾਰ ਸਾਹਮਣੇ ਰੱਖਿਆ ਸੀ।

ਡੈਨਮਾਰਕ ਦੇ ਪ੍ਰਧਾਨ ਮੰਤਰੀ ਮੇਟੇ ਫ੍ਰੈਡਰਿਕਸਨ ਨੇ ਆਉਣ ਵਾਲੇ ਟਰੰਪ ਪ੍ਰਸ਼ਾਸਨ ਨਾਲ ਕੰਮ ਕਰਨ ਦੀ ਆਪਣੀ ਇੱਛਾ ਜ਼ਾਹਰ ਕੀਤੀ ਹੈ ਪਰ ਜ਼ੋਰ ਦੇ ਕੇ ਕਿਹਾ ਕਿ ਗ੍ਰੀਨਲੈਂਡ ਇਸਦੇ ਲੋਕਾਂ ਦਾ ਹੈ।

"ਗ੍ਰੀਨਲੈਂਡ, ਗ੍ਰੀਨਲੈਂਡ ਵਿੱਚ ਰਹਿਣ ਵਾਲੇ ਲੋਕਾਂ ਲਈ ਹੈ।

ਫ੍ਰੈਡਰਿਕਸਨ ਨੇ ਕਿਹਾ, "ਇਹ ਮਾਣ ਨਾਲ ਭਰੇ ਲੋਕਾਂ ਦਾ ਹੈ, ਇਸ ਦੀ ਇੱਕ ਭਾਸ਼ਾ ਅਤੇ ਸੱਭਿਆਚਾਰ ਹੈ, ਜੋ ਉੱਥੇ ਰਹਿਣ ਵਾਲਿਆਂ ਦਾ ਹੈ। ਜਿਵੇਂ ਪਹਿਲਾਂ ਵੀ ਦੱਸਿਆ ਗਿਆ ਹੈ ਕਿ ਗ੍ਰੀਨਲੈਂਡ ਵਿਕਰੀ ਲਈ ਨਹੀਂ ਹੈ।" ਜੋ ਉਹਨਾਂ ਦਾ ਆਪਣਾ ਹੈ।

ਟਰੰਪ ਦੀ ਇਸ ਇਲਾਕੇ ਵਿੱਚ ਦਿਲਚਸਪੀ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ। ਇਹ ਇਲਾਕਾ ਕੁਦਰਤੀ ਸਰੋਤਾਂ ਨਾਲ ਲਬਰੇਜ਼ ਹੈ।

ਡੈਨਮਾਰਕ ਦੇ ਭੂ-ਵਿਗਿਆਨਕ ਸਰਵੇਖਣ ਅਤੇ ਗ੍ਰੀਨਲੈਂਡ ਦੀ ਵੈੱਬਸਾਈਟ ਉੱਤੇ ਦਿੱਤੀ ਜਾਣਕਾਰੀ ਮੁਤਾਬਕ ਧਰਤੀ ਦੇ ਇਸ ਸਭ ਤੋਂ ਵੱਡੇ ਟਾਪੂ ਕੋਲ ਕੀਮਤੀ ਖਣਿਜਾਂ ਅਤੇ ਊਰਜਾ ਸਰੋਤਾਂ ਦਾ ਇੱਕ ਵੱਡਾ ਭੰਡਾਰ ਹੈ।

ਇਨ੍ਹਾਂ ਵਿੱਚ ਸੋਨੇ ਅਤੇ ਪਲੈਟੀਨਮ ਵਰਗੀਆਂ ਕੀਮਤੀ ਧਾਤਾਂ ਸ਼ਾਮਲ ਹਨ, ਲਿਥੀਅਮ, ਟਾਈਟੇਨੀਅਮ ਸਣੇ ਅੱਠ ਦੁਰਲੱਭ ਧਾਤਾਂ ਇਸ ਖੇਤਰ ਵਿੱਚ ਪਾਈਆਂ ਜਾਦੀਆਂ ਹਨ।

ਇਸ ਤੋਂ ਇਲਾਵਾ ਊਰਜਾ ਪਦਾਰਥ ਜਿਵੇਂ ਕੋਲਾ ਅਤੇ ਯੂਰੇਨੀਅਮ ਵੀ ਇੱਥੇ ਮੌਜੂਦ ਹਨ ਤੇ ਹੀਰੇ ਤੇ ਰੂਬੀ ਵਰਗੇ ਕੀਮਤੀ ਪੱਥਰ ਵੀ ਧਰਤੀ ਦੇ ਇਸ ਹਿੱਸੇ ਵਿੱਚ ਪਾਏ ਜਾਂਦੇ ਹਨ।

ਮੰਨਿਆ ਜਾ ਰਿਹਾ ਹੈ ਕਿ ਇਸ ਖੇਤਰ ਵਿੱਚ ਤੇਲ ਅਤੇ ਗੈਸ ਦੇ ਵੱਡੇ ਭੰਡਾਰਾਂ ਹੋਣ ਦੀ ਵੀ ਸੰਭਾਵਨਾ ਹੈ ਪਰ ਇਸ ਬਾਰੇ ਹਾਲੇ ਖੋਜ ਕੀਤੀ ਜਾਣੀ ਬਾਕੀ ਹੈ।

ਗ੍ਰੀਨਲੈਂਡ ਵਿੱਚ ਮੌਜੂਦ ਅਜਿਹੀਆਂ ਦੁਰਲੱਭ ਧਾਤਾਂ ਦੀ ਮੌਜੂਦਗੀ ਹੈ, ਜੋ ਬਹੁਤੇ ਬੈਟਰੀ ਉਤਪਾਦਾਂ ਵਿੱਚ ਵਰਤੀਆਂ ਜਾਂਦੀਆਂ ਹਨ, ਇਸ ਖੇਤਰ ਨੂੰ ਕੀਮਤੀ ਬਣਾਉਂਦੀ ਹੈ।

ਵਿਸ਼ਵ ਬੈਂਕ ਦੇ ਅੰਦਾਜ਼ਿਆਂ ਮੁਤਾਬਕ ਵਿਸ਼ਵਵਿਆਪੀ ਮੰਗ ਨੂੰ ਪੂਰਾ ਕਰਨ ਲਈ 2050 ਤੱਕ ਇਨ੍ਹਾਂ ਖਣਿਜਾਂ ਦੀ ਨਿਕਾਸੀ ਨੂੰ ਪੰਜ ਗੁਣਾ ਵਧਾਉਣ ਦੀ ਲੋੜ ਪਵੇਗੀ ਅਤੇ ਨਾ ਸਿਰਫ਼ ਅਮਰੀਕਾ ਦੁਆਰਾ ਬਲਕਿ ਚੀਨ ਵਿੱਚ ਵੀ ਇਨ੍ਹਾਂ ਧਾਤਾਂ ਦੀ ਵੱਡੇ ਪੱਧਰ ਉੱਤੇ ਮੰਗ ਕੀਤੀ ਜਾ ਰਹੀ ਹੈ।

ਇੱਕ ਹੋਰ ਪਹਿਲੂ ਵੀ ਇਸ ਨਾਲ ਜੁੜਿਆ ਹੋਇਆ ਹੈ। ਰੂਸ ਵੀ ਇਸ ਖੇਤਰ ਨੂੰ ਆਪਣੇ ਅਤੇ ਅਮਰੀਕਾ ਵਿਚਕਾਰ ਸਥਿਤ ਹੋਣ ਕਾਰਨ ਰਣਨੀਤਕ ਤੌਰ 'ਤੇ ਮਹੱਤਵਪੂਰਨ ਸਮਝਦਾ ਹੈ।

ਵਾਸ਼ਿੰਗਟਨ ਦਾ ਪਹਿਲਾਂ ਤੋਂ ਹੀ ਇਸ ਟਾਪੂ 'ਤੇ ਇੱਕ ਮਿਲਟਰੀ ਬੇਸ (ਫ਼ੌਜੀ ਅੱਡਾ) ਹੈ, ਜਿਸ ਵਿੱਚ ਪਹਿਲਾਂ ਤੋਂ ਚੇਤਾਵਨੀ ਦੇਣ ਵਾਲੀ ਬੈਲਿਸਟਿਕ ਮਿਜ਼ਾਈਲ ਪ੍ਰਣਾਲੀ ਮੌਜੂਦ ਹੈ।

ਗ੍ਰੀਨਲੈਂਡ ਦੀ ਅਗਵਾਈ ਹੁਣ ਸੁਤੰਤਰ ਪੱਖੀ ਪ੍ਰਧਾਨ ਮੰਤਰੀ ਮਿਊਟ ਬੋਰਪ ਏਗੇਡੇ ਕਰ ਰਹੇ ਹਨ।

ਉਨ੍ਹਾਂ ਨੇ ਸਪੱਸ਼ਟ ਕੀਤਾ ਹੈ ਕਿ ਇਹ ਟਾਪੂ ਵਿਕਰੀ ਲਈ ਨਹੀਂ ਹੈ ਅਤੇ ਅਪ੍ਰੈਲ ਵਿੱਚ ਸੰਸਦੀ ਚੋਣਾਂ ਦੇ ਨਾਲ ਇੱਕ ਸੁਤੰਤਰਤਾ ਰਾਏਸ਼ੁਮਾਰੀ ਹੋਣ ਦੀ ਸੰਭਾਵਨਾ ਪ੍ਰਗਟਾਈ ਹੈ।

## ਕੈਨੇਡਾ

ਟਰੰਪ ਨੇ ਹਾਲ ਹੀ ਦੇ ਹਫ਼ਤਿਆਂ ਵਿੱਚ ਅਮਰੀਕਾ ਦੇ ਸਭ ਤੋਂ ਵੱਡੇ ਗੁਆਂਢੀ ਮੁਲਕ ਕੈਨੇਡਾ ਦੇ ਅਮਰੀਕਾ ਦਾ 51ਵਾਂ ਰਾਜ ਬਣਨ ਬਾਰੇ ਕਿਹਾ ਅਤੇ ਨਾਲ ਹੀ ਦੋਵਾਂ ਦੇਸ਼ਾਂ ਵਿੱਚਲੀ ਸਰਹੱਦ ਨੂੰ 'ਆਰਟੀਫ਼ੀਸ਼ੀਅਲ' (ਨਕਲੀ) ਦੱਸਿਆ ਹੈ।

ਅਮਰੀਕੀ ਰਾਸ਼ਟਰਪਤੀ ਨੇ ਕੈਨੇਡਾ ਦੀ ਸੁਰੱਖਿਆ ਲਈ ਅਰਬਾਂ ਡਾਲਰ ਖ਼ਰਚ ਕੀਤੇ ਜਾਣ ਦੀ ਆਲੋਚਨਾ ਕੀਤੀ ਹੈ ਅਤੇ ਕੈਨੇਡੀਅਨ ਕਾਰਾਂ, ਲੱਕੜ ਅਤੇ ਡੇਅਰੀ ਉਤਪਾਦਾਂ ਦੇ ਆਯਾਤ ਦਾ ਮੁੱਦਾ ਵੀ ਚੁੱਕਿਆ ਹੈ।

ਮੈਕਸੀਕੋ ਦੀ ਤਰ੍ਹਾਂ ਕੈਨੇਡਾ ਵੀ ਟਰੰਪ ਦੀ ਪ੍ਰਧਾਨਗੀ ਅਧੀਨ ਅਮਰੀਕਾ ਨੂੰ ਬਰਾਮਦ ਕੀਤੇ ਜਾਂਦੇ ਆਪਣੇ ਸਮਾਨ ਉੱਤੇ 25 ਫ਼ੀਸਦੀ ਟੈਰਿਫ ਕੀਤੇ ਜਾਣ ਦੀ ਧਮਕੀ ਦਾ ਸਾਹਮਣਾ ਕਰ ਰਿਹਾ ਹੈ।

ਟਰੰਪ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਮੈਕਸੀਕੋ ਅਤੇ ਕੈਨੇਡਾ ਦੀਆਂ ਸਰਹੱਦਾਂ ਜ਼ਰੀਏ ਅਮਰੀਕਾ ਵਿੱਚ ਡਰੱਗਜ਼ ਦੀ ਸਪਲਾਈ ਦੀ ਸੰਭਾਵਨਾ ਬਾਰੇ ਆਪਣੀਆਂ ਚਿੰਤਾਵਾਂ ਨੂੰ ਦੁਹਰਾਇਆ ਸਨ।

ਹਾਲਾਂਕਿ, ਅਮਰੀਕੀ ਅੰਕੜਿਆਂ ਮੁਤਾਬਕ ਅਮਰੀਕਾ-ਕੈਨੇਡਾ ਸਰਹੱਦ 'ਤੇ ਜ਼ਬਤ ਕੀਤੇ ਗਏ ਫੈਂਟਾਨਿਲ ਦੀ ਮਾਤਰਾ ਦੱਖਣੀ ਸਰਹੱਦ ਦੇ ਮੁਕਾਬਲੇ ਕਾਫ਼ੀ ਘੱਟ ਹੈ।

ਕੈਨੇਡਾ ਨੇ ਸਰਹੱਦ 'ਤੇ ਨਵੇਂ ਸੁਰੱਖਿਆ ਉਪਾਵਾਂ ਨੂੰ ਲਾਗੂ ਕਰਨ ਦਾ ਵਾਅਦਾ ਕੀਤਾ ਹੈ। ਜਿਸ ਵਿੱਚ ਨਿਗਰਾਨੀ ਨੂੰ ਮਜ਼ਬੂਤ ਕਰਨਾ ਅਤੇ ਕੌਮਾਂਤਰੀ ਸੰਗਠਿਤ ਅਪਰਾਧ ਨੂੰ ਨਿਸ਼ਾਨਾ ਬਣਾਉਣ ਲਈ ਇੱਕ ਸੰਯੁਕਤ ਸਟ੍ਰਾਈਕ ਫੋਰਸ ਸ਼ਾਮਲ ਕਰਨਾ ਸ਼ਾਮਲ ਹੈ।

ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡਾ ਨੂੰ ਅਮਰੀਕਾ ਵੱਲੋਂ ਆਰਥਿਕ ਤਾਕਤ ਦੀ ਵਰਤੋਂ ਕਰਕੇ ਆਪਣਾ ਹਿੱਸਾ ਬਣਾ ਲਏ ਜਾਣ ਦੀ ਸੰਭਾਵਨਾ ਨੂੰ ਮੁੱਢੋਂ ਨਕਾਰਿਆ ਹੈ।

ਟਰੂਡੋ ਨੇ ਸੋਸ਼ਲ ਮੀਡੀਆ ਵੈੱਬਸਾਈਟ ਐਕਸ 'ਤੇ ਲਿਖਿਆ ਹੈ ਕਿ ਇਹ ਸੰਭਵ ਨਹੀਂ ਹੈ ਕਿ ਕੈਨੇਡਾ ਅਮਰੀਕਾ ਦਾ ਹਿੱਸਾ ਬਣ ਜਾਵੇ।

## ਬਿਆਨਬਾਜ਼ੀ ਜਾਂ ਅਸਲੀਅਤ?

ਅਮਰੀਕਾ ਦੇ ਸਾਬਕਾ ਡਿਪਟੀ-ਰਾਸ਼ਟਰੀ ਸੁਰੱਖਿਆ ਸਲਾਹਕਾਰ ਜੇਮਜ਼ ਜੈਫ਼ਰੀ ਨੇ ਬੀਬੀਸੀ ਨੂੰ ਦੱਸਿਆ ਕਿ ਟਰੰਪ ਆਪਣੇ ਕੌਮਾਂਤਰੀ ਸਹਿਯੋਗੀਆਂ ਦੇ ਨਾਲ-ਨਾਲ ਆਪਣੇ ਘਰੇਲੂ ਸਮਰਥਕਾਂ ਨੂੰ ਵੀ ਸੰਕੇਤ ਦੇ ਰਹੇ ਹਨ।

ਉਹ ਕਹਿੰਦੇ ਹਨ ਕਿ ਸੰਯੁਕਤ ਰਾਜ ਅਮਰੀਕਾ ਵਿੱਚ ਨਿਰਾਸ਼ਾ ਹੈ ਕਿ ਅਮੀਰ ਯੂਰਪੀਅਨ ਸਹਿਯੋਗੀ ਕੌਮਾਂਤਰੀ ਸੁਰੱਖਿਆ ਦੀ ਰੱਖਿਆ ਲਈ ਲੋੜੀਂਦਾ ਕੰਮ ਨਹੀਂ ਕਰ ਰਹੇ ਹਨ।

ਜੈਫ਼ਰੀ ਨੇ ਫੌਜੀ ਦਖਲਅੰਦਾਜ਼ੀ ਦੀ ਸੰਭਾਵਨਾ ਨੂੰ ਖਾਰਜ ਕੀਤਾ ਹੈ।

ਉਨ੍ਹਾਂ ਕਿਹਾ, "ਅਸੀਂ ਗ੍ਰੀਨਲੈਂਡ ਵਿੱਚ ਮਾਰਚ ਨਹੀਂ ਕਰਨ ਜਾ ਰਹੇ ਹਾਂ, ਅਸੀਂ ਕੈਨੇਡਾ ਵਿੱਚ ਕੋਈ ਫ਼ੌਜੀ ਮਾਰਚ ਨਹੀਂ ਕਰ ਰਹੇ ਹਾਂ, ਅਸੀਂ ਪਨਾਮਾ ਨਹਿਰ ਨੂੰ ਜ਼ਬਤ ਕਰਨ ਲਈ ਨਹੀਂ ਜਾ ਰਹੇ ਹਾਂ।"

"ਪਰ ਇਸ ਨਾਲ ਕਿੰਨੀ ਗੜਬੜ ਪੈਦਾ ਹੋਵੇਗੀ ਇਹ ਇੱਕ ਵੱਖਰਾ ਸਵਾਲ ਹੈ।"

ਜੈਫ਼ਰੀ ਨੇ ਕਿਹਾ, "ਕੌਮਾਂਤਰੀ ਵਿਵਸਥਾ ਨੂੰ ਖ਼ਤਰਾ ਡੌਨਲਡ ਟਰੰਪ ਨਹੀਂ ਹੈ ਬਲਕਿ ਅਸਲ ਖ਼ਤਰਾ ਰੂਸ ਅਤੇ ਚੀਨ ਹੈ।"

ਲੰਡਨ ਵਿੱਚ ਦਿ ਇੰਡੀਪੈਂਡੈਂਟ ਦੇ ਸਿਆਸੀ ਸੰਪਾਦਕ ਡੇਵਿਡ ਮੈਡੌਕਸ ਦਾ ਮੰਨਣਾ ਹੈ ਕਿ ਟਰੰਪ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ।

ਉਹ ਕਹਿੰਦੇ ਹਨ, "ਇਹ ਇੱਕ ਤਰ੍ਹਾਂ ਦਾ ਸਾਮਰਾਜਵਾਦੀ ਟਰੰਪ ਹੈ। ਉਹ ਦੁਨੀਆ 'ਤੇ ਅਮਰੀਕਾ ਦੀ ਪੈਠ ਨੂੰ ਅਸਲੋਂ ਵਧਾਉਣਾ ਚਾਹੁੰਦਾ ਹੈ। ਇਹ ਗੰਭੀਰ ਧਮਕੀਆਂ ਹਨ।"

ਮੈਡੌਕਸ ਨੇ ਕਿਹਾ, "ਇਸ ਵਾਰ ਟਰੰਪ ਦੀ ਪਹੁੰਚ ਪਹਿਲੇ ਟਰੰਪ ਪ੍ਰਸ਼ਾਸਨ ਨਾਲੋਂ ਬਿਲਕੁਲ ਵੱਖਰੀ ਹੋਣ ਦੀ ਹੈ, ਜੋ ਬਾਕੀ ਦੁਨੀਆ ਲਈ ਬਹੁਤ ਅਸਥਿਰ ਹੋਣ ਵਾਲਾ ਹੈ।

# ਅਮਰੀਕੀ ਟੈਰਿਫ਼ ਖ਼ਤਰੇ 'ਤੇ ਚਰਚਾ ਲਈ ਪ੍ਰਧਾਨ ਮੰਤਰੀ ਟਰੂਡੋ ਦੀ ਪ੍ਰੀਮੀਅਰਾਂ ਨਾਲ ਬੈਠਕ 15 ਨੂੰ

ਸਰੀ, (ਏਕਜੋਤ ਸਿੰਘ): ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਗਲੇ ਹਫ਼ਤੇ ਔਟਵਾ ਵਿੱਚ ਕੈਨੇਡਾ ਦੇ ਸੂਬਾਈ ਪ੍ਰੀਮੀਅਰਾਂ ਨਾਲ ਵਿਅਕਤੀਗਤ ਮੀਟਿੰਗ ਕਰਨਗੇ। ਇਹ ਮੀਟਿੰਗ 15 ਜਨਵਰੀ ਨੂੰ ਹੋਵੇਗੀ ਅਤੇ ਇਸ ਵਿੱਚ ਅਮਰੀਕਾ ਵੱਲੋਂ ਕੈਨੇਡਾ ਉੱਤੇ ਲਗ ਸਕਣ ਵਾਲੇ ਆਰਥਿਕ ਟੈਰਿਫ਼ ਖ਼ਤਰੇ 'ਤੇ ਚਰਚਾ ਕੀਤੀ ਜਾਵੇਗੀ। ਇਹ ਮੀਟਿੰਗ ਟਰੂਡੋ ਅਤੇ ਪ੍ਰੀਮੀਅਰਾਂ ਦੇ ਦਰਮਿਆਨ ਪਹਿਲੀ ਬੈਠਕ ਹੋਵੇਗੀ ਜਦੋਂ ਤੋਂ ਟਰੂਡੋ ਨੇ ਸੋਮਵਾਰ ਨੂੰ ਇਹ ਐਲਾਨ ਕੀਤਾ ਸੀ ਕਿ ਨਵੇਂ ਲਿਬਰਲ ਨੇਤਾ ਦੀ ਚੋਣ ਤੋਂ ਬਾਅਦ ਉਹ ਅਸਤੀਫ਼ਾ ਦੇਣਗੇ। ਇਸਦੇ ਨਾਲ ਹੀ ਸੰਸਦ 24 ਮਾਰਚ ਤੱਕ ਮੁਲਤਵੀ ਕਰ ਦਿੱਤੀ ਗਈ ਹੈ, ਤਾਂ ਜੋ ਆਗੂ ਦੀ ਚੋਣ ਪ੍ਰਕਿਰਿਆ ਪੂਰੀ ਹੋ ਸਕੇ।

ਇਹ ਐਲਾਨ ਉਸ ਸਮੇਂ ਹੋਇਆ ਹੈ ਜਦੋਂ ਡੋਨਾਲਡ ਟਰੰਪ ਦੇ ਰਾਸ਼ਟਰਪਤੀ ਦੇ ਅਹੁਦੇ ਦੇ ਸਮਾਰੋਹ ਲਈ ਕੇਵਲ ਦੋ ਹਫ਼ਤੇ ਬਾਕੀ ਹਨ। ਟਰੰਪ ਨੇ ਚੇਤਾਵਨੀ ਦਿੱਤੀ ਹੈ ਕਿ ਉਹ ਕੈਨੇਡਾ ਦੇ ਮਾਲ ਉੱਤੇ 25 ਪ੍ਰਤੀਸ਼ਤ ਦੀਆਂ ਆਰਥਿਕ ਰੁਕਾਵਟਾਂ ਲਗਾ ਸਕਦੇ ਹਨ।

ਓਂਟਾਰਿਓ ਦੇ ਪ੍ਰੀਮੀਅਰ ਡਗ ਫੋਰਡ ਨੇ ਸੋਮਵਾਰ ਨੂੰ ਟਰੂਡੋ ਨੂੰ ਅਪੀਲ ਕੀਤੀ ਕਿ ਉਹ ਜਲਦੀ ਤੋਂ ਜਲਦੀ ਪ੍ਰੀਮੀਅਰਾਂ ਨਾਲ " ਬੈਠਕ" ਕਰਨ ਅਤੇ ਦੱਸਣ ਕਿ ਕੇਂਦਰ ਸਰਕਾਰ ਟੈਰਿਫ਼ਾਂ ਨੂੰ ਰੋਕਣ ਜਾਂ ਉਨ੍ਹਾਂ ਨਾਲ ਨਜਿੱਠਣ ਲਈ



ਕੀ ਕਰ ਰਿਹਾ ਹੈ। ਫੋਰਡ ਨੇ ਕਿਹਾ, "ਸਾਨੂੰ ਸਾਰੇ ਹਥਿਆਰ ਤਿਆਰ ਰੱਖਣੇ ਪੈਣਗੇ ਅਤੇ ਸਾਨੂੰ ਪ੍ਰਧਾਨ ਮੰਤਰੀ ਦੀ ਲੋੜ ਹੈ ਕਿ ਉਹ ਆਪਣਾ ਕੰਮ ਜਾਰੀ ਰੱਖਣ। ਪ੍ਰੋਰੋਗੇਸ਼ਨ ਛੁੱਟੀ ਦਾ ਮਤਲਬ ਨਹੀਂ ਹੈ। ਇਹ ਅੱਗੇ ਵਧਣ ਦਾ ਮਤਲਬ ਹੈ ਜਦ ਤੱਕ ਉਹ ਪ੍ਰਧਾਨ ਮੰਤਰੀ ਹਨ।"

ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਈਬੀ ਨੇ ਮੰਗਲਵਾਰ ਨੂੰ ਕਿਹਾ ਕਿ "ਕੇਂਦਰ ਸਰਕਾਰ ਦੀ ਹਾਲਤ" ਕਾਰਨ ਕੈਨੇਡਾ ਦੇ ਪ੍ਰੀਮੀਅਰ ਟਰੰਪ ਦੇ ਟੈਰਿਫ਼ ਖ਼ਤਰੇ ਦਾ ਸਾਹਮਣਾ ਕਰਨ ਲਈ ਅਗਵਾਈ ਕਰ ਰਹੇ ਹਨ।

ਉਨ੍ਹਾਂ ਕਿਹਾ, "ਅਸੀਂ ਬੁਧਵਾਰ ਨੂੰ ਸਾਰੇ ਪ੍ਰੀਮੀਅਰਾਂ ਨਾਲ ਚਰਚਾ ਕਰਾਂਗੇ ਤਾਂ ਜੋ ਸਾਨੂੰ ਸਹਿਮਤ ਰਾਹ ਕੱਢਣ ਵਿੱਚ ਮਦਦ ਮਿਲੇ।" ਈਬੀ ਨੇ ਉਮੀਦ ਜਤਾਈ ਕਿ ਪ੍ਰਧਾਨ ਮੰਤਰੀ ਦੇ ਅਸਤੀਫ਼ੇ ਦੇ ਬਾਵਜੂਦ, ਕੇਂਦਰ ਸਰਕਾਰ ਮੱਦਦ ਕਰਨ ਵਿਚ ਯੋਗ ਹੋਵੇਗੀ।

ਪ੍ਰੀਮੀਅਰਾਂ ਨੇ ਅਮਰੀਕੀ ਫ਼ੈਸਲੇ ਲੈਣ ਵਾਲਿਆਂ ਨਾਲ ਗੱਲਬਾਤ ਕਰਨ ਲਈ ਵਾਸ਼ਿੰਗਟਨ ਜਾਣ ਦੀ ਯੋਜਨਾ ਬਣਾਈ ਹੈ। ਇਹ ਯਾਤਰਾ ਫ਼ਰਵਰੀ ਵਿੱਚ ਹੋਣ ਦੀ ਉਮੀਦ ਹੈ। ਈਬੀ ਨੇ ਕਿਹਾ ਕਿ ਪ੍ਰੀਮੀਅਰ ਟਰੰਪ ਨੂੰ ਸਮਝਾਉਣ ਦੀ ਕੋਸ਼ਿਸ਼ ਕਰਨਗੇ ਕਿ ਇਨ੍ਹਾਂ ਟੈਰਿਫ਼ਾਂ ਕਾਰਨ ਅਮਰੀਕੀ ਨਾਗਰਿਕਾਂ ਨੂੰ ਘਰਾਂ ਅਤੇ ਬਿਜਲੀ ਜਿਹੀਆਂ ਚੀਜ਼ਾਂ 'ਤੇ ਵਾਧੂ ਖਰਚ ਕਰਨੇ ਪੈਣਗੇ।

ਟਰੰਪ ਨੇ ਮੰਗਲਵਾਰ ਨੂੰ ਕਿਹਾ ਕਿ ਉਹ "ਆਰਥਿਕ ਜ਼ੋਰ" ਦਾ ਇਸਤੇਮਾਲ ਕਰਕੇ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਦੀ ਕੋਸ਼ਿਸ਼ ਕਰ ਸਕਦੇ ਹਨ। ਟਰੂਡੋ ਨੇ ਟਵਿੱਟਰ 'ਤੇ ਜਵਾਬ ਦਿੰਦਿਆਂ ਕਿਹਾ, "ਕੈਨੇਡਾ ਦੇ ਅਮਰੀਕਾ ਦਾ ਹਿੱਸਾ ਬਣਨ ਦੀ ਕੋਈ ਸੰਭਾਵਨਾ ਨਹੀਂ ਹੈ।" This report was written by Ekjot Singh as part of the Local Journalism Initiative.

# ਸਮਾਜ ਵਿਚ ਮੀਡੀਆ ਦੀ ਭੂਮਿਕਾ ਅਹਿਮ-ਅਵਨੀਤ ਕੌਰ ਸਿੱਧੂ

**ਪੱਤਰਕਾਰਾਂ 'ਤੇ ਹਮਲਿਆਂ ਦੀ ਰੋਕਥਾਮ ਲਈ ਸਖਤ ਕਾਨੂੰਨ ਬਣਾਉਣ ਦੀ ਲੋੜ-ਜੰਮੂ, ਪ੍ਰੈਸ ਕਲੱਬ ਭਗਤਾ ਭਾਈ ਦਾ ਨੌਵਾਂ ਕੈਲੰਡਰ ਰਿਲੀਜ਼**

ਭਗਤਾ ਭਾਈਕਾ (ਵੀਰਪਾਲ ਭਗਤਾ): ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਪੰਜਾਬ ਨਾਲ ਸਬੰਧਿਤ ਪ੍ਰੈੱਸ ਕਲੱਬ ਭਗਤਾ ਭਾਈਕਾ (ਬਠਿੰਡਾ) ਵੱਲੋਂ ਕਲੱਬ ਪ੍ਰਧਾਨ ਸੁਖਪਾਲ ਸਿੰਘ ਸੋਨੀ ਦੀ ਅਗਵਾਈ ਹੇਠ ਭਾਰਤ ਰਤਨ ਡਾ. ਏ.ਪੀ.ਜੇ ਅਬਦੁਲ ਕਲਾਮ (ਪ੍ਰਸਿੱਧ ਵਿਗਿਆਨੀ ਤੇ ਸਾਬਕਾ ਰਾਸ਼ਟਰਪਤੀ), ਸੁਨੀਤਾ ਵਿਲੀਅਮਜ਼ (ਭਾਰਤੀ ਮੂਲ ਦੀ ਮਹਿਲਾ ਪੁਲਾੜ ਯਾਤਰੀ) ਤੇ ਕਲਪਨਾ ਚਾਵਲਾ (ਭਾਰਤੀ ਮੂਲ ਦੀ ਮਹਿਲਾ ਪੁਲਾੜ ਯਾਤਰੀ) ਨੂੰ ਸਮਰਪਿਤ ਨੌਵਾਂ ਕੈਲੰਡਰ ਰਿਲੀਜ਼ ਸਮਾਗਮ ਪੁਰੀ ਰੈਸਟੋਰੈਂਟ ਭਗਤਾ ਭਾਈ ਵਿਖੇ ਕਰਵਾਇਆ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਓਲੰਪੀਅਨ ਅਤੇ ਅਰਜੁਨ ਐਵਾਰਡੀ ਅਵਨੀਤ ਕੌਰ ਸਿੱਧੂ ਏ.ਆਈ.ਜੀ, ਸੀ.ਆਈ.ਡੀ (ਜੋਨ ਬਠਿੰਡਾ) ਅਤੇ ਬਲਵਿੰਦਰ ਸਿੰਘ ਜੰਮੂ ਸਕੱਤਰ ਜਨਰਲ ਇੰਡੀਅਨ ਜਰਨਲਿਸਟ ਯੂਨੀਅਨ ਸਨ। ਜਦਕਿ ਬਲਵੀਰ ਸਿੰਘ ਜੰਡੂ ਸੂਬਾ ਪ੍ਰਧਾਨ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ, ਜੈ ਸਿੰਘ ਛਿੱਬਰ ਕਾਰਜਕਾਰੀ ਪ੍ਰਧਾਨ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਤੇ ਸੰਤੋਖ ਸਿੰਘ ਗਿੱਲ ਇੰਚਾਰਜ ਮਾਲਵਾ ਜੋਨ ਸਮਾਗਮ ਦੇ ਵਿਸ਼ੇਸ਼ ਮਹਿਮਾਨ ਸਨ।

ਇਸ ਮੌਕੇ ਪੱਤਰਕਾਰ ਤੋਤਾ ਸਿੰਘ ਦੀਨਾ ਨੇ ਅਵਨੀਤ ਕੌਰ ਸਿੱਧੂ ਦੇ ਜੀਵਨ ਤੇ ਪ੍ਰਾਪਤੀਆਂ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਪੰਜਾਬ ਦੀਆਂ ਧੀਆਂ ਵੀ ਕਿਸੇ ਖੇਤਰ ਵਿਚ ਲੜਕਿਆਂ ਨਾਲੋਂ ਪਿੱਛੇ ਨਹੀਂ। ਪ੍ਰੈੱਸ ਕਲੱਬ ਭਗਤਾ ਭਾਈ ਦੇ ਚੇਅਰਮੈਨ ਪਰਵੀਨ ਕੁਮਾਰ ਗਰਗ ਨੇ ਕਲੱਬ ਦੀਆਂ ਗਤੀਵਿਧੀਆਂ ਬਾਰੇ ਚਾਨਣਾ





ਪਾਇਆ।

ਮੁੱਖ ਮਹਿਮਾਨ ਓਲੰਪੀਅਨ ਤੇ ਅਰਜੁਨ ਐਵਾਰਡੀ ਅਵਨੀਤ ਕੌਰ ਸਿੱਧੂ ਨੇ ਪ੍ਰੈਸ ਕਲੱਬ ਭਗਤਾ ਦੇ ਉੱਦਮਾਂ ਦੀ ਸਲਾਘਾ ਕਰਦੇ ਕਿਹਾ ਕਿ ਸਾਡੇ ਸਮਾਜ ਵਿਚ ਮੀਡੀਆ ਦੀ ਭੂਮਿਕਾ ਅਹਿਮ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਇਕ ਦੂਜੇ ਪ੍ਰਤੀ ਡਿੱਗ ਰਹੇ ਵਿਚਾਰਾਂ 'ਤੇ ਚਿੰਤਾ ਪ੍ਰਗਟ ਕਰਦੇ ਕਿਹਾ ਕਿ ਸਾਨੂੰ ਇਕ ਦੂਜੇ ਦੀਆਂ ਲੱਤਾਂ ਖਿੱਚਣ ਦੀ ਬਜਾਏ ਨਵੇਂ ਸਾਲ ਦੇ ਕੈਲੰਡਰ ਵਾਂਗ ਜਿੰਦਗੀ ਵਿਚ ਅੱਗੇ ਲਈ ਟੀਚੇ ਤੈਅ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਮਨੁੱਖੀ ਜਿੰਦਗੀ ਵਿਚ ਸਹਿਣਸ਼ੀਲਤਾ ਬੇਹੱਦ ਜਰੂਰੀ ਹੈ ਅਤੇ ਸਾਨੂੰ ਚੰਗੇ ਸਮਾਜ ਦੀ ਸਿਰਜਣਾ ਲਈ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਸਮਾਜਿਕ ਕੁਰੀਤੀਆਂ ਖਿਲਾਫ ਹਰ ਇਕ ਇਨਸਾਨ ਨੂੰ ਜਿੰਮੇਵਾਰੀ ਨਿਭਾਉਣੀ ਚਾਹੀਦੀ ਹੈ ਅਤੇ ਗੁਰੂ ਸਹਿਬਾਨਾਂ ਦੇ ਜੀਵਨ ਤੇ ਸਾਡੇ ਵਡਮੁੱਲੇ ਇਤਿਹਾਸ ਬਾਰੇ ਆਪਣੇ ਬੱਚਿਆਂ ਨੂੰ ਵਿਸਥਾਰ ਸਹਿਤ ਜਾਣਕਾਰੀ ਦੇਣੀ ਚਾਹੀਦੀ ਹੈ।

ਮੁੱਖ ਮਹਿਮਾਨ ਕੌਮੀ ਸਕੱਤਰ ਜਨਰਲ ਬਲਵਿੰਦਰ ਸਿੰਘ ਜੰਮੂ, ਸੂਬਾ ਪ੍ਰਧਾਨ ਬਲਵੀਰ ਸਿੰਘ ਜੰਡੂ, ਸੂਬਾ ਕਾਰਜਕਾਰੀ ਪ੍ਰਧਾਨ ਜੈ ਸਿੰਘ ਛਿੱਬਰ ਅਤੇ ਮਾਲਵਾ ਜੋਨ ਦੇ ਇੰਚਾਰਜ ਸੰਤੋਖ ਸਿੰਘ ਗਿੱਲ ਨੇ ਪੱਤਰਕਾਰਾਂ ਨੂੰ ਦਰਪੇਸ਼ ਮੁਸ਼ਕਲਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਦੇਸ਼ ਭਰ ਵਿਚ ਪੱਤਰਕਾਰਾਂ 'ਤੇ ਹੋ ਰਹੇ ਹਮਲਿਆਂ ਦੀ ਰੋਕਥਾਮ ਲਈ ਸਖਤ ਕਾਨੂੰਨ ਬਣਾਉਣ ਦੀ ਲੋੜ ਹੈ। ਉਨ੍ਹਾਂ ਪ੍ਰੈਸ ਕਲੱਬ ਭਗਤਾ ਭਾਈ ਵੱਲੋਂ ਪੱਤਰਕਾਰੀ ਦੇ ਫ਼ਰਜ਼ਾਂ ਦੇ ਨਾਲ ਨਾਲ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦੀ ਜ਼ੋਰਦਾਰ ਸਲਾਘਾ ਕੀਤੀ। ਇਸ ਦੌਰਾਨ ਜੰਮੂ ਨੇ ਕਿਸਾਨੀ ਦੇ ਹਿੱਤਾਂ ਲਈ ਕਿਸਾਨ ਜਥੇਬੰਦੀਆਂ ਨੂੰ ਇਕ ਮੰਚ ਤੇ ਇਕੱਠੇ ਹੋਕੇ ਤਿੱਖੇ ਸੰਘਰਸ਼ ਦੀ ਅਪੀਲ ਕੀਤੀ।

ਜ਼ਿਕਰਯੋਗ ਹੈ ਕਿ ਪ੍ਰੈਸ ਕਲੱਬ ਵੱਲੋਂ ਰਿਲੀਜ਼ ਕੀਤੇ ਗਏ ਕੈਲੰਡਰ ਵਿਚ ਸਰਕਾਰੀ ਛੁੱਟੀਆਂ, ਮਹੱਤਵਪੂਰਨ ਦਿਵਸ ਤੇ ਦਿਹਾੜਿਆਂ ਬਾਰੇ ਜਾਣਕਾਰੀ ਦੇਣ ਤੋਂ ਇਲਾਵਾ ਇਕ ਵਿਸ਼ੇਸ਼ ਚਿਤਰ ਰਾਹੀਂ ਲੋਕਾਂ ਨੂੰ ਕਿਸਾਨ, ਪੰਛੀ, ਬੇਟੀ, ਪਾਣੀ ਅਤੇ ਦਰੱਖਤ ਬਚਾਉਣ ਦੀ ਅਪੀਲ ਕੀਤੀ ਗਈ ਹੈ। ਇਸ ਤੋਂ ਇਲਾਵਾ ਪ੍ਰੈਸ ਕਲੱਬ ਵੱਲੋਂ ਪਿਛਲੇ ਸਮੇਂ ਦੌਰਾਨ ਸਮਾਜ ਭਲਾਈ ਦੇ ਕੀਤੇ ਕਾਰਜਾਂ ਨੂੰ ਵੀ ਤਸਵੀਰਾਂ ਰਾਹੀਂ ਜਾਣੂ ਕਰਵਾਇਆ ਗਿਆ ਹੈ।

ਇਸ ਮੌਕੇ ਪ੍ਰੈਸ ਕਲੱਬ ਵੱਲੋਂ ਅਵਨੀਤ ਕੌਰ ਸਿੱਧੂ ਏ.ਆਈ.ਜੀ, ਸੀ.ਆਈ.ਡੀ ਜੋਨ ਬਠਿੰਡਾ ਨੂੰ ਧੀਆਂ ਦਾ ਮਾਣ ਐਵਾਰਡ ਨਾਲ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਬਲਵਿੰਦਰ ਸਿੰਘ ਜੰਮੂ, ਬਲਵੀਰ ਸਿੰਘ ਜੰਡੂ, ਜੈ ਸਿੰਘ ਛਿੱਬਰ ਤੇ ਸੰਤੋਖ ਸਿੰਘ ਗਿੱਲ ਦਾ ਵੀ ਸਨਮਾਨ ਕੀਤਾ ਗਿਆ।

ਜ਼ਿਲ੍ਹਾ ਕਨਵੀਨਰ ਪਰਵਿੰਦਰ ਸਿੰਘ ਜੌੜਾ ਨੇ ਮੁੱਖ ਮਹਿਮਾਨ ਸਮੇਤ ਪਹੁੰਚੀਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ। ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਲਛਮਣ ਸਿੰਘ ਮਲੂਕਾ ਨੇ ਬਾਖੂਬੀ ਨਿਭਾਈ।

# ਵਿਵਾਦਾਂ 'ਚ ਘਿਰਿਆ ਪੰਜਾਬੀ ਗਾਇਕ ਰਾਏ ਜੁਝਾਰ, ਸਰੀ ਦੀ ਪ੍ਰੀਤੀ ਰਾਏ ਲਗਾਏ ਦੋਸ਼

ਚੰਡੀਗੜ੍ਹ: ਪੰਜਾਬ ਦੇ ਜ਼ਿਲ੍ਹੇ ਜਲੰਧਰ ਤੋਂ ਪੰਜਾਬੀ ਗਾਇਕ ਰਾਏ ਜੁਝਾਰ ਖਿਲਾਫ਼ ਸਰੀ ਦੀ ਪ੍ਰੀਤੀ ਰਾਏ ਨੇ ਐਫਆਈਆਰ ਦਰਜ ਕੀਤੀ ਗਈ ਹੈ। ਪੁਲਿਸ ਨੇ ਪ੍ਰੀਤੀ ਰਾਏ ਦੀ ਸ਼ਿਕਾਇਤ 'ਤੇ ਰਾਏ ਜੁਝਾਰ ਦੇ ਖ਼ਿਲਾਫ਼ ਧਾਰਾ 376, 406, 420 ਤਹਿਤ ਕੇਸ ਦਰਜ ਕਰ ਕੀਤਾ ਹੈ। ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ 2006 ਵਿੱਚ ਰਾਏ ਜੁਝਾਰ ਨੇ ਕੈਨੇਡੀਅਨ ਨਾਗਰਿਕ ਔਰਤ ਨੂੰ ਵਰਗਲਾ ਕੇ ਉਸ ਦਾ ਸਰੀਰਕ ਸ਼ੋਸ਼ਣ ਕਰਨ ਦੇ ਨਾਲ-ਨਾਲ ਉਸ ਨਾਲ ਕਰੋੜਾਂ ਰੁਪਏ ਦੀ ਠੱਗੀ ਮਾਰੀ ਹੈ।

ਇਸ ਦੇ ਨਾਲ ਹੀ ਪ੍ਰੀਤੀ ਰਾਏ ਨੇ ਸਰੀ 'ਚ ਇੱਕ ਪ੍ਰੈੱਸ ਕਾਨਫਰੰਸ ਕਰਕੇ ਪੰਜਾਬੀ ਗਾਇਕ ਰਾਏ ਜੁਝਾਰ 'ਤੇ ਗੰਭੀਰ ਇਲਜ਼ਾਮ ਲਾਏ ਹਨ। ਔਰਤ ਨੇ ਆਪਣੀ ਸ਼ਿਕਾਇਤ ਵਿੱਚ ਕਿਹਾ ਹੈ ਕਿ ਰਾਜਾ ਗਾਰਡਨ ਕਾਲੋਨੀ ਦੇ ਰਹਿਣ ਵਾਲੇ ਪੰਜਾਬੀ ਗਾਇਕ ਰਾਏ ਜੁਝਾਰ ਨੇ ਉਸ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਅਤੇ ਸਰੀਰਕ ਸ਼ੋਸ਼ਣ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਨੇ ਵਿਆਹ ਦੇ ਬਹਾਨੇ ਕਾਰੋਬਾਰ ਅਤੇ ਜਾਇਦਾਦ ਖਰੀਦਣ ਦੇ ਬਹਾਨੇ ਉਸ ਨਾਲ ਕਰੋੜਾਂ ਰੁਪਏ ਦੀ ਠੱਗੀ ਮਾਰੀ ਹੈ।

ਔਰਤ ਨੇ ਦੱਸਿਆ ਕਿ ਉਹ ਕੈਨੇਡਾ ਦੇ ਸਰੀ 'ਚ ਰਹਿ ਰਹੀ ਹੈ ਅਤੇ ਉਸਦੇ ਪਰਿਵਾਰ ਦਾ ਸਰੀ 'ਚ ਕਾਰੋਬਾਰ ਹੈ। ਉਹ 2006 ਵਿੱਚ ਜਲੰਧਰ ਸਥਿਤ ਪੰਜਾਬੀ ਗਾਇਕ ਰਾਏ ਜੁਝਾਰ ਨੂੰ ਮਿਲੀ ਸੀ।

ਕਿਸ ਤਰ੍ਹਾਂ ਦੇ ਲੱਗੇ ਗਾਇਕ ਉਤੇ ਇਲਜ਼ਾਮ

ਆਪਣੀ ਗੱਲਬਾਤ ਦੌਰਾਨ ਪ੍ਰੀਤੀ ਰਾਏ ਨੇ ਦੱਸਿਆ ਕਿ ਦੋਵਾਂ ਵਿਚਾਲੇ ਗੱਲਬਾਤ 2006 ਵਿੱਚ ਕੈਨੇਡਾ ਦੇ ਇੱਕ ਸ਼ੋਅ ਤੋਂ ਬਾਅਦ ਸ਼ੁਰੂ ਹੋਈ ਸੀ, ਜਿੱਥੇ ਰਾਏ ਜੁਝਾਰ ਸ਼ੋਅ ਕਰਨ ਲਈ ਆਇਆ ਸੀ, ਉਸ ਸ਼ੋਅ ਵਿੱਚ ਉਸ ਨੂੰ ਰਾਏ ਜੁਝਾਰ ਦੇ ਹੱਥੋਂ ਮਿਸ ਪੰਜਾਬਣ ਦਾ ਖਿਤਾਬ ਮਿਲਿਆ, ਜਿਸ ਤੋਂ ਬਾਅਦ ਰਾਏ ਜੁਝਾਰ ਨੇ ਉਸ ਨੂੰ ਆਪਣਾ ਮੋਬਾਈਲ ਨੰਬਰ ਦਿੱਤਾ, ਜਿਸ ਤੋਂ ਬਾਅਦ ਜੁਝਾਰ ਨੇ ਉਸ ਨੂੰ ਆਪਣੇ ਪਿਆਰ ਵਿੱਚ ਫਸਾਇਆ ਅਤੇ ਉਸਨੂੰ ਕੈਨੇਡਾ ਵਿੱਚ ਮਿਲਣ ਲਈ ਕਿਹਾ। ਇਸ ਦੌਰਾਨ ਦੋਵਾਂ ਦੀ ਮੁਲਾਕਾਤ ਕੈਨੇਡਾ 'ਚ ਹੋਈ।

ਪ੍ਰੀਤੀ ਰਾਏ ਨੇ ਦੱਸਿਆ ਕਿ ਇਸ ਦੌਰਾਨ ਜੁਝਾਰ ਨੇ ਉਸ ਨੂੰ ਦੱਸਿਆ ਕਿ ਉਹ ਬੈਚਲਰ ਹੈ। ਇਸ ਦੌਰਾਨ ਜੁਝਾਰ ਦੇ ਭਾਰਤ ਪਰਤਣ ਤੋਂ 10 ਦਿਨ ਬਾਅਦ ਉਹ ਵੀ ਭਾਰਤ ਪਰਤ ਆਈ। ਇਸ ਦੌਰਾਨ ਜਦੋਂ ਪ੍ਰੀਤੀ ਰਾਏ ਨੇ ਪਰਿਵਾਰ ਨਾਲ ਜੁਝਾਰ ਨਾਲ ਵਿਆਹ ਕਰਵਾਉਣ ਦੀ ਗੱਲ ਕੀਤੀ ਤਾਂ ਪਰਿਵਾਰ ਨੇ ਵਿਆਹ ਤੋਂ ਇਨਕਾਰ ਕਰ ਦਿੱਤਾ, ਜਿਸ ਤੋਂ ਬਾਅਦ ਉਹ ਕੈਨੇਡਾ ਵਾਪਸ ਚਲੀ ਗਈ।

ਔਰਤ ਨੇ ਅੱਗੇ ਦੱਸਿਆ ਕਿ 2007 'ਚ ਜੁਝਾਰ ਨੇ ਉਸ ਨੂੰ ਫਿਰ ਭਾਰਤ ਬੁਲਾਇਆ ਅਤੇ ਕਿਹਾ ਕਿ ਪਰਿਵਾਰ ਦੀ ਸਹਿਮਤੀ ਤੋਂ ਬਿਨਾਂ ਦੋਵਾਂ ਨੂੰ ਵਿਆਹ ਕਰ ਲੈਣਾ ਚਾਹੀਦਾ ਹੈ, ਬਾਅਦ 'ਚ ਪਰਿਵਾਰ ਆਪ ਹੀ ਰਾਜ਼ੀ ਹੋ



ਜਾਵੇਗਾ। ਇਸ ਦੌਰਾਨ ਜੁਝਾਰ ਨੇ ਕਿਹਾ ਕਿ ਮੈਂ ਗਾਇਕ ਹਾਂ, ਇਸ ਲਈ ਉਹ ਲੋਕਾਂ ਦੇ ਸਾਹਮਣੇ ਦਿਖਾਵਾ ਕਰਕੇ ਵਿਆਹ ਨਹੀਂ ਕਰਨਾ ਚਾਹੁੰਦਾ।

ਪ੍ਰੀਤੀ ਰਾਏ ਨੇ ਦੱਸਿਆ ਕਿ ਮੈਂ ਜੁਝਾਰ ਦੀਆਂ ਗੱਲਾਂ ਤੋਂ ਪ੍ਰਭਾਵਿਤ ਹੋ ਕੇ ਉਸ ਨਾਲ ਸਾਦਾ ਵਿਆਹ ਕਰਵਾ ਲਿਆ।

ਜਿਸ ਦੀ ਫੋਟੋ ਉਸ ਕੋਲ ਹੈ, ਜਦੋਂ ਕਿ ਜੁਝਾਰ ਨੇ ਵਿਆਹ ਦੇ ਬਰਾਤ ਦੀ ਫੋਟੋ ਇਹ ਕਹਿ ਕੇ ਨਹੀਂ ਦਿੱਤੀ ਕਿ ਫੋਟੋ ਦਾ ਪ੍ਰਿੰਟ ਖਰਾਬ ਹੋ ਗਿਆ ਹੈ। ਦੋਵੇਂ ਵਿਆਹ ਤੋਂ 20 ਦਿਨਾਂ ਬਾਅਦ ਕੈਨੇਡਾ ਚਲੇ ਗਏ ਸਨ। ਪਰ ਕੁਝ ਦਿਨਾਂ ਬਾਅਦ ਜੁਝਾਰ ਭਾਰਤ ਵਾਪਸ ਆ ਗਿਆ। ਭਾਰਤ ਵਿੱਚ ਕਾਰੋਬਾਰ ਕਰਨ ਲਈ ਉਸ ਨੇ 30 ਲੱਖ ਰੁਪਏ ਦਾ ਡਰਾਫਟ ਬਣਾ ਕੇ ਜੁਝਾਰ ਨੂੰ ਦੇ ਦਿੱਤਾ, ਜਿਸ ਤੋਂ ਬਾਅਦ ਉਹ ਅਤੇ ਜੁਝਾਰ ਕਪੂਰਥਲਾ ਰਹਿਣ ਲੱਗੇ। ਜਿੱਥੇ ਜੁਝਾਰ ਨੇ ਜਾਇਦਾਦ ਖਰੀਦਣ ਦੇ ਨਾਂਅ 'ਤੇ ਉਸ ਨਾਲ ਪੈਸੇ ਦੀ ਠੱਗੀ ਮਾਰੀ।

ਪ੍ਰੀਤੀ ਰਾਏ ਨੇ ਦੱਸਿਆ ਕਿ ਹੁਣ ਜਦੋਂ ਉਹ ਸਤੰਬਰ 2024 'ਚ ਭਾਰਤ ਆਈ ਤਾਂ ਜੁਝਾਰ ਨੇ ਉਸ ਨੂੰ ਮੈਸਜਾ ਵਿੱਚ ਅਸਿੱਧੇ ਤੌਰ ਤੇ ਧਮਕੀਆਂ ਦੇ ਰਿਹਾ ਕੀ ਪੰਜਾਬ ਵਿੱਚ ਕੁਝ ਵੀ ਹੋ ਸਕਦਾ ਆ ਐਕਸੀਡੈਂਟ ਵੀ ਹੋ ਸਕਦਾ। ਜਿਸ ਤੋਂ ਬਾਅਦ ਪ੍ਰੀਤੀ ਰਾਏ ਨੇ ਜੁਝਾਰ ਖਿਲਾਫ ਕੇਸ ਦਰਜ ਕਰਕੇ ਇਨਸਾਫ਼ ਦੀ ਗੁਹਾਰ ਲਗਾਈ ਹੈ।


Fresh Sugarcane juice is available at all Fruiticana locations
HAPPY LOHRI
fruiticana hee jaana!
BIGGEST SALE IN CANADA
UNBEATABLE EXTRA SUPER SPECIAL
Yellow Onions 50 lbs
ਪੀਲੇ ਗੰਢੇ
YELLOW ONIONS
$10.98 bag
EXTRA SUPER SUPER SPECIAL
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$2.98 ea.
SUPER SPECIAL
Roma & Regular Tomatoes
ਰੋਮਾ ਜਾ ਰੈਗੂਲਰ ਟਮਾਟਰ
$1.49 lb
Ambrosia Apples BC
ਬੀਸੀ ਅਮਬਰੋਜ਼ੀਆ ਸੇਬ BC
69¢ lb
BC Gala Apples
ਗਾਲਾ ਸੇਬ ਬੀਸੀ
79¢ lb
Reg. Large Eggplant
ਵੱਡੇ ਬਤਾਊਂ
88¢ ea.
Fresh Methi
ਤਾਜ਼ਾ ਮੇਥੀ
$1.99 bunch
Indican Tea 216's
ਇੰਡੀਕਨ ਚਾਹ
$4.98 box
BIGGEST LOHRI SPECIALS
Roasted Peanuts in Shell
ਭੁੱਜੀ ਮੂੰਗਫਲੀ
$1.98 lb
Indian Roasted Peanuts in Shell (Fire Roasted)
ਭੁੰਨੇ ਹੋਏ ਮੂੰਗਫਲੀ ਸ਼ੈੱਲ ਵਿੱਚ
$2.99 lb
Gur or Sugar Rewdi
ਰੇਵੜੀ (ਗੁੜ ਅਤੇ ਖੰਡ)
$2.99 lb
Gur Gachak 400 g (Indican)
ਗੁਰ ਗਚਕ ਇੰਡੀਕਨ
$2.99 ea.
Rapini (Sarson da Saag)
ਸਰਸੋਂ ਦਾ ਸਾਗ
$2.99 bunch
Fresh Moli (Daikon)
ਮੂਲੀ
99¢ lb
Fresh Sugar Cane
ਤਾਜ਼ੇ ਗੰਨੇ
$3.99 ea.
Broccoli Crown
ਬਰੌਕਲੀ ਕਰਾਊਨ
$1.48 lb
Punjabi Makhani (Whipped Butter) Foothill 500 g
ਪੰਜਾਬੀ ਮੱਖਣੀ
$10.99 ea.
Fresh Ginger
ਤਾਜ਼ਾ ਅਦੱਰਕ
$1.88 lb
Fresh Okra
ਭਿੰਡੀ
$2.99 lb
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.88 bag
Zucchini Squash
ਜ਼ੁਕੀਨੀ ਸਕੁਐਸ਼
78¢ lb
Brar Malai Paneer 375 g
ਬਰਾੜ ਮਲਾਈ ਪਨੀਰ
$3.99 pkg.
Cilantro
ਧਣੀਆ
2 bunches for $1.29
English Cucumbers
ਇੰਗਲਿਸ਼ ਖੀਰੇ
2 for $1.50
Seedless Oranges (Small)
ਛੋਟਾ ਸੰਤਰੇ (ਬਿਨਾ ਬੀਜ ਤੋਂ)
99¢ lb
Red Delicious Apples BC
ਲਾਲ ਸਵਾਦ ਸੇਬ ਬੀਸੀ
79¢ lb
Red Lentil Whole, Red Lentil Split, Black Chana & Chick Peas 4 lbs (Indican)
$3.98 bag
Fine Cane Sugar (Indican) 8 lbs
ਗੰਨੇ ਦੀ ਖੰਡ 8lbs
$5.99 bag
Raw Almonds
ਕੱਚੇ ਬਦਾਮ
$4.99 lb
Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$11.98 bottle
Indican Punjabi Biscuits 1.5 lbs
ਇੰਡੀਕਨ ਪੰਜਾਬੀ ਕੁਕੀਜ਼
$5.98 pkg.
Thur Jan 09, 2025 - Wed Jan 15, 2025
We reserve the right to limit the quantities while they last
Specials valid for Lower Mainland only
23 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS 9 AM - 8 PM 7 DAYS A WEEK
THE SOUTH SURREY/WHITE ROCK FRUITICANA NOW OPEN AT 1812, 152ND ST.
Newton 13783 72nd Ave. Surrey 604-590-2080
Newton 13174 64th Ave. Surrey 604-598-9220
Scott Road 12047 80th Ave. Surrey 604-591-5032
Scott Road 104-7028 120th St. 604-590-8864
Cedar Hills 12867 96th Ave. Surrey 604-588-6620
Fleetwood 101-15933 Fraser Hwy 604-593-5163
Fleetwood 15230 84 Ave. 236-317-6272
Surrey 12990 72nd Ave. 604-503-5510
Surrey 12788 76A Ave. Surrey 604-597-1676
Surrey 16788 64 Ave. 604-372-2023
Surrey 101-7228 192St. 604-575-3750
Surrey 101-1812 152St. 604-539-5736
New Westminster 101-331 6th St. 604-395-3595
Abbotsford 2785 Bourquin Crescent W. 604-744-0328
Abbotsford 31205 Maclure Rd. 604-504-5877
Port Coquitlam 2807 Shaughnessy St. 604-464-0822
Vancouver 6257 Fraser St. 604-321-9931
Richmond 4101 No.5 Rd. 604-244-9520